RNI No. - PUNPUN/2022/82997
ISSN : 2584-1211

# ਆਪਣੀ ਆਵਾਜ਼

## अपनी आवाज़

## APNI AAWAAZ


| Vol. 4 | Issue 3 | October 2025 | Punjabi Monthly | Published at Jalandhar | Price : Your Love & Affection | Page : 68 |
|---|---|---|---|---|---|---|
| ਸਾਲ 4 | ਅੰਕ 3 | ਅਕਤੂਬਰ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ : ਤੁਹਾਡਾ ਪਿਆਰ | ਸਫ਼ੇ 68 |




ਫੋਟੋ : ਨੱਕਾਸ਼ ਚਿੱਤੇਆਣੀ

| ਸਾਲ 4 | Vol. 4 | ਅੰਕ 3 | Issue 3 | ਮਾਸਿਕ | Monthly | ਅਕਤੂਬਰ 2025 | October 2025 |
|---|---|---|---|---|---|---|---|

# Apni Aawaaz

Punjabi Monthly

**Editorial Board**

**Chief Editor**

Surinder Singh Sunner
693-GTB Nagar, Jalandhar Punjab
e-mail : ssunner@gmail.com

**Editor :**

Dr. Ram Murti
Village Mallian Khurd,
Tehsil Nakodar (144623)
e-mail : rammurti2014@gmail.com

**Members :**

Sant Sandhu
Surinder Khiwa
Baljit Singh Sangha

**Advisory Board :**

Prof. Harjit Singh Ashak (U.K.)
Principal Kulwinder Singh Sarai
Prof. Kulwant Aujla
Amarjit Kaur Sidhu

**Contact :**

+9194174-49665
+9198725-21575
Email : apniaawaazjal@gmail.com
Website : aapniawaaz.com

## ਇਸ ਅੰਕ ਵਿੱਚ

| | | |
|---|---|---|
| 1. ਸੰਪਾਦਕੀ – ਪੰਜਾਬੀਆਂ ਵਿੱਚ ਉਲਾਰਵਾਦ ਦੀ ਸਮੱਸਿਆ | ਡਾ. ਰਾਮ ਮੂਰਤੀ | 3 |
| 2. ਬਾਰਾਮਾਹ | ਸੁਰਿੰਦਰ ਸਿੰਘ ਸੁੰਨੜ | 4 |
| 3. ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜ-ਸਭਿਆਚਾਰਕ.. | ਡਾ. ਕੁਲਵਿੰਦਰ ਕੌਰ | 7 |
| 4. ਕਸ਼ਮੀਰ ਦੀ ਡਾਇਰੀ | ਚੇਤਨ ਸਿੰਘ | 12 |
| 5. ਕਾਮਰੇਡ ਗੁਰਦਾਸ ਦਾ ਜੀਵਨ ਸੰਘਰਸ਼ | ਇੰਜ. ਸੀਤਲ ਸਿੰਘ ਸੰਘਾ | 15 |
| 6. ਕਰਮਸ਼ੀਲ ਲੇਖਕ : ਜੁਗਿੰਦਰ ਸਿੰਘ ਸੰਧੂ | ਗੁਰਮੀਤ ਕੜਿਆਲਵੀ | 25 |
| 7. ਇਕ ਲੱਪ ਯਾਦਾਂ ਦੀ – ਕਾਂਡ-2 | ਭੁਪਿੰਦਰ ਉਸਤਾਦ | 28 |
| 8. ਕਵਿਤਾਵਾਂ – ਉਦੋਂ ਕੀ ਵਾਪਰਦਾ ? / ਸੁਪਨਿਆਂ ਦੀ ਵਹੀ | ਕਰਨਜੀਤ ਕੋਮਲ | 35 |
| 9. ਸਬਰ, ਸ਼ੁਕਰ ਤੇ ਅਰਦਾਸ | ਜਸਪ੍ਰੀਤ ਕੌਰ ਸੰਘਾ | 36 |
| 10. ਸ਼ਬਦ ਸੁਨੇਹੇ ਨੂੰ ਸਮਝਦੇ ਨਹੀਂ ਤੇ ਨਾ ਹੀ ਅਮਲ ਚ ਗੁੰਦਦੇ ..... | ਡਾ. ਅਮਰਜੀਤ ਸਿੰਘ ਟਾਂਡਾ | 37 |
| 11. ਬੰਦੇ ਦਾ ਮੁੱਲ | ਬਲਜਿੰਦਰ ਮਾਨ | 39 |
| 12. ਡਾ. ਗੁਰਚਰਨ ਕੌਰ ਕੋਚਰ ਦੀਆਂ ਦੋ ਗ਼ਜ਼ਲਾਂ | ਡਾ. ਗੁਰਚਰਨ ਕੌਰ ਕੋਚਰ | 41 |
| 13. ਕਵਿਤਾ – ਸਾਕ | ਰੋਹਿਤ ਸਿੱਧੂ 'ਅਲੱਗ' | 42 |
| 14. ਪੰਜਾਬੀ ਅਤੇ ਸੰਸਕ੍ਰਿਤ-1 | ਨਾਜਰ ਸਿੰਘ | 43 |
| 15. ਡਾਕਟਰ ਕੀਰਤੀ ਕੇਸਰ : ਕੁਝ ਯਾਦਾਂ | ਡਾ. ਸੀਮਾ ਜੈਨ | 46 |
| 16. ਅਨੂਪਮ ਕਿਸਮ ਦੀ ਵਾਰਤਕ 'ਜਿਨ੍ਹਾ ਦਿਸੰਦੜਿਆ ਦੁਰਮਤ ਵੰਞੈ'- ਕਰਤਾ ਡਾ ਜਸਵੰਤ ਸਿੰਘ ਨੇਕੀ | ਡਾ. ਰਾਮ ਮੂਰਤੀ | 48 |
| 17. ਕਵਿਤਾਵਾਂ-ਨਿਪਾਲ ਦੇਸ਼ ਦੀ ਤ੍ਰਾਸਦੀ/ਦਰਿਆਵਾਂ ਦੇ ਵਹਿਣ | ਹਰਪ੍ਰੀਤ ਪੱਤੋ | 52 |
| 18. ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ | ਜਗਦੀਸ਼ ਰਾਏ ਕੁਲਰੀਆ | 53 |
| 19. ਲਾਲ ਫੀਤਾਸ਼ਾਹੀ ਤੇ ਪੈਰ ਟਿਕਾਊ | ਕੁਸਮ ਆਂਚਲ | 59 |
| 20. ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ (ਪਾ.੧੦) | ਗੁਰਚਰਨਜੀਤ ਸਿੰਘ ਲਾਂਬਾ | 62 |
| 21. ਸੱਥ ਵਿੱਚ ਠਠੇਰਿਆਂ ਦਾ ਆਉਣਾ | ਜੈਲਦਾਰ ਹਸਮੁੱਖ ਸਿੰਘ | 65 |
| 22. ਪੈੜ ਜਗੀਰੋ ਦੀ | ਸੰਤ ਸਿੰਘ ਸੰਧੂ | 66 |

**ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।**

**ਆਪਣੀ ਆਵਾਜ਼**

693-ਗੁਰੂ ਤੇਗ ਬਹਾਦਰ ਨਗਰ,
ਜਲੰਧਰ, ਪੰਜਾਬ-144001

**APNI AAWAAZ**

693 - Guru Teg Bahadur Nagar,
Jalandhar, Punjab-144001

**ਇਸ ਮੈਗਜ਼ੀਨ ਦੇ ਸਾਰੇ ਕਾਮੇ ਆਨਰੇਰੀ ਹਨ**



# ਪੰਜਾਬੀਆਂ ਵਿੱਚ ਉਲਾਰਵਾਦ ਦੀ ਸਮੱਸਿਆ

ਉਂਝ ਤਾਂ ਪੰਜਾਬੀ ਲੋਕਮਨ ਸਦੀਆਂ ਤੋਂ ਹੀ ਉਲਾਰਵਾਦੀ ਰਿਹਾ ਹੈ ਪਰ ਪਿਛਲੇ ਚਾਰ ਪੰਜ ਦਹਾਕਿਆਂ ਤੋਂ ਪੰਜਾਬੀ ਲੋਕਮਨ ਦੀ ਉਲਾਰਵਾਦ ਦੀ ਸਮੱਸਿਆ ਉਭਰ ਕੇ ਸਾਹਮਣੇ ਆਈ ਹੈ। ਸ਼ਾਇਦ ਇਸੇ ਕਰਕੇ ਇੱਥੇ 'ਤਾਏ ਦੀ ਧੀ ਚੱਲੀ ਮੈਂ ਵੀ ਕਿਉਂ ਰਹਾਂ ਕੱਲੀ' ਵਰਗੀਆਂ ਕਹਾਵਤਾਂ ਘੜੀਆਂ ਗਈਆਂ ਹਨ। ਇਹ ਕਹਾਵਤ ਲੋਕ ਮਨ ਦੀ ਪ੍ਰਤੀਤੀ ਹੀ ਕਰਵਾਉਂਦੀ ਹੈ। ਪਿਛਲੇ ਕਈ ਦਹਾਕਿਆਂ ਤੋਂ ਪੰਜਾਬੀਆਂ ਵਿੱਚ ਇਹ ਰੁਝਾਨ ਦੇਖਣ ਵਿੱਚ ਆਇਆ ਹੈ ਕਿ ਅਸੀਂ ਆਪਣੇ ਫੈਸਲੇ ਆਪਣੀ ਆਰਥਿਕਤਾ, ਸਮਾਜਿਕ ਸਥਿਤੀ, ਘਰੇਲੂ ਮਾਹੌਲ ਅਤੇ ਆਪਣੀ ਸਮਰੱਥਾ ਤੇ ਸਮਝ ਮੁਤਾਬਕ ਨਹੀਂ ਕਰਦੇ। ਸਗੋਂ ਅਸੀਂ ਆਪਣੇ ਫੈਸਲੇ ਗੁਆਂਢੀ ਨੂੰ ਵੇਖ ਕੇ ਉਸਦੀ ਰੀਸ ਕਰਨ ਵਿੱਚ ਕਰਦੇ ਹਾਂ। ਇਸੇ ਕਰਕੇ ਅਸੀਂ ਜਿੱਧਰ ਨੂੰ ਹੁੰਦੇ ਹਨ ਦੇ ਕੇ ਧੱਕਾ ਬਿਨਾਂ ਸੋਚੇ ਸਮਝੇ ਉਧਰ ਨੂੰ ਤੁਰ ਪੈਂਦੇ ਹਾਂ।

ਵਿਦੇਸ਼ ਜਾਣ ਦੀ ਲਲਕ ਵੀ ਪੰਜਾਬੀਆਂ ਦੀ ਇਸ ਉਲਾਰਵਾਦੀ ਮਾਨਸਿਕਤਾ ਦਾ ਹੀ ਸਿੱਟਾ ਹੈ। ਦੂਜੇ ਵੱਲ ਵੇਖ ਕੇ ਅਮੀਰ ਹੋਣ ਦੀ ਲਾਲਸਾ ਨੇ ਪੰਜਾਬੀਆਂ ਨੂੰ ਪੱਟ ਸੁੱਟਿਆ ਹੈ। ਦੇ ਕੇ ਧੱਕਾ ਕਨੇਡਾ ਵਰਗੇ ਮੁਲਕਾਂ ਵਿੱਚ ਜਾ ਵੜਨਾ। ਜਿੱਥੇ ਜਾ ਕੇ ਨਾ ਭਾਸ਼ਾ ਆਉਂਦੀ ਹੈ, ਨਾ ਕੋਈ ਕਸਬ ਆਉਂਦਾ ਹੈ, ਨਾ ਕੋਈ ਕੰਮ ਆਉਂਦਾ ਹੈ। ਉੱਥੇ ਜਾ ਕੇ ਪੰਜਾਬੀ ਕੰਮ ਦੀ ਤਲਾਸ਼ ਵਿੱਚ ਭਟਕਦੇ ਫਿਰਦੇ ਹਨ। ਆਉਂਦਾ ਆਪਣੇ ਆਪ ਨੂੰ ਕੁਝ ਨਹੀਂ ਤੇ ਬਦਨਾਮੀ ਕੈਨੇਡਾ ਦੀ ਕਿ ਉਹ ਉਨਾਂ ਨੂੰ ਕੰਮ ਨਹੀਂ ਦੇ ਰਹੇ। ਪੰਜਾਬੀ ਇੰਨੇ ਉਲਾਰਵਾਦੀ ਹਨ ਕਿ ਇਹ ਕਿਸੇ ਰਾਜਨੀਤਿਕ ਪਾਰਟੀ ਨੂੰ 92 ਸੀਟਾਂ ਦੇ ਕੇ ਜਿਤਾ ਵੀ ਸਕਦੇ ਹਨ ਤੇ ਇੱਕ ਪੁਰਾਣੀ ਪਾਰਟੀ ਨੂੰ ਤਿੰਨ ਸੀਟਾਂ ਦੇ ਕੇ ਹਰਾ ਵੀ ਸਕਦੇ ਹਨ। ਇਹ ਇੱਕ ਮਨੋਵਿਗਿਆਨਕ ਮਸਲਾ ਹੈ। ਪੰਜਾਬੀ ਜਿਸ ਨੂੰ ਸਿਰ ਤੇ ਚੁੱਕਣ ਲੱਗਦੇ ਹਨ ਉਸ ਨੂੰ ਬਿਨਾਂ ਸੋਚੇ ਸਮਝੇ ਅਰਸ਼ਾਂ ਤੱਕ ਪਹੁੰਚਾ ਦਿੰਦੇ ਹਨ ਅਤੇ ਜਿਸ ਦੀ ਵਿਰੋਧਤਾ ਕਰਨ ਲੱਗਦੇ ਹਨ ਉਸ ਨੂੰ ਬਿਨਾਂ ਸੋਚੇ ਵਿਚਾਰੇ ਪੈਰਾਂ ਤਲੇ ਕੁਚਲਣ ਵਿੱਚ ਵੀ ਦੇਰ ਨਹੀਂ ਲਾਉਂਦੇ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀਆਂ ਵਿੱਚ ਸੋਚਣ-ਸਮਝਣ, ਵਿਚਾਰਨ, ਅਧਿਅਨ-ਵਿਸ਼ਲੇਸ਼ਣ, ਚਿੰਤਨ-ਮਨਨ ਕਰਨ ਦੀ ਬਿਰਤੀ ਨਾ ਦੇ ਬਰਾਬਰ ਹੈ। ਇਸੇ ਲਈ ਅੱਜ ਸਾਡੇ ਬੱਚੇ ਦੇਸ਼ਾਂ ਵਿਦੇਸ਼ਾਂ ਵਿੱਚ ਮਾਰੇ ਮਾਰੇ ਫਿਰ ਰਹੇ ਹਨ ਅਤੇ ਉਹਨਾਂ ਨੂੰ ਜੀਣ ਥੀਣ ਲਈ ਕੋਈ ਵੀ ਥਾਂ ਟਿਕਾਣਾ ਨਹੀਂ ਮਿਲਦਾ। ਇਸ ਲਈ ਇਹ ਪੰਜਾਬੀਆਂ ਵਾਸਤੇ ਸੋਚਣ ਸਮਝਣ ਦੀ ਸਥਿਤੀ ਹੈ, ਇਕ ਮੌਕਾ ਹੈ, ਕਿ ਅਗਰ ਆਪਣੇ ਆਪ ਨੂੰ ਸੰਸਾਰ ਵਿੱਚ ਜਿਉਣ ਜੋਗੇ ਰੱਖਣਾ ਹੈ ਤਾਂ ਬਦਲ ਰਹੀ ਦੁਨੀਆ ਦੇ ਮੁਤਾਬਕ ਆਪਣੇ ਆਪ ਨੂੰ ਤਿਆਰ ਕਰਨਾ ਪਵੇਗਾ, ਸਿੱਖਿਅਤ ਹੋਣਾ ਪਵੇਗਾ। ਕਸਬ ਸਿੱਖਣੇ ਪੈਣਗੇ ਤੇ ਅੰਤਰਰਾਸ਼ਟਰੀ ਲੋੜਾਂ ਮੁਤਾਬਕ ਆਪਣੇ ਸਿੱਖਿਆ ਢਾਂਚੇ ਨੂੰ ਢਾਲਣਾ ਹੋਵੇਗਾ। ਭਾਰਤ ਸਰਕਾਰ ਇਸ ਪਾਸੇ ਕੁਝ ਯਤਨ ਕਰ ਵੀ ਰਹੀ ਹੈ। ਜਿਵੇਂ ਅੱਜ ਭਾਰਤ ਵਿੱਚ ਪ੍ਰਾਪਤ ਕੀਤੀਆਂ ਡਿਗਰੀਆਂ ਕਨੇਡਾ, ਅਮਰੀਕਾ ਅਤੇ ਆਸਟਰੇਲੀਆ ਵਰਗੇ ਮੁਲਕਾਂ ਦੀਆਂ ਡਿਗਰੀਆਂ ਦੇ ਬਰਾਬਰ ਹੋ ਗਈਆਂ ਹਨ। ਜਿੱਥੇ ਪਹਿਲਾਂ ਬੀਐਡ ਦੀ ਡਿਗਰੀ ਭਾਰਤ ਵਿੱਚ ਇੱਕ ਸਾਲ ਦੀ ਹੋਇਆ ਕਰਦੀ ਸੀ ਅੱਜ ਇਹ ਦੋ ਸਾਲ ਦੀ ਹੈ ਤੇ 'ਵਰਲਡ ਐਜੂਕੇਸ਼ਨ ਸਿਸਟਮ' (WES) ਦੇ ਮੁਤਾਬਕ ਇਹ ਡਿਗਰੀ ਵੀ ਹੁਣ ਵਿਸ਼ਵ ਪੱਧਰੀ ਬਣ ਗਈ ਹੈ। ਇਸ ਤਰ੍ਹਾਂ ਮਾਪਿਆਂ ਨੂੰ ਚਾਹੀਦਾ ਹੈ ਕਿ ਰੀਸ ਛੱਡ ਕੇ, ਉਲਾਰਵਾਦੀ ਹੋਣਾ ਛੱਡ ਕੇ, ਉਤਾਵਲਾਪਣ ਛੱਡ ਕੇ ਆਪਣੇ ਬੱਚਿਆਂ ਨੂੰ ਅੰਤਰਰਾਸ਼ਟਰੀ ਪੱਧਰ ਦੀ ਸਿੱਖਿਆ ਦੇ ਕੇ ਹੀ ਬਾਹਰਲੇ ਮੁਲਕਾਂ ਵੱਲ ਭੇਜਣ। ਜ਼ਿੰਦਗੀ ਦੇ ਬਾਕੀ ਮਰਹਲਿਆਂ ਵਿੱਚ ਵੀ ਪੰਜਾਬੀਆਂ ਨੂੰ ਇਹ ਉਲਾਰਵਾਦ ਛੱਡ ਕੇ ਅਧਿਅਨ ਵਿਸ਼ਲੇਸ਼ਣ ਕਰਕੇ ਆਪਣੇ ਸੰਤੁਲਿਤ ਫੈਸਲੇ ਲੈਣ ਦੀ ਜ਼ਰੂਰਤ ਹੈ ਭਾਵੇਂ ਉਹ ਖੇਤੀ ਹੋਵੇ, ਰਾਜਨੀਤੀ ਹੋਵੇ, ਅਰਥਚਾਰਾ ਹੋਵੇ, ਰਿਸ਼ਤੇ ਨਾਤੇ ਹੋਣ। ਉਹਨਾਂ ਸਾਰਿਆਂ ਵਿੱਚ ਹੀ ਜੇ ਅਸੀਂ ਆਪਣੀ ਸਥਿਤੀ ਤੇ ਸਮਰੱਥਾ ਮੁਤਾਬਕ ਸੋਚ ਸਮਝ ਕੇ ਫੈਸਲੇ ਲਵਾਂਗੇ ਤਾਂ ਜ਼ਿੰਦਗੀ ਵਿੱਚ ਜ਼ਰੂਰ ਕਾਮਯਾਬ ਹੋਵਾਂਗੇ ਤੇ ਪੰਜਾਬੀ ਸਮਾਜ ਵੀ ਪ੍ਰਗਤੀ ਦੀਆਂ ਰਾਹਾਂ ਤੇ ਤੁਰੇਗਾ।

- ਡਾ. ਰਾਮ ਮੂਰਤੀ

# ਬਾਰਾਂਮਾਹ

-ਸੁਰਿੰਦਰ ਸਿੰਘ ਸੁੰਨੜ



### ਚੇਤ

ਚੜ੍ਹਿਆ ਸੂਰਜ ਚੇਤ ਦਾ, ਚਾਲੂ ਹੋਇਆ ਸਾਲ।
ਗਿਣਤੀ ਸੂਰਜ ਚੜ੍ਹਨ ਦੀ, ਹੋਰ ਨਾ ਕੋਈ ਖਿਆਲ।

ਚੱਲੀ ਸੂਈ ਸਮੇਂ ਦੀ ਬਸ, ਫਿਰ ਚੱਲ ਸੋ ਚੱਲ।
ਰੋਕ ਸਕਣ ਦਾ ਇਸ ਨੂੰ, ਲੱਭਿਆ ਨਾ ਕੋਈ ਹੱਲ।

ਕੋਰੀ ਕਾਪੀ ਗਣਿਤ ਦੀ, ਹੱਥੀਂ ਹਿੰਦਸੇ ਪਾਏ।
ਮਰਜ਼ੀ ਦੇ ਨਾਲ ਫਾਥੀਏ! ਤੈਨੂੰ ਕੌਣ ਛੁਡਾਏ।

ਸੋਚ ਤੇਰੀ ਨੇ ਸੋਚਿਆ, ਸੋਚਣ ਜੋਗੀ ਹੋਈ।
ਸਬਜ਼ਬਾਗ ਸਮਝਣ ਲਈ, ਸਹਿਜੋਂ ਟੁੱਟ ਖਲੋਈ।

ਸੀਤਲ 'ਵਾ ਸੋਹਣਾ ਸਮਾਂ, ਬਣਿਆਂ ਧੁੰਦੂਕਾਰ।
ਮਿਰਗ ਤ੍ਰਿਸ਼ਨਾ ਵੇਖੀਏ, ਕੀ ਕਰਦੀ ਚਮਤਕਾਰ।

ਨਾ ਕੋਈ ਚਿੰਤਾ ਨਾ ਫ਼ਿਕਰ, ਗਰਭ ਜੂਨ ਦੇ ਦੇਸ।
ਕੱਟ ਹੋ ਗਿਆ ਨਾੜੂਆ, ਪੈਦਾ ਹੋ ਗਿਆ ਵੇਸ।

ਨਾ ਟੁੱਟਦਾ ਤਾਂ ਖਰਾ ਸੀ, ਹੁਣ ਤੇਰੀਆਂ ਜਾਣੇ ਤੂੰ,
ਚਰਖੇ ਵਾਂਗੂੰ ਚਰਖਿਆ, ਜਾਹ ਕਰਦਾ ਫਿਰ ਘੂੰ-ਘੂੰ।

### ਵੈਸਾਖ

ਵੈਸੇ ਤਾਂ ਵੈਸਾਖ ਵੀ, ਬਹੁਤਾ ਦੂਰ ਨਹੀਂ।
ਜਾਗ ਲੱਗ ਕੇ ਦੁੱਧ ਨੂੰ, ਬਣਿਆ ਅਜੇ ਦਹੀਂ।

ਸਾਖਾਂ ਅਜੇ ਕਰੂੰਬਲਾਂ, ਨੰਨੇ ਨੈਣ ਨਕਸ਼।
ਲੋਭ-ਮੋਹ ਨਹੀਂ ਜਨਮਿਆਂ, ਹੈਂਕੜ, ਕ੍ਰੋਧ, ਹਵਸ।

ਕੱਟਣਾ ਪੈਣਾ ਖਾਣ ਨੂੰ, ਜੋ ਆਪ ਪਕਾਇਆ ਖੇਤ।
ਬਾਗਵਾਨ ਫੁੱਲ ਤੋੜਦਾ, ਕਿਸ ਤੋਂ ਪੁੱਛੀਏ ਭੇਤ।

ਚੰਗੇ-ਚੋਖੇ ਖਾਣ ਦਾ, ਲੱਗਾ ਪੈਣ ਸਵਾਦ।
ਇੱਕ ਦਿਨ ਲੇਖਾ ਹੋਵਸੀਂ, ਇਹ ਵੀ ਰੱਖੀਂ ਯਾਦ।

ਸਵਾਦ ਸਦਾ ਨਾ ਰਹਿਣਗੇ, ਤੱਤਾਂ ਵਿੱਚੋਂ ਤੱਤ।
ਤਰਕੀਬਾਂ ਨਹੀਂ ਰਹਿਣੀਆਂ, ਮਰ ਮੁੱਕ ਜਾਣੀ ਮੱਤ।

ਹਾਲੇ ਕੁੱਝ ਨਾ ਵਿਗੜਿਆ, ਤਪਸ਼ ਵੱਲ ਨਾ ਤੁਰ।
ਤੂੰ ਵੀ ਖੁਦ ਨਹੀਂ ਜਾਣਦਾ, ਜੋ ਤੂੰ ਕਰਦਾਂ ਘੁਰ-ਘੁਰ।

### ਜੇਠ

ਜੇਠ ਵੱਡੇ ਨੂੰ ਆਖਦੇ, ਵੱਡਿਆਂ ਤੋਂ ਲੈ ਮੱਤ।
ਪਿਓ-ਦਾਦੇ ਦੇ ਵਾਂਗ ਤੇਰਾ ਵੀ, ਭੰਗ ਹੋਣਾ ਜਤ-ਸਤ।

ਤਪਸ ਵੱਲ ਨੂੰ ਤੁਰ ਪਿਓ, ਇਹ ਕੀ ਤੇਰੀ ਦੌੜ।
ਅਸਲੀ ਮਾਇਆ ਤਿਆਗ ਕੇ, ਕਰ ਲਿਆ ਝੁੱਗਾ ਚੌੜ।

ਹਿੰਙ ਲੱਗੀ ਨਾ ਫਟਕੜੀ, ਮਿਲ ਗਈ ਮਾਨਸ ਦੇਹ।
ਪਰ ਤੂੰ ਇਹ ਵੀ ਸਮਝ ਲੈ! ਖੇਹ ਨੇ ਹੋਣਾ ਖੇਹ।

ਕਰਜ਼ਾ ਚੁੱਕਣ ਲੱਗਿਆ। ਇੱਕ ਦਿਨ ਹੋਊ ਹਿਸਾਬ।
ਪਾਈ-ਪਾਈ ਦੇਣ ਲਈ, ਰੱਖੀਂ ਤਿਆਰ ਜਵਾਬ।

ਆਪਣੇ ਪੈਰੀਂ ਹੋਣ ਦਾ, ਤੈਨੂੰ ਬਹੁਤਾ ਮਾਣ।
ਇੱਕ ਦਿਨ ਐਸਾ ਆਵਸੀ, ਕੋਈ ਨਾ ਚੱਲੂ ਤਾਣ।

ਚਰਨ ਕਮਲ ਦਾ ਆਸਰਾ, ਛੱਡ ਤੁਰਿਓਂ ਤੂੰ ਆਪ।
ਤਪਸ਼ ਵਿੱਚੋਂ ਨਹੀਂ ਲੱਭਣਾ, ਠੰਡਕ ਵਰਗਾ ਸਾਕ।

### ਹਾੜ੍ਹ

ਹਾੜ੍ਹ ਮਹੀਨਾ ਚੜ੍ਹ ਪਿਆ, ਸੜਦਾ ਫਿਰੇ ਜਹਾਨ।
ਮਹੀਨਾ ਚੌਥਾ ਅਜੇ ਤਾਂ, ਥਿੜਕ ਰਿਹਾ ਇਮਾਨ।

ਧਰਤੀ ਤੱਤੀ ਹੋ ਗਈ, ਲੋਆਂ ਵਗਦੀਆਂ ਨਿੱਤ।
ਏਸ ਤਰ੍ਹਾਂ ਵੀ ਹੋਊਗੀ, ਨਾ ਮਨ ਤੇਰੇ ਨਾ ਚਿੱਤ।

ਖਾ ਖਰਬੂਜ਼ੇ, ਚਿੱਬੜਾਂ, ਕਰ 'ਲਾ ਪੂਰੇ ਸਵਾਦ।
ਪੈਰ-ਪੈਰ 'ਤੇ ਵੇਖ ਲਵੀਂ, ਨਾਨੀ ਆਊ ਯਾਦ।

ਸੋਹਣਾ ਤੁੰਮਾ ਵੇਖ ਕੇ, ਤੂੰ ਠੱਗਿਆ ਆਪਣਾ ਆਪ।
ਹਰ ਬਿਪਤਾ ਵਿੱਚ ਵੇਖ ਲਵੀਂ, ਭੱਜ ਖਲੋਣੇ ਸਾਕ।

ਆਪਣੇ ਪਿੰਡੋਂ ਚੱਲ ਕੇ, ਪਹੁੰਚਾਂ ਵਿੱਚ ਉਜਾੜ।
ਵੇਂਹਦਾ ਰਹਿ ਤੇ ਭੁਗਤ ਹੁਣ, ਅਜੇ ਤਾਂ ਚੜ੍ਹਿਆ ਹਾੜ੍ਹ।

ਰੱਕੜ ਭੂਮੀ ਹੋ ਗਈ, ਸੜ੍ਹਿਆ ਪਿਆ ਚੁਫੇਰ।
ਬੂੰਦ ਨਾ ਪਾਣੀ ਲੱਭਦਾ, ਇਹ ਕਰਮਾਂ ਦਾ ਗੇੜ।

**ਸਾਉਣ**

ਨਿੱਤ ਅਰਦਾਸਾਂ ਕੀਤੀਆਂ, ਤਾਂ ਫਿਰ ਆਇਆ ਹੈ ਸਾਉਣ।
ਵਿਰਲੇ-ਵਿਰਲੇ ਅੰਬਰੀਂ, ਬੱਦਲ ਲੱਗੇ ਭਾਉਣ।

ਕਿਣਮਿਣ ਹੋਈ ਅੰਬਰੋਂ, ਸੰਭਲ ਗਏ ਖੜਸੁੱਕ।
ਪਹਿਲੀਆਂ ਕਣੀਆਂ ਪਤਾ ਨਹੀਂ, ਕਿੱਥੇ ਗਈਆਂ ਲੁਕ।

ਬਾਰਸ਼ ਹੋਈ ਰੱਜ ਕੇ, ਆਇਆ ਸੁਖ ਦਾ ਸਾਹ।
ਜੇਠ-ਹਾੜ੍ਹ ਦੀ ਧੁੱਪ ਨੇ, ਕੱਢ ਰੱਖਿਆ ਸੀ ਤ੍ਰਾਹ।

ਤੀਆਂ ਲੱਗੀਆਂ ਤ੍ਰਿੰਝਣੀ, ਕੁੜੀਆਂ ਗਾਉਂਦੀਆਂ ਗੀਤ।
ਅੰਦਰ ਬਾਹਰ ਤਪਸ਼ ਜੋ, ਰਤਾ ਕੁ ਹੋਈ ਸੀਤ।

ਖੁੱਡੀ ਪਾਣੀ ਪੈ ਗਿਆ, ਸੱਪ-ਸਪੋਲ ਬੜੀ।
ਮੂਸਾ ਭੱਜਿਆ ਮੌਤ ਤੋਂ, ਅੱਗੇ ਮੌਤ ਖੜੀ।

ਸੁਣਦਾ ਨਹੀਂ ਮੈਂ ਕਿਸੇ ਦੀ, ਹੁਣ ਦੱਸ ! ਹੁਣ ਬੋਲ !!
ਹੱਥਾਂ ਦੇ ਨਾਲ ਦਿੱਤੀਆਂ, ਦੰਦਾਂ ਦੇ ਨਾਲ ਖੋਲ੍ਹ।

**ਭਾਦੋਂ**

ਦੋ ਭਾਅ ਹੋ ਗਏ ਸਮੇਂ ਦੇ, ਬਾਰਿਸ਼ ਨਾਲੇ ਹੁੱਟ।
ਸ਼ਸ਼ੋਪੰਜ ਵਿੱਚ ਸੋਚਦਾ, ਕਿੱਦਾਂ ਜਾਵਾਂ ਛੁੱਟ।

ਭਾਦੋਂ ਦਾ ਭਜਾਇਆ, ਸਾਧ ਹੋ ਗਿਆ ਜੱਟ।
ਮੰਗਣਾ ਵੀ ਨਾ ਆਂਵਦਾ, ਬੋਲ ਜਾਏ ਵੱਧ-ਘੱਟ।

ਸਾਉਣੀ ਫਸਲਾਂ ਉੱਗੀਆਂ, ਆਉਣ ਲੱਗਾ ਕੰਮ ਲੋਟ।
ਮੂੰਜੀ ਮਹਿਕੀ ਖੇਤ ਵਿੱਚ, ਮਟਰ, ਮੂਲੀਆਂ, ਮੋਠ

ਦੂਜੇ ਪਾਸੇ ਦੇਖੀਏ ! ਤਾਂ ਉਹ ਵੀ ਨਹੀਂਓ ਘੱਟ।
ਮੱਛਰ ਅਤੇ ਮਲੇਰੀਆ, ਕੱਢੀ ਜਾਂਦੈ ਵੱਟ।

ਕਰ ਚਾਤਰ ਚਤੁਰਾਈਆਂ, ਭੱਜ 'ਲਾ ਅੰਨ੍ਹੇਵਾਹ।
ਜਾਣ ਲਵੇਂਗਾ ਚਾਤਰਾ ! ਵਿਕਦੀ ਕਿਹੜੇ ਭਾਅ।

ਭਾਦੋਂ ਭਰਮ ਭਲਾਈਆਂ, ਨਾ ਉਸ ਪਾਰ ਨਾ ਇਸ।
ਕੋਈ ਨਾ ਸੁਣਦਾ ਕਿਸੇ ਦੀ, ਵੇਦਨ ਕਹੀਏ ਕਿਸ।

**ਅੱਸੂ**

ਆਸੁਣ ਬਹਿ ਕੇ ਬੰਦਿਆ ! ਭੁੱਲ ਜਾ ਓਤ ਤੇ ਪੋਤ।
ਪਿੱਛੇ ਮੁੜਨ ਦੀ ਅਜੇ ਵੀ, ਕਰ ਲੈ ਕੋਈ ਵਿਉਂਤ।

ਖੁਦ ਰਚ ਕੇ ਚੱਕਰਵਿਊ, ਵਿੱਚ ਫਸ ਗਿਆ ਆਪ।
ਤੈਨੂੰ 'ਕੱਲਾ ਫਸਿਆ ਦੇਖ ਕੇ, ਦੌੜ ਗਏ ਅੰਗ-ਸਾਕ।

ਦੱਦਾ ਦੋਸ਼ ਨਾ ਕਿਸੇ ਦਾ, ਸਭ ਤੇਰੀ ਕਰਤੂਤ।
ਤਾਣਾ ਤੂੰ ਉਲਝਾਇਆ, ਤੂੰ ਆਪ ਹੀ ਕਰਨਾ ਸੂਤ।

ਵੱਤਰ ਹੈ ਤੇ ਰੁੱਤ ਵੀ, ਹੁਣ ਪੂਰੀ ਕਰ 'ਲਾ ਰੀਝ।
ਭੁੱਲ ਕੇ ਵੀ ਨਾ ਬੀਜੀਏ, ਕਦੇ ਕਰੁੱਤਾ ਬੀਜ।

ਕੱਚੇ ਰੰਗਾਂ ਨਾਲ ਤੂੰ, ਹੁਣ ਬੈਠਾ ਰਿਸ਼ਤਾ ਜੋੜ।
ਪੱਕੇ ਰੰਗ ਨਾ' ਆਪ ਹੀ, ਤੂੰ ਕੀਤਾ ਤੋੜ ਵਿਛੋੜ।

ਆਪਣੇ ਅੰਦਰ ਝਾਕ ਤੂੰ, ਕਰਦੇ ਪਰਦੇ ਫਾਸ਼।
ਸੱਤਵੇਂ ਮਹੀਨੇ ਸੱਤ 'ਤੇ, ਆਸੁਣ ਕਰ ਵਿਸ਼ਵਾਸ।

**ਕੱਤਕ**

ਕੱਤੇ ਦੇ ਵਿੱਚ ਆਪ ਹੀ, ਕੱਤਣੇ ਪੈਣੇ ਕਰਮ।
ਮੀਂਹ ਗਏ, ਝੱਖੜ ਗਏ, ਰੁੱਤ ਹੋਈ ਮਾਸਾ ਨਰਮ।

ਹਾੜੀ ਬੀਜਣ ਵਾਸਤੇ, ਹੁਣ ਕਰ 'ਲਾ ਭੌਂਏ ਤਿਆਰ।
ਜਿਉਂ-ਜਿਉਂ ਮਿਹਨਤ ਕਰੇਂਗਾ, ਆਉਂਦਾ ਜਾਊ ਨਿਖ਼ਾਰ।

ਜਿੰਨਾ ਘਾਟਾ ਪੈ ਗਿਆ ਬਸ ! ਹੁਣ ਉਸਨੂੰ ਜਾ ਭੁੱਲ।
ਰਹਿੰਦੇ-ਖੂੰਹਦੇ ਬੇਰ ਵੀ, ਨਹੀਂ ਤਾਂ ਜਾਣੇ ਡੁੱਲ।

ਰੁੱਤ ਬਦਲੀ ਤੂੰ ਬਦਲ, ਘਰ ਪਰਤਣ ਦੀ ਸੋਚ।
ਪਰਦੇਸਾਂ ਵਿੱਚ ਰੁਲਣ ਦੀ, ਕਾਹਤੋਂ ਕਰਨੀ ਲੋਚ।

ਦਾਤਾ ਦੇ ਸਰਬੱਤ ਨੂੰ, ਇੱਕੋ-ਇੱਕ ਅਰਦਾਸ।
ਆਪਣੇ ਅੰਦਰ ਵਸਦੇ, ਦੋਸਾਂ ਦਾ ਮੰਗੀਏ ਨਾਸ਼।

ਕੱਤਣਾ ਤੇਰੀ ਕੀਰਤੀ, ਕੱਤਣਾ ਤੇਰੀ ਬੁੱਧ।
ਜੇ ਕੱਤਕ ਵਿੱਚ ਕੱਤੀਏ ਤਾਂ ਕਾਰਜ ਹੁੰਦੇ ਸੁੱਧ।

**ਮੱਘਰ**

ਮਨ ਘਰ ਦੇ ਵਿਚ ਵਸਦਾ, ਮਨ ਬੁੱਧ ਦਾ ਪ੍ਰਿਤਪਾਲ।
ਮਨ ਕਰਦਾ ਚਤਰਾਈਆਂ, ਪਰ ਇਕ ਨਾ ਚੱਲੇ ਨਾਲ।

ਪੁੰਗਰੀਆਂ ਫਸਲਾਂ, ਪੁੰਗਰ ਤੂੰ, ਮਨ ਨੂੰ ਦੇ ਹੁਣ ਮੋੜ।
ਪੁੰਗਰ ਕੇ ਸੀ ਵਿਛੜਿਆ, ਫਿਰ ਪੁੰਗਰ ਕੇ ਹੀ ਜੋੜ।

ਜਿਸਦੇ ਨਾਲ ਖਲੋਣ 'ਤੇ, ਸਭ ਦੁਨੀਆ ਕਰਦੀ ਮਾਣ।
ਉਸਦੇ ਵੱਲ ਨੂੰ ਮੁੜਣ ਲਈ, ਲਾ ਦੇ ਪੂਰਾ ਤਾਣ।

ਸੇਂਜੀ ਸਰਸੋਂ ਬੀਜ ਕੇ, ਚਾਰਾ ਕਰ ਹੁਣ ਤਿਆਰ।
ਤੇਰੀ ਏਸ ਲਵੇਰੀ 'ਤੇ, ਹੱਥ ਫੇਰ ਤੇ ਦੇ ਪਿਆਰ।

ਨਾ ਠੱਕਾ ਨਾ ਲੋਅ ਵਗੇ, ਨਾ ਝੱਖੜ ਨਾ ਕੋਈ 'ਨ੍ਹੇਰ।
ਸਹਿਜੇ-ਸਹਿਜੇ ਸਹਿਜ ਲੱਭ, ਕਿਤੇ ਹੋ ਨਾ ਜਾਏ ਦੇਰ।

ਮਨ ਮੰਦਰ ਵਿੱਚ ਆਰਤੀ, ਕਰਨ ਦੀ ਸਿੱਖ ਲੈ ਜਾਚ।
ਮਨ ਘਰ ਬੈਠਣ ਸਿੱਖ 'ਲਾ, ਕਦੇ ਸਕਦਾ ਨਹੀਂ ਗੁਆਚ।

**ਪੋਹ**

ਅੰਗ ਲੱਗਣ ਦੀ ਆਸ ਵਿੱਚ, ਕਰ 'ਲਾ ਹੁਣ ਸ਼ਿੰਗਾਰ।
ਜੇਕਰ ਗਲੇ ਲਗਾ ਲਿਆ, ਹੋ ਜਾਸੀ ਦੂਰ ਤੁਖ਼ਾਰ।

ਫਸਲ ਗੋਡ ਕੇ ਰੱਖੀਏ, ਨਾਲੇ ਚੁਣ ਸੁੱਟੀਏ ਨਦੀਨ।
ਬਾਬੂ, ਮੈਣਾ, ਭੱਖੜਾ, ਇਟਸਿਟ, ਫਸਲ ਕਰਨ ਫ਼ਲਹੀਣ।

ਲੰਮੀਆਂ ਉਮਰਾਂ ਹਾੜੀਆਂ, ਕੱਕਰ ਸਹਿਣ ਸਮਰੱਥ।
ਜੇ ਵਿੱਚ ਉੱਗ ਪਏ ਘਾਹ-ਫੂਸ, ਕੁੱਝ ਨਾ ਆਉਂਦਾ ਹੱਥ।

ਗੋਡੀ ਕਰਕੇ, ਸਿੰਝ ਕੇ, ਖੇਤੀ ਨੂੰ ਕਰੀਏ ਤਿਆਰ।
ਖਾਦ ਵਕਤ ਸਿਰ ਪੈ ਜਾਏ ਤਾਂ ਬੂਟੇ ਨੂੰ ਚੜ੍ਹੇ ਨਿਖ਼ਾਰ।

ਗੱਲ ਸੁਣ ਮਿੱਤਰ ਪਿਆਰਿਆ। ਖੋਲ੍ਹਾਂ ਆਪਣਾ ਭੇਤ।
ਰੰਗ ਬਰੰਗਾ ਆਪ ਖੁਦ, ਤੂੰ ਖੇਤੀ ਅਤੇ ਤੂੰ ਖੇਤ।

ਮਨ ਮਿਲਣੇ ਨੂੰ ਲੋਚਿਆ, ਇਹ ਬਹੁਤ ਵੱਡੀ ਫਰਿਆਦ।
ਵਸਲ ਘੜੀ ਜਦ ਵਾਪਰੀ, ਕੁੱਝ ਨਾ ਰਹਿਣਾ ਯਾਦ।

**ਮਾਘ**

ਕੱਕਰ ਕੋਰਾ ਕਹਿਰ ਦਾ, ਮਹੀਨਾ ਚੜ੍ਹਿਆ ਮਾਘ।
ਬੁੱਕਲ ਦੇ ਬਿਨ ਨਾ ਸਰੇ, ਨਾ ਸੁੱਤਿਆਂ ਨਾ ਜਾਗ।

ਦਸ-ਦਸ ਦਿਨ ਧੁੰਦ ਮਿਟੇ ਨਾ, ਲੱਗੇ ਪੈਂਦੀ ਭੂਰ।
ਮੂੰਹ ਨੂੰ ਮੂੰਹ ਨਾ ਦਿਸਦਾ, ਕੀ ਦਿਸਣਾ ਹੈ ਦੂਰ।

ਮੂੰਹ-ਹੱਥ ਧੋ ਕੇ ਸਾਰਦੇ, ਪੰਜ ਇਸ਼ਨਾਨੇ ਕਰਨ।
ਗੱਲ੍ਹਾਂ ਥਿੜਕਣ ਠੰਡ ਨਾਲ, ਹੋਰ ਕਿੰਨਾ ਕੁ ਠਰਨ।

ਰੱਬ-ਰੱਬ ਆਪੇ ਹੋਂਵਦਾ, ਠਰਦਿਆਂ ਵੱਜਦੇ ਦੰਦ।
ਸੜਕਾਂ ਰੁਕ-ਰੁਕ ਚੱਲਦੀਆਂ, ਆਉਣਾ-ਜਾਣਾ ਬੰਦ।

ਵਿੱਛੜਦਿਆਂ ਧੁੱਪ ਘੇਰਿਆ, ਤਪਸ ਜੇਠ ਤੇ ਹਾੜ੍ਹ।
ਮੁੜਦਿਆਂ ਪਾਲਾ ਪੈ ਗਿਆ, ਰੁਕ ਜਾ ! ਮੌਕਾ ਤਾੜ।

ਚਾਰੇ ਕੂੰਟਾਂ ਗਾਹ ਲਈਆਂ, ਚੱਲ ਮੁੜ ਚੱਲੀਏ ! ਦਰਬਾਰ।
ਗਲਵਕੜੀ ਸ਼ਾਹੂ ਦੀ ਮਿਲੇ, ਸਭ ਕੁੱਝ ਦੇਈਏ ਹਾਰ।

**ਫੱਗਣ**

ਘੁੰਮ-ਘੁਮਾ ਕੇ ਘਰ ਮੁੜੇ ਹੋਇਆ ਅੰਤ ਮਿਲਾਪ।
ਸ਼ੁਰੂ ਅੰਤ ਇੱਕੋ ਜਗ੍ਹਾ, ਵਿੱਚ ਬਾਕੀ ਸਾਰੇ ਸਾਕ।

ਆਦਿ ਬਿਨਾ ਨਾ ਅੰਤ ਹੈ, ਜਨਮ ਬਿਨਾ ਨਾ ਮੌਤ।
ਸੁੱਖ ਜਾਵੇ, ਦੁੱਖ ਆਂਵਦਾ, ਇਹ ਸੱਚੋ-ਸੱਚ ਅਖੌਤ।

ਚਾਨਣ ਮਿਟਦਾ 'ਨ੍ਹੇਰ ਵਿੱਚ, ਅੰਧੇਰ ਮਿਟੇ ਪਰਕਾਸ਼।
'ਨੇਰ੍ਹਾ ਚਾਨਣ ਦੋਵੇਂ ਹੀ, ਇੱਕ-ਦੂਜੇ ਦਾ ਵਿਸ਼ਵਾਸ।

ਸੱਚ ਬਿਨਾ ਕੋਈ ਝੂਠ ਨਾ, ਝੂਠ ਬਿਨਾ ਨਹੀਂ ਸੱਚ।
ਸੱਚ-ਝੂਠ ਨਿਰਭਰ ਕਰਨ, ਇਸ ਵਿੱਚ ਕੋਈ ਨਾ ਕੱਚ।

ਘਰ ਨਾ ਵਾਪਸ ਪਰਤਦਾ, ਜੇ ਗੁਣ ਨਾ ਹੁੰਦੇ ਕੋਲ।
ਜੱਗ ਵਿੱਚ ਐਸਾ ਕੋਈ ਨਾ, ਜੋ ਸਦਾ-ਸਦਾ ਅਡੋਲ

ਪੈਂਡਾ, ਪਾਂਧੀ ਦੇਏ ਤੂੰ, ਇਹ ਵਾਟ ਤੇਰਾ ਵਿਸਥਾਰ।
ਤੂੰ ਕਰਤਾ, ਤੂੰ ਕਰਮ ਹੈਂ, ਆਪੇ ਹੀ ਤੂੰ ਕਰਤਾਰ।

# ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜ-ਸਭਿਆਚਾਰਕ ਅਧਿਐਨ

**ਡਾ. ਕੁਲਵਿੰਦਰ ਕੌਰ**
ਅਸਿਸਟੈਂਟ ਪ੍ਰੋਫੈਸਰ (ਪੰਜਾਬੀ)
ਸੰਤ ਹੀਰਾ ਦਾਸ ਕੰਨਿਆਂ ਮਹਾਂ ਵਿਦਿਆਲਾ
ਕਾਲਾ ਸੰਘਿਆ (ਕਪੂਰਥਲਾ)

ਮੱਧਕਾਲ ਨੂੰ ਪੰਜਾਬੀ ਸਾਹਿਤ ਦਾ ਸੁਨਿਹਰੀ ਕਾਲ ਕਿਹਾ ਜਾਂਦਾ ਹੈ। ਇਸ ਕਾਲ ਵਿੱਚ ਸੂਫ਼ੀ-ਕਾਵਿ, ਕਿੱਸਾ-ਕਾਵਿ, ਗੁਰਮਤਿ-ਕਾਵਿ, ਵਾਰਤਕ-ਸਾਹਿਤ ਅਤੇ ਲੋਕ-ਕਾਵਿ ਧਰਾਵਾਂ ਹੋਂਦ ਵਿੱਚ ਆਈਆਂ, ਜਿਨ੍ਹਾਂ ਵਿੱਚ ਵਿਭਿੰਨ ਕਾਵਿ-ਰੂਪਾਂ ਦੀ ਸਿਰਜਣਾ ਹੋਈ ਹੈ ਅਤੇ ਪੰਜਾਬੀ ਸਾਹਿਤ ਵਿੱਚ ਆਪਣੀ ਵਿਲੱਖਣ ਤੇ ਨਵੇਕਲੀ ਪਛਾਣ ਬਣਾਈ ਹੈ। ਗੁਰਮਤਿ-ਕਾਵਿਧਾਰਾ ਨੂੰ ਇਸ ਸਮੇਂ ਵਿੱਚ ਵਿਸ਼ੇਸ਼ ਅਤੇ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਧਾਰਾ ਨੇ ਪੰਜਾਬੀ ਸਾਹਿਤ ਨੂੰ ਵਿਭਿੰਨ ਪੱਖਾਂ ਤੋਂ ਅਮੀਰੀ ਹੀ ਪ੍ਰਦਾਨ ਨਹੀਂ ਕੀਤੀ ਸਗੋਂ ਇਤਿਹਾਸ ਵਿੱਚ ਇਕ ਸ਼ਕਤੀਸ਼ਾਲੀ ਅਤੇ ਵਿਕਸਿਤ ਕਾਵਿਧਾਰਾ ਵਜੋਂ ਸਥਾਪਿਤ ਹੋ ਕੇ ਸਮਾਜ ਨੂੰ ਉਸਾਨੂੰ ਸੇਧ ਵੀ ਪ੍ਰਦਾਨ ਕੀਤੀ ਹੈ।

ਗੁਰਮਤਿ ਕਵੀਆਂ ਨੇ ਉੱਚ ਕੋਟੀ ਦੀਆਂ ਰਚਨਾਵਾਂ ਸਿਰਜ ਕੇ ਚੰਗੇ ਸਮਾਜ ਅਤੇ ਸਭਿਆਚਾਰ ਦਾ ਨਿਰਮਾਣ ਕਰਨ ਲਈ ਸ੍ਵੈ ਦੇ ਭਲੇ ਲਈ ਨਹੀਂ ਸਗੋਂ ਸਰਬੱਤ ਦੇ ਭਲੇ ਦੀ ਸੁਰ ਅਲਾਪੀ ਹੈ, ਜਿਹੜੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਸ਼ੋਭਿਤ ਹੋ ਕੇ ਸਮੁੱਚੀ ਮਨੁੱਖਤਾ ਅੰਦਰ ਨਾਮ ਸਿਮਰਨ ਦੇ ਰੂਹਾਨੀ ਗਿਆਨ ਦੀ ਜੋਤ ਪ੍ਰਜਵਲਿਤ ਕਰ ਰਹੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਾਨਵਵਾਦੀ ਵਿਚਾਰਧਾਰਾ ਦਾ ਧਾਰਨੀ ਹੋਣ ਕਰਕੇ ਸੰਸਾਰ ਪੱਧਰ ਤੇ ਸਤਿਕਾਰਿਆ ਅਤੇ ਵਡਿਆਇਆ ਜਾਣ ਵਾਲਾ ਮਹਾਨ ਧਾਰਮਿਕ ਗ੍ਰੰਥ ਹੈ। ਇਸ ਦਾ ਮੂਲ ਭਾਵ ਹੈ ਕਿ ਇਸ ਮਹਾਨ ਗ੍ਰੰਥ ਵਿੱਚ ਉਸ ਸਮੇਂ ਦੀ ਧਾਰਮਿਕ, ਆਰਥਿਕ ਸਮਾਜਿਕ, ਰਾਜਨੈਤਿਕ ਅਤੇ ਸਭਿਆਚਾਰ ਦਸ਼ਾ ਅਤੇ ਦਿਸ਼ਾ ਦਾ ਉਲੇਖ ਹੋਇਆ ਹੈ।

ਸਮਾਜ-ਸਭਿਆਚਾਰਕ ਦ੍ਰਿਸ਼ਟੀ ਤੋਂ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਐਨ ਕਰਦੇ ਹਾਂ ਤਾਂ ਸਮੁੱਚਾ ਗ੍ਰੰਥ ਹੀ ਸਮਾਜ-ਸਭਿਆਚਾਰਕ ਕਦਰਾਂ-ਕੀਮਤਾਂ ਦੇ ਨਵ-ਨਿਰਮਾਣ ਦਾ ਧਾਰਨੀ ਹੈ ਜਿਸ ਨੇ ਸਾਡੇ ਰਹਿਣ-ਸਹਿਣ ਅਤੇ ਜੀਵਨ-ਜਾਂਚ ਨੂੰ ਪ੍ਰਭਾਵਿਤ ਕੀਤਾ ਹੈ। ਬਾਣੀਕਾਰਾਂ ਨੇ ਤਰਕ-ਸੰਗਤ ਦ੍ਰਿਸ਼ਟੀ ਤੋਂ ਸਮਾਜ ਤੇ ਸਭਿਆਚਾਰ ਦੀ ਪੇਸ਼ਕਾਰੀ ਕਰਕੇ ਮਨੁੱਖੀ ਮਨ ਤੇ ਪੱਸਰੀ ਬੌਧਿਕ ਅਤੇ ਮਾਨਸਿਕ ਗਰਦ ਨੂੰ ਉਤਾਰਨ ਲਈ ਅਤੇ ਸੁਚਾਰੂ 'ਤੇ ਸੁਚੱਜੇ ਸਮਾਜ ਦੀ ਨਿਰਮਾਣ ਕਰਨ ਦੀ ਅਪਾਰ ਕੋਸ਼ਿਸ਼ ਕੀਤੀ ਹੈ। ਇਸ ਸੰਬੰਧੀ ਮਨਜੀਤ ਕੌਰ ਦਾ ਵਿਚਾਰ ਹੈ :-

ਉਸ ਸਮਾਜ ਦਾ ਨਿਰਮਾਣ ਕਰਨਾ ਉਨ੍ਹਾਂ ਦਾ ਮੁੱਖ ਮੰਤਵ ਅਤੇ ਆਦਰਸ਼ ਸੀ ਜਿਸ ਵਿੱਚ ਆਰਥਿਕ ਖੁਸ਼ੀ ਤੇ ਖ਼ੁਸ਼ਹਾਲੀ ਚੰਦ ਲੋਕਾਂ ਦਾ ਸਰਮਾਇਆ ਨਾ ਹੋਵੇ ਬਲਕਿ ਕੁਲ ਲੁਕਾਈ ਇਸ ਦੀ ਬਰਾਬਰ ਦੀ ਹੱਕਦਾਰ ਹੋਵੇ। ਇਸ ਲਈ ਸਰਬੱਤ ਦੇ ਭਲੇ ਵਾਲੇ ਸਮਾਜ ਦੀ ਸਥਾਪਨਾ ਗੁਰਬਾਣੀ ਦਾ ਪ੍ਰਮੁੱਖ ਅਤੇ ਪ੍ਰਧਾਨ ਆਸ਼ਾ ਬਣ ਕੇ ਸਾਹਮਣੇ ਆਉਂਦਾ ਹੈ। (ਪੰਨਾ-56)

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਰੂਹ ਨੂੰ ਬਦਲਣ ਦੇ ਨਾਲ-ਨਾਲ ਸਮਾਜਕ-ਆਰਥਕ ਢਾਂਚੇ ਨੂੰ ਬਦਲਣ ਦੇ ਸਮਰੱਥ ਹੈ ਅਤੇ ਇਸ ਦੀ ਆਰੰਭਤਾ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਤੇ ਹੋਈ ਹੈ। ਉਹਨਾਂ ਦੀ ਮਾਨਵਵਾਦੀ ਵਿਚਾਰਧਾਰਾ ਸੇਧ ਸਮੁੱਚੇ ਸਮਾਜ ਨੂੰ ਬਦਲਣ ਵਿੱਚ ਅਹਿਮ ਯੋਗਦਾਨ ਪਾਉਂਦੀ ਹੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਅਮਨੀ ਜਾਮਾ ਪਹਿਨਦੀ ਹੋਈ ਸੰਸਾਰ ਨੂੰ ਵੱਡੀ ਪੱਧਰ ਤੇ ਪ੍ਰਭਾਵਿਤ ਕਰਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਕੇਵਲ ਸਿੱਖ ਧਰਮ ਦੇ ਹੀ ਆਗੂ ਨਹੀਂ ਹੋਏ ਸਗੋਂ ਸਮੁੱਚੀ ਮਨੁੱਖਤਾ ਦਾ ਆਧਾਰ ਹਨ। ਉਹਨਾਂ ਦਾ ਪ੍ਰਕਾਸ਼ ਉਸ ਸਮੇਂ ਹੀ ਹੋਇਆ ਜਦੋਂ ਸਮੁੱਚਾ ਸਮਾਜ ਅਗਿਆਨਤਾ ਦੇ ਹਨੇਰੇ ਵਿੱਚ ਜਕੜਿਆ ਹੋਇਆ ਸੀ ਅਤੇ ਸਮਾਕਾਲੀ ਆਰਥਿਕ, ਸਮਾਜਿਕ, ਸਭਿਆਚਾਰਕ ਪੱਖੋਂ ਗਿਰਾਵਟ ਵਾਲਾ ਸੀ। ਇਨ੍ਹਾਂ ਵਿਸ਼ੇ ਵਿਕਾਰਾਂ ਦੇ ਬੰਧਨਾਂ ਤੋਂ ਅਤੇ ਅਨੇਕਾਂ ਸਮਾਜਿਕ ਬੁਰਾਈਆਂ ਤੋਂ ਲੋਕਾਂ ਨੂੰ ਮੁਕਤੀ ਦਵਾਉਣ ਲਈ ਗੁਰੂ, ਪੀਰ, ਔਲੀਆ, ਸੰਤ-ਮਹਾਂਪੁਰਸ਼ ਪ੍ਰਗਟ ਹੁੰਦੇ ਹਨ ਤੇ ਇਸ ਵਿਕਰਾਲ ਸਥਿਤੀ ਨੂੰ ਦੂਰ ਕਰਨ ਲਈ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਪ੍ਰਕਾਸ਼ ਹੋਇਆ। ਇਸ ਸਬੰਧੀ ਡਾ. ਜਗਬੀਰ ਦਾ ਵਿਚਾਰ ਹੈ :-

ਜਦੋਂ ਅਸੀਂ ਸਮਕਾਲੀ ਸਰੋਕਾਰਾਂ ਦੀ ਰੋਸ਼ਨੀ ਵਿੱਚ

ਗੁਰਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਇਸ ਦਾ ਸਿਰਜਿਤ ਸੰਦੇਸ਼ ਕ੍ਰਾਂਤੀਕਾਰੀ ਪ੍ਰਵਚਨ ਦੇ ਰੂਪ ਵਿੱਚ ਉਜਾਗਰ ਹੁੰਦਾ ਹੈ। ਇਹ ਵੇਲੇ ਦੀ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਵਿਵਸਥਾ ਹੱਥੋਂ ਪੀੜਤ ਲੋਕਾਈ ਨੂੰ ਮਾਨਵੀ ਗੌਰਵ ਅਤੇ ਸਵੈਮਾਨ ਦੇ ਸਦੀਵੀ ਪ੍ਰੇਰਨਾ-ਸਰੋਤਾਂ ਨਾਲ ਜੁੜਨ ਦੀ ਚੇਤਨਾ ਜਗਾਉਂਦਾ ਹੈ। (ਸਮਦਰਦਸ਼ੀ, ਪੰਨਾ-17)

ਇਸ ਆਧਾਰ ਤੇ ਹੀ ਜਦੋਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸਮਾਜ-ਸਭਿਆਚਾਰਕ ਪੱਖਾਂ ਤੋਂ ਅਧਿਐਨ ਕਰਦੇ ਹਾਂ ਤਾਂ ਉਹਨਾਂ ਦੀ ਸਾਰੀ ਰਚਨਾ ਸਮਾਜ ਦੇ ਨਵ-ਨਿਰਮਾਣ ਵਿੱਚ ਭਰਪੂਰ ਯੋਗਦਾਨ ਪਾਉਂਦੀ ਹੋਈ ਸਮੁੱਚੀ ਲੋਕਾਈ ਦੇ ਹਿੱਤਾਂ ਦੀ ਗੱਲ ਕਰਦੀ ਹੈ। ਉਹਨਾਂ ਦੀਆਂ ਰਚਨਾਵਾਂ ਪ੍ਰਤੱਖ ਅਤੇ ਪਰੋਖ ਰੂਪ ਵਿਚ ਸੱਚਾ ਅਤੇ ਸੁੱਚਾ ਆਸ਼ਾ ਬਣ ਕੇ ਸਮਾਜ ਨੂੰ ਸੇਧ ਪ੍ਰਦਾਨ ਕਰਦੀਆਂ ਹਨ। ਸਮਾਜ-ਸਭਿਆਚਾਰਕ ਦ੍ਰਿਸ਼ਟੀ ਤੋਂ ਬਹੁਤ ਸਾਰੇ ਪਹਿਲੂ ਉਹਨਾਂ ਦੀਆਂ ਰਚਨਾਵਾਂ ਵਿੱਚ ਦ੍ਰਿਸ਼ਟੀਗੋਚਰ ਹੋਏ ਹਨ ਜਿਨ੍ਹਾਂ ਵਿੱਚ ਧਾਰਮਿਕ ਦ੍ਰਿਸ਼ਟੀ, ਰਾਜਨੀਤਿਕ ਦਸ਼ਾ, ਸਮਾਜਿਕ ਤੇ ਸਭਿਆਚਾਰਕ ਪੱਖ, ਜਾਤ-ਪਾਤ/ਵਰਣ-ਵਿਵਸਥਾ, ਔਰਤ ਦੀ ਸਥਿਤੀ, ਰਹਿਣ-ਸਹਿਣ, ਵਹਿਮ-ਭਰਮ, ਅੰਧ-ਵਿਸ਼ਵਾਸ, ਖਾਣ-ਪੀਣ, ਰਸਮ-ਰਿਵਾਜ ਆਦਿ ਵਿਚਾਰ ਪੇਸ਼ ਹੋਏ ਹਨ।

ਸਮਾਜ-ਸਭਿਆਚਾਰਕ ਪੱਖੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਦਰਜ ਧਾਰਮਿਕ ਅਤੇ ਰਾਜਨੀਤਿਕ ਪਹਿਲੂ ਸੰਬੰਧੀ ਅਧਿਐਨ ਕਰੀਏ ਤਾਂ ਇਹ ਦੇਖਣ ਵਿੱਚ ਆਉਂਦਾ ਹੈ ਕਿ ਉਸ ਸਮੇਂ ਸਮੁੱਚੇ ਭਾਰਤ ਵਿੱਚ ਅਨੇਕਾਂ ਧਰਮਾਂ ਦਾ ਬੋਲਬਾਲਾ ਸੀ। ਅਸਲੀ ਅਤੇ ਅਮਲੀ ਧਰਮ ਦੀ ਘਾਟ ਹੋਣ ਕਰਕੇ ਲੋਕ ਅਖੌਤੀ ਧਾਰਮਿਕ ਆਗੂਆਂ ਦੀ ਪਕੜ ਵਿੱਚ ਸਨ। ਬ੍ਰਾਹਮਣ, ਕਾਜੀ, ਮੁੱਲਾਂ ਜੋਗੀ ਸਭ ਧਰਮੀ ਹੋਣ ਦਾ ਦਿਖਾਵਾ ਕਰਦੇ ਸਨ। ਸਤਿਗੁਰੂ ਜੀ ਨੇ ਇਨ੍ਹਾਂ ਦੇ ਫੋਕੇ ਕਰਮ-ਕਾਂਡਾਂ ਧਾਰਮਿਕ ਭੇਖਾਂ ਅਤੇ ਪਾਖੰਡਾ ਬਾਰੇ ਆਪਣਾ ਨਿਰਣਾ ਦਿੰਦਿਆਂ ਲਿਖਿਆ ਹੈ ਕਿ :-

ਕਾਦੀ ਕੂੜੁ ਬੋਲਿ ਮਲੁ ਖਾਇ॥
ਬਾਹਮਣ ਨਾਵੈ ਜੀਆ ਘਾਇ॥
ਜੋਗੀ ਜੁਗਤ ਨਾ ਜਾਣੈ ਅੰਧੁ॥
ਤੀਨੇ ਉਜਾੜੀ ਦਾ ਬੰਧੁ॥

(ਆਦਿ ਗਰੰਥ, ਧਨਾਸਰੀ ਮਹਲਾ 1, ਅੰਗ 662)

ਅਸਲ ਧਰਮ ਤੇ ਕਿਤੇ ਉਡਾਰੀ ਮਾਰ ਗਿਆ ਸੀ ਕੇਵਲ ਕੂੜ ਦੀ ਹੀ ਪ੍ਰਧਾਨਤਾ ਸੀ ਜਿਸ ਬਾਰੇ ਗੁਰੂ ਜੀ ਨੇ ਲਿਖਿਆ :-

ਸਰਮ ਧਰਮ ਦਾ ਡੇਰਾ ਦੂਰ॥
ਨਾਨਕ ਕੂੜ ਰਹਿਆ ਭਰਪੂਰ॥

(ਆਦਿ ਗ੍ਰੰਥ, ਆਸਾ ਦੀ ਵਾਰ, ਅੰਗ 471)

ਸਰਮ ਧਰਮ ਦੋਇ ਛੁਪਿ ਖਲੋਤੇ॥
ਕੂੜ ਫਿਰੈ ਪਰਧਾਨ ਵੇ ਲਾਲੋ॥

(ਆਦਿ ਗ੍ਰੰਥ, ਤਿਲੰਗ ਰਾਗ, ਅੰਗ 722)

ਗੁਰੂ ਜੀ ਨੇ ਇਨ੍ਹਾਂ ਧਾਰਮਿਕ ਪਖੰਡੀਆਂ ਦੇ ਟਿਕਾਣਿਆਂ ਤੇ ਜਾ ਕੇ ਤਰਕ ਸੰਗਤ ਵਿਚਾਰਾਂ ਰਾਹੀਂ ਇਨ੍ਹਾਂ ਨੂੰ ਸੱਚ ਦਾ ਮਾਰਗ ਪਕੜਨ ਲਈ ਪ੍ਰੇਰਿਆ ਅਤੇ ਆਪਣੇ ਆਚਰਨ ਨੂੰ ਉੱਚਾ-ਸੁੱਚਾ ਰੱਖਣ ਲਈ ਗਿਰੇ ਹੋਏ ਕੰਮ ਕਰਨ ਤੋਂ ਵਰਜਿਆ ਤੇ ਨਾਲ ਹੀ ਪ੍ਰਭੂ ਪ੍ਰਾਪਤੀ ਦਾ ਅਸਲ ਢੰਗ ਸਮਝਾਇਆ। ਇਸ ਸੰਬੰਧੀ ਉਹਨਾਂ ਨੇ ਕਿਹਾ :-

ਜੋਗ ਨਾ ਖਿੰਥਾ ਜੋਗ ਨਾ ਡੰਡੈ,
ਜੋਗ ਨ ਭਸਮ ਚੜਾਈਐ॥
ਜੋਗ ਨਾ ਮੁੰਦੀ ਮੁੰਡਿ ਮੁਡਾਈਐ,
ਜੋਗ ਨਾ ਸਿੰਙੀ ਵਾਈਐ॥
ਅੰਜਨ ਮਾਹਿ ਨਿਰੰਜਨ ਰਹੀਐ,
ਜੋਗ ਜੁਗਤਿ ਇਵ ਪਾਈਐ॥
ਗਲੀ ਜੋਗ ਨਾ ਹੋਈ॥
ਏਕ ਦ੍ਰਿਸ਼ਟ ਕਰਿ ਸਮਸਿਰਿ ਜਾਣੈ, ਜੋਗੀ ਕਹੀਐ ਸੋਈ॥

(ਸੂਹੀ ਮਹਲਾ 1, ਅੰਗ 730)

ਆਪ ਜੀ ਬਾਣੀ ਸਮਕਾਲੀ ਅਤੇ ਪੂਰਬਲੇ ਧਰਮਾਂ ਨਾਲ ਗਹਿਰ ਗੰਭੀਰ ਸੰਵਾਦ ਰਚਾਉਂਦੀ ਹੋਈ ਬੇਤੁੱਕੇ ਵਿਚਾਰਾਂ ਦਾ ਖੰਡਨ ਕਰਦੀ ਹੈ। ਉਹਨਾਂ ਦੀ ਧਾਰਮਿਕ ਦ੍ਰਿਸ਼ਟੀ ਭੇਖਾਂ ਦਾ ਪਰਦਾ ਫਾਸ਼ ਹੀ ਨਹੀਂ ਕਰਦੀ ਸਗੋਂ ਸਮਾਜਕ ਤੇ ਰਾਜਨੀਤਿਕ ਸਥਿਤੀ ਤੇ ਵਿਅੰਗ ਵੀ ਕਰਦੀ ਹੈ। ਉਹਨਾਂ ਨੇ ਸਮਕਾਲੀ ਰਾਜਿਆਂ ਦੁਆਰਾ ਆਮ ਜਨਤਾ ਤੇ ਕੀਤੇ ਜਾਂਦੇ ਜਬਰ ਤੇ ਜ਼ੁਲਮ ਦੇ ਖ਼ਿਲਾਫ਼ ਬੁਲੰਦ ਆਜਾ ਵਿੱਚ ਵਿਰੋਧ ਕਰਦਿਆਂ ਕਿਹਾ :-

ਰਾਜੇ ਸੀਂਹ ਮੁਕੱਦਮ ਕੁੱਤੇ॥
ਜਾਇ ਜਗਾਇਨ ਬੈਠੇ ਸੁੱਤੇ॥
ਚਾਕਰ ਨਹ ਦਾ ਪਾਇਨ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹ॥

(ਮਲਾਰ ਦੀ ਵਾਰ, ਪੰਨਾ 1288)

ਕਲ ਆਈ ਕੁੱਤੇ ਮੂੰਹੀਂ, ਖਾਜ ਹੋਆ ਮੁਰਦਾਰ ਗੁਸਾਈ॥
ਰਾਜੇ ਪਾਪ ਕਮਾਂਵਦੇ, ਉਲਟੀ ਵਾੜ ਖੇਤ ਕਉ ਖਾਈ॥
(ਪੰਨਾ 1288)

ਗੁਰੂ ਜੀ ਨੇ ਇਨ੍ਹਾਂ ਪਾਪੀ ਰਾਜਿਆਂ ਨੂੰ ਪ੍ਰਭੂ ਦੇ ਭੈਅ ਵਿੱਚ ਰਹਿਣ ਲਈ ਪ੍ਰੇਰਿਆ ਅਤੇ ਲੋਕ ਹਿੱਤ ਵਾਲਾ ਰਾਜ ਕਰਨ ਲਈ ਕਿਹਾ:-

ਤਖ਼ਤ ਬੈਠੇ ਤਖ਼ਤੈ ਕੀ ਲਾਇਕ॥
(ਅੰਗ 1039, ਆਦਿ ਗ੍ਰੰਥ)

ਇਸ ਤਰ੍ਹਾਂ ਗੁਰੂ ਜੀ ਨੇ ਧਾਰਮਿਕ ਤੇ ਰਾਜਨੀਤਿਕ ਕਰਮ ਕਾਂਡ ਕਰਨ ਵਾਲਿਆਂ ਨੂੰ ਕਿਰਤ ਕਰੋ, ਨਾਮ ਜਪੋ ਤੇ ਵੰਡ ਛੱਕੋ ਦਾ ਉਪਦੇਸ਼ ਦਿੰਦਿਆਂ ਕਿਹਾ ਕਿ ਅਸਲ ਮੁਕਤੀ ਦਾ ਮਾਰਗ ਹੱਕ ਹਲਾਲ ਦੀ ਕਮਾਈ ਕਰਨੀ ਅਤੇ ਪ੍ਰਭੂ ਭਗਤੀ ਵਿੱਚ ਜੁੜਨਾ ਹੀ ਸਭ ਤੋਂ ਵੱਡੀ ਤਾਕਤ ਅਤੇ ਬਰਕਤ ਹੈ ਜੋ ਸਮੁੱਚੀ ਮਨੁੱਖਤਾ ਦੀ ਅੱਜ ਵੀ ਰਹਿਨੁਮਾਈ ਕਰ ਰਹੀ ਹੈ।

ਗੁਰੂ ਜੀ ਨੇ ੧ਓਂ ਸਤਿਨਾਮ, ਕਰਤਾ ਪੁਰਖ, ਨਿਰਭਓ, ਨਿਰਵੈਰ, ਅਕਾਲ ਮੂਰਤਿ ਅੰਜੂਨੀ ਸੈਭੰ ਗੁਰਪ੍ਰਸਾਦਿ॥ ਮੂਲ ਮੰਤਰ ਦਾ ਉਪਦੇਸ਼ ਮੁੱਚੀ ਮਨੁੱਖੀ ਨੂੰ ਦਿੰਦਿਆਂ ਕਿਹਾ ਕਿ ਰੱਬ ਨੂੰ ਪਾਉਣ ਦਾ ਇਹ ਇਹ ਸਹਿਜ ਮਾਰਗ ਸ੍ਵੈ ਨੂੰ ਸੱਚਾ-ਸੁੱਚਾ ਅਤੇ ਪਵਿੱਤਰ ਬਣਾਉਂਦਾ ਹੈ। ਏਥੇ ਹੀ ਬੱਸ ਨਹੀਂ ਗੁਰੂ ਜੀ ਧਾਰਮਿਕ ਪੱਧਰ ਤੇ ਉਸ ਸਮੇਂ ਪਸਰੇ ਹੋਏ ਅੰਧ ਵਿਸ਼ਵਾਸਾਂ, ਵਹਿਮਾਂ ਭਰਮਾਂ ਅਤੇ ਰੀਤੀ-ਰਿਵਾਜ, ਜੋ ਸਮਾਜ ਦਾ ਅਟੁੱਟ ਅੰਗ ਬਣ ਚੁੱਕੇ ਸਨ ਅਜਿਹੇ ਸੰਸਕਾਰਾਂ ਦਾ ਤਰਕ ਸੰਗਤ ਦ੍ਰਿਸ਼ਟੀ ਤੋਂ ਵਿਰੋਧ ਕੀਤਾ ਅਤੇ ਗੁਰਬਾਣੀ ਰਾਹੀਂ ਲੋਕਾਂ ਵਿੱਚ ਨਵੀਂ ਚੇਤਨਾ ਤੇ ਦ੍ਰਿਸ਼ਟੀ ਪ੍ਰਦਾਨ ਕਰਦਿਆਂ ਤੀਰਥ ਸਥਾਨਾਂ ਤੇ ਜਾਣ ਸਬੰਧੀ ਕਿਹਾ :-

ਨਾਵਨ ਚਲੈ ਤੀਰਥੀ ਮਨਿ ਖੋਟੇ ਤਨਿ ਚੋਰ॥
ਇਕ ਭਉ ਲਥੀ ਨਾਤਿਆ ਦੁਇ ਭਾ ਚੜੀਅਸਿ ਹੋਰ॥
(ਆਦਿ ਗ੍ਰੰਥ, ਪੰਨਾ-489)

ਧਾਰਮਿਕ ਕਰਮ ਕਾਂਡਾਂ ਤੇ ਵਹਿਮਾਂ ਬਾਰੇ :
ਜੇਕਰ ਸੂਤਕ ਮੰਨੀਐ, ਸਬ ਤੈ ਸੂਤਕ ਹੋਇ॥
ਗੋਹੇ ਅਤੇ ਲਕੜੀ ਅੰਦਰ ਕੀੜਾ ਹੋਇ॥
(ਆਦਿ ਗ੍ਰੰਥ, ਪੰਨਾ-472)

ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤਿ ਵਟਿ॥
ਏਹੁ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ॥
(ਆਦਿ ਗ੍ਰੰਥ, ਪੰਨਾ-471)

ਗੁਰੂ ਜੀ ਨੇ ਫੁਰਮਾਇਆ ਇਹ ਰੀਤੀ ਰਿਵਾਜ ਅਤੇ ਅਸਲ ਜੀਵਨ ਨੂੰ ਸਵਾਰਨ 'ਚ ਕੋਈ ਹਿੱਸਾ ਨਹੀਂ ਪਾਉਂਦੇ ਸਗੋਂ ਸਾਡੇ ਅਧਿਆਤਮਕ ਮਾਰਗ ਨੂੰ ਡੇਗਦੇ ਹਨ। ਇਸ ਲਈ ਇਨ੍ਹਾਂ ਨੂੰ ਤਿਆਗ ਕੇ ਹਿਰਦੇ ਦੀ ਸ਼ੁੱਧੀ ਲਈ ਪ੍ਰਮਾਤਮਾ ਦੀ ਭਗਤੀ ਹੀ ਕਰੋ ਜਿਹੜੀ ਲੋਕ-ਪ੍ਰਲੋਕ 'ਚ ਸਹਾਈ ਹੋਵੇਗੀ।

ਸਮਾਜ ਸਭਿਆਚਾਰ ਦ੍ਰਿਸ਼ਟੀ ਤੋਂ ਉਸ ਸਮੇਂ ਵਿੱਚ ਜਾਤ-ਪਾਤ ਦੇ ਬੰਧਨ, ਵਰਣ ਵਿਵਸਥਾ ਦੀ ਕਾਣੀ ਵੰਡ, ਰੰਗ-ਨਸਲ ਦਾ ਵਿਤਕਰਾ ਆਦਿ ਸਮਾਜ-ਆਰਥਕ ਨਾ ਬਰਾਬਰੀ ਜ਼ੋਰਾਂ ਤੇ ਸੀ। ਗੁਰੂ ਜੀ ਨੇ ਅਜਿਹੇ ਫਿਰਕਾ-ਪ੍ਰਸਤੀ ਵਾਲੇ ਸਮਾਜ ਦੀ ਸਖ਼ਤ ਸ਼ਬਦਾਂ ਵਿੱਚ ਅਲੋਚਨਾ ਕੀਤੀ ਅਤੇ ਸਰਬ ਸਾਂਝੀਵਾਲਤਾ ਵਾਲੇ ਸਮਾਜ ਦੀ ਉਸਾਰੀ ਕੀਤੀ ਹੈ। ਉਹਨਾਂ ਨੇ ਅਜਿਹੀ ਸੋਚ ਨੂੰ ਨਕਾਰਿਆ ਜਿਹੜੀ ਬੰਦੇ ਦੀ ਉੱਚਤਾ ਅਤੇ ਉੱਤਮਤਾ ਤੇ ਜ਼ੋਰ ਦਿੰਦੀ ਸੀ। ਉਹਨਾਂ ਅਜਿਹੀ ਭੈੜੀ ਕੁਰੀਤ ਨੂੰ ਤੋੜ ਕੇ ਉਸ ਨੂੰ ਚੰਗੇ ਕਰਮਾਂ ਨਾਲ ਜੋੜਿਆ ਹੈ। ਗੁਰੂ ਨਾਨਕ ਬਾਣੀ ਦਲਿਤਾਂ/ਲਿਤਾੜੇ ਲੋਕਾਂ ਦੇ ਹੱਕ ਤੇ ਪੱਖ ਦਾ ਨਿਆਂ ਪੂਰਦੀ ਹੋਈ ਬਰਾਬਰੀ ਦਾ ਸਕੰਲਪ ਸਥਾਪਿਤ ਕਰਦੀ ਹੈ। ਇਸ ਸਬੰਧੀ ਗੁਰੂ ਜੀ ਦਾ ਫ਼ੁਰਮਾਨ ਹੈ :-

ਨੀਚਾ ਅੰਦਰ ਨੀਚ ਜਾਤਿ ਨੀਚੀ ਹੂੰ ਅਤਿ ਨੀਚ॥
ਨਾਨਕ ਤਿਨ ਕੈ ਸੰਗਿ ਸਾਥ, ਵਡਿਆ ਸਿਉ ਕਿਆ ਰੀਸ॥
ਜਿਥੇ ਨੀਚ ਸਮਾਲੀਇਨ ਤਿਥੈ ਨਦਰਿ ਤੇਰੀ ਬਖਸੀਸ॥
(ਆਦਿ ਗ੍ਰੰਥ, ਪੰਨਾ 15)

ਇਸ ਤਰ੍ਹਾਂ ਜਾਤ-ਪਾਤ ਰਹਿਤ ਸਮਾਜ ਦੀ ਪੁਰਜੋਰ ਹਮਾਇਤ ਕਰਦਿਆਂ ਗੁਰੂ ਜੀ ਨੇ ਸ਼ੂਦਰਾਂ ਨੂੰ ਸਮਾਜ ਵਿੱਚ ਉੱਚ ਸਥਾਨ ਦੇਣ ਦਾ ਇਤਿਹਾਸਕ ਅਤੇ ਯਾਦਗਾਰੀ ਕਦਮ ਕ੍ਰਾਂਤੀ ਸਾਬਿਤ ਹੋਇਆ ਹੈ। ਇਸ ਕ੍ਰਾਂਤੀਕਾਰੀ ਪ੍ਰਵਚਨ ਸਬੰਧੀ ਡਾ. ਜਗਬੀਰ ਦਾ ਵਿਚਾਰ ਹੈ ਕਿ :-

ਗੁਰਬਾਣੀ ਦਾ ਕ੍ਰਾਂਤੀਕਾਰੀ ਪ੍ਰਵਚਨ ਵਰਣ-ਵਿਵਸਥਾ ਜਾਂ ਜਾਤੀ ਪ੍ਰਥਾ ਦੀ ਮਿੱਥ ਨੂੰ ਅਧਿਆਤਮਕ ਧਰਾਤਲ ਤੇ ਰੱਦ ਕਰਦਾ ਹੈ। ਇਹ ਪਾਰਗਾਮੀ ਹਸਤੀ ਬ੍ਰਹਮ ਦੇ ਸਾਹਮਣੇ ਮਨੁੱਖ ਦੀ ਬਰਾਬਰੀ ਦਾ ਸੰਕਲਪ ਪੇਸ਼ ਕਰਦਾ ਹੈ ਅਤੇ ਜਾਤਿ ਦਾ ਥਾਵੇਂ ਜੋਤ ਦੇ ਮਹੱਤਵ ਨੂੰ ਉਜਾਗਰ ਕਰਦਾ ਹੈ।(ਸਮਦਰਸ਼ੀ, ਪੰਨਾ-19)

ਇਸ ਪ੍ਰਕਾਰ ਉਸ ਵੇਲੇ ਇਹ ਸਮਾਜ ਜੋ ਬਹੁਤ ਹੀ ਅਣਗੌਲਿਆ ਹੋਇਆ ਸੀ ਉਸ ਦੇ ਹੱਕ ਵਿੱਚ ਗੁਰੂ ਨਾਨਕ ਬਾਣੀ

ਇੱਕ ਚਟਾਨ ਵਾਂਗ ਖੜੀ ਹੁੰਦੀ ਹੋਈ ਬ੍ਰਾਹਮਣੀ ਸਮਾਜ ਦੀਆਂ ਸਥਾਪਿਤ ਕਦਰਾਂ-ਕੀਮਤਾਂ ਨੂੰ ਹਿਲਾ ਕੇ ਰੱਖ ਦਿੰਦੀ ਹੈ। ਉਹਨਾਂ ਦਾਦ ਮਹਾਨ ਵਚਨ ਕਿ ਸਮੱਸਤ ਜੀਆਂ ਅੰਦਰ ਕੇਵਲ ਇੱਕ ਪ੍ਰਮਾਤਮਾ ਦੀ ਜੋਤ ਨਿਵਾਸ ਕਰਦੀ ਹੈ ਕੋਈ ਉੱਚਾ ਨਹੀਂ ਕੋਈ ਨੀਵਾਂ ਨਹੀਂ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ :-

ਸਭ ਮਹਿ ਜੋਤਿ ਜੋਤਿ ਹੈ ਸੋਇ॥
ਤਿਸ ਕੈ ਚਾਨਣਿ ਸਭ ਮਹਿ ਚਾਨਣ ਹੋਇ॥
ਗੁਰ ਸਾਖੀ ਜੋਤਿ ਪਰਗਟ ਹੋਇ॥

(ਆਦਿ ਗ੍ਰੰਥ, ਪੰਨਾ-62)

ਇਸ ਤਰ੍ਹਾਂ ਗੁਰੂ ਜੀ ਦੀ ਬਾਣੀ ਸਾਡੇ ਸਾਹਿਤ ਸਭਿਆਚਾਰ ਵਿੱਚ ਵੱਡਮੁੱਲੀ ਵਿਰਾਸਤ ਹੈ ਜਿਹੜੀ ਭਾਰਤੀ ਸਮਾਜ-ਸਭਿਆਚਾਰ ਵਿੱਚ ਸ਼ੋਸ਼ਣ ਅਤੇ ਦਮਨ ਰਹਿਤ ਸਮਾਜ ਦੀ ਉਸਾਰੀ ਦਾ ਸਦੀਵੀ ਸੁਪਨਾ ਸਾਕਾਰ ਕਰਦੀ ਹੈ ਜਿਹੜਾ ਅੱਜ ਵੀ ਸਾਰਥਿਕਤਾ ਰੱਖਦਾ ਹੈ।

ਭਾਰਤੀ ਸਮਾਜ ਵਿੱਚ ਔਰਤ ਮਰਦ ਦੀ ਗੁਲਾਮ ਹੀ ਰਹੀ ਹੋਣ ਕਰਕੇ ਉਸ ਨੂੰ ਨੀਵਾਂ ਹੀ ਸਮਝਿਆ ਜਾਂਦਾ ਸੀ। ਉਸਨੂੰ ਸਭ ਪ੍ਰਕਾਰ ਦੇ ਅਧਿਕਾਰਾਂ ਤੋਂ ਵਾਂਝਾ ਹੀ ਰੱਖਿਆ ਗਿਆ। ਸਮਾਜਕ ਪੱਧਰ ਤੇ ਉਸ ਨੂੰ ਪਰਿਵਾਰ ਤੇ ਸਮਾਜ ਵਿੱਚ ਬਣਦਾ ਮਾਣ ਤੇ ਸਤਿਕਾਰ ਦੇਣਾ ਤਾਂ ਦੂਰ ਸਗੋਂ ਹਰ ਪੱਖੋਂ ਭੰਡਿਆ ਹੀ ਜਾਂਦਾ ਸੀ। ਪਰ ਸਮੁੱਚੇ ਸੰਸਾਰ ਵਿੱਚ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਔਰਤ ਦੇ ਹੱਕ ਵਿੱਚ ਤੀਬਰ ਆਵਾਜ਼ ਉਠਾਈ। ਇਸ ਸੰਬੰਧਈ ਡਾ. ਵਨੀਤਾ ਨੇ ਲਿਖਿਆ ਹੈ :-

ਗੁਰਬਾਣੀ ਨੇ ਨਾਰੀ ਨੂੰ ਭਾਰਤੀ ਸਮਾਜ ਵਿੱਚ ਪਹਿਲੀ ਵਾਰ ਸੁਤੰਤਰ ਕੀਤਾ। ਮਰਦ ਦੇ ਬਰਾਬਰ ਰੱਖਿਆ, ਉਸਦੀ ਸਭਿਆਚਾਰਕ ਭੂਮਿਕਾ ਨੂੰ ਸਵੀਕਾਰ ਕੀਤਾ। ਸਾਕੇਦਾਰੀ ਤੇ ਪ੍ਰੇਮ-ਪਿਆਰ ਵਿੱਚ ਉਸਦੀ ਭੂਮਿਕਾ ਹੈ ਉਸਨੂੰ ਵਿਸਥਾਰ ਨਾਲ ਕਈ ਰੂਪਾਂ 'ਚ ਪੇਸ਼ ਕੀਤਾ।(ਸਮਦਰਸ਼ੀ, ਪੰਨਾ-43)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਔਰਤ ਨੂੰ ਸਦਾਚਾਰਿਕ ਗੁਣਾਂ ਨੇ ਜੋੜਨ ਦੀ ਸਮਰੱਥਾ ਬਾਰੇ ਮਨਜੀਤ ਕੌਰ ਲਿਖਦੀ ਹੈ :-

ਸਮਾਜਕ ਪੱਧਰ ਤੇ ਔਰਤ ਨੂੰ ਬਣਦਾ ਮਾਣ, ਸਤਿਕਾਰ ਤੇ ਮਹੱਤਵ ਦੇਣ ਦੇ ਮਾਮਲੇ ਵਿੱਚ ਬਾਣੀਕਾਰਾਂ ਨੇ ਜੋ ਕੰਮ ਕੀਤਾ ਉਹ ਇਤਿਹਾਸਕ ਮਹੱਤਵ ਵਾਲਾ ਹੈ। ਬਾਣੀਕਾਰਾਂ ਦੇ ਵੇਲੇ ਸਥਾਪਿਤ ਕਦਰਾਂ ਕੀਮਤਾਂ ਔਰਤ ਨੂੰ ਮਰਦ ਦੇ ਤੁਲ ਅਹਿਮੀਅਤ ਦੇਣ ਦੇ ਹੱਕ ਵਿੱਚ ਨਹੀਂ ਸਨ। ਬਾਣੀ ਅਤੇ ਖ਼ਾਸ ਕਰਕੇ ਨਾਨਕ-ਬਾਣੀ ਔਰਤ ਪ੍ਰਤੀ ਸਥਾਪਿਤ ਨਜ਼ਰੀਏ ਦਾ ਤਿੱਖਾ ਵਿਰੋਧ ਕਰਦੀ ਔਰਤ ਦੇ ਮਹੱਤਵੀ-ਸਥਾਨ ਦੇ ਹੱਕ 'ਚ ਜ਼ੋਰਦਾਰ ਆਵਾਜ਼ ਬੁਲੰਦ ਕਰਦੀ ਹੈ।(ਸਮਦਰਸ਼ੀ, ਪੰਨਾ 59)

ਗੁਰੂ ਜੀ ਦੁਆਰਾ ਉਚਾਰੀਆਂ ਗਈਆਂ ਔਰਤਾਂ ਦੀ ਸਰਵ-ਉਚਤਾ ਵਾਲੀਆਂ ਸਤਰਾਂ ਸਮਾਜ ਵਿੱਚ ਉਸ ਦੇ ਵਿਲੱਖਣ ਹੋਂਦ ਨੂੰ ਸਾਕਾਰ ਕਰਦੀਆਂ ਹਨ ਜਿਨ੍ਹਾਂ ਵਿੱਚ ਲਿਖਿਆ ਹੈ ਕਿ ਔਰਤ ਨਿੰਦਣਯੋਗ ਨਹੀਂ ਹੈ, ਉਹ ਤਾਂ ਸਮੁੱਚੇ ਸੰਸਾਰ ਦੀ ਬੁਨਿਆਦ ਹੈ। ਉਹਨਾਂ ਦਾ ਇਹ ਮਹਾਨ ਫ਼ੁਰਮਾਨ ਹੈ ਕਿ :-

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣ ਵਿਆਹੁ॥
ਭੰਡਹੁ ਹੋਵੈ ਦੋਸਤੀ ਭੰਡ ਚਲੈ ਰਾਹੁ॥
ਭੰਡੁ ਮੁਆ ਭੰਡ ਭਾਲੀਐ ਭੰਡਿ ਹੋਵੈ ਬੰਧਾਨ।
ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

(ਆਦਿ ਗ੍ਰੰਥ, ਪੰਨਾ-473)

ਸਮੁੱਚੇ ਤੌਰ ਤੇ ਗੁਰਬਾਣੀ ਵਿੱਚ ਔਰਤ ਨੂੰ ਵੱਡਭਾਗਣ, ਗੁਣਵੰਤੀ, ਸੁਹਾਗਣ, ਰੂਪਵੰਤੀ ਆਦਿ ਵਿਸ਼ੇਸ਼ਣਾਂ ਨਾਲ ਵੀ ਵਡਿਆਇਆ ਹੈ।

ਸਮਾਜ-ਸਭਿਆਚਾਰਕ ਪੱਖੋਂ-ਖਾਣ-ਪੀਣ, ਪਹਿਰਾਵਾ ਅਤੇ ਬੋਲੀ ਦਾ ਵੀ ਵਿਸ਼ੇਸ਼ ਮਹੱਤਵ ਹੈ। ਗੁਰੂ ਨਾਨਕ ਦੇਵ ਜੀ ਨੇ ਸਾਤਵਿਕ ਭੋਜਨ ਖਾਣ ਲਈ ਪ੍ਰੇਰਿਆ। ਜਿਸ ਨੂੰ ਖਾਣ ਨਾਲ ਮਨ ਨੂੰ ਸ਼ਾਂਤੀ ਮਿਲਦੀ ਹੋਵੇ ਪਰ ਤਾਮਸਿਕ ਭੋਜਨ ਮਨੁੱਖ ਨੂੰ ਉਤੇਜਿਤ ਕਰਦਾ ਹੈ ਜਿਸ ਬਾਰੇ ਗੁਰੂ ਜੀ ਨੇ ਪ੍ਰਗਟਾਇਆ ਹੈ :-

ਬਾਬਾ ਹੋਰ ਖਾਣਾ ਖੁਸੀ ਖੁਆਰ॥
ਜਿਤੁ ਖਾਧੈ ਤਨ ਪੀੜੀਐ ਮਨ ਮਹਿ ਚਲਹਿ ਵਿਕਾਰ॥

(ਆਦਿ ਗ੍ਰੰਥ, ਪੰਨਾ-16)

ਉਸ ਸਮੇਂ ਦੇ ਲੋਕਾ ਨੇ ਖਾਣ-ਪੀਣ ਤੇ ਰਹਿਣ-ਸਹਿਣ ਦੇ ਢੰਗ ਅਤੇ ਬੋਲ-ਚਾਲ ਦੀ ਬੋਲੀ ਵੀ ਵਿਦੇਸ਼ੀ ਤਾਕਤਾਂ ਦੇ ਡਰ ਕਾਰਨ ਅਪਣਾ ਲਈ ਸੀ। ਜਿਸ ਦਾ ਜ਼ਿਕਰ ਗੁਰੂ ਜੀ ਨੇ ਆਸਾ ਦੀ ਵਾਰ ਵਿੱਚ ਕੀਤਾ ਹੈ :-

- ਅਭਾਖਿਆ ਕਾ ਕੁਠਾ ਬਕਰਾ ਖਾਣਾ॥
ਚਉਕੇ ਉਪਰਿ ਕਿਸੈ ਨਾ ਜਾਣਾ॥
- ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਨ॥
- ਨੀਲ ਵਸਤ੍ਰ ਲੇ ਕਪੜੇ ਪਹਿਰੇ॥

ਤੁਰਕ ਪਠਾਣੀ ਅਮਲ ਕੀਆ॥

– ਆਦਿ ਪੁਰਖ ਕਉ ਅਲਹੁ ਕਹੀਐ, ਸੇਖਾਂ ਆਈ ਵਾਰੀ॥

ਦੇਵਲ ਦੇਵਤਿਆ ਕਰੁ ਲਾਗਾ ਐਸੀ ਕਿਰਤੁ ਚਾਲੀ॥

(ਆਦਿ ਗ੍ਰੰਥ, ਪੰਨਾ 472, 470)

ਗੁਰੂ ਜੀ ਨੇ ਪਰਮਾਤਮਾ ਨੂੰ ਕੁਦਰਤ ਵਿੱਚ ਵਸਿਆ ਦਸਦੇ ਕਿਹਾ ਕਿ ਹਵਾ ਪਾਣੀ ਤੇ ਅਗਨੀ ਸਭ ਪ੍ਰਭੂ ਦੇ ਅੰਗ ਹਨ। ਕੁਦਰਤ ਵਿੱਚ ਹੀ ਉਹ ਕਾਦਰ ਦਾ ਵਿਸਮਾਦੀ ਰੂਪ ਸਮੋਇਆ ਹੋਇਆ ਹੈ। ਗੁਰੂ ਜੀ ਨੇ ਇਨ੍ਹਾਂ ਕੁਦਰਤੀ ਸੌਗਾਤਾਂ ਦਾ ਮਹੱਤਵ ਦਸਦੇ ਹੋਏ ਫ਼ੁਰਮਾਇਆ ਹੈ ਕਿ :-

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥

ਸਮੁਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਜਗਤ ਦੇ ਉਧਾਰ ਲਈ ਕ੍ਰਾਂਤੀਕਾਰੀ ਵਿਚਾਰਧਾਰਾ ਦੀ ਬੁਨਿਆਦ **ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ** ਆਦਿ ਨੁਕਤਿਆਂ ਦਾ ਸੁਨਹਿਰੀ ਸਿਧਾਂਤ ਦਿੱਤਾ ਹੈ ਜਿਹੜਾ ਸਮੁੱਚੀ ਮਨੁੱਖਤਾ ਦੇ ਭਲੇ ਲਈ ਅਥਾਹ ਮਹੱਤਵਪੂਰਨ ਤੇ ਕੀਮਤੀ ਹੈ। ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਗੁਰੂ ਜੀ ਦੀ ਵਿਚਾਰਧਾਰਕ ਸੇਧ ਸਮਾਜ ਤੇ ਸਭਿਆਚਾਰਕ ਕਦਰਾਂ-ਕੀਮਤਾਂ ਦਾ ਨਵ-ਨਿਰਮਾਣ ਕਰਦੀ ਹੈ। ਗੁਰੂ ਜੀ ਦੀ ਵਿਚਾਰਧਾਰਕ ਸੇਧ ਸਮਾਜ ਤੇ ਸਭਿਆਚਾਰਕ ਕਦਰਾਂ-ਕੀਮਤਾਂ ਦਾ ਨਵ-ਨਿਰਮਾਣ ਕਰਦੀ ਹੈ। ਗੁਰੂ ਜੀ ਦੀ ਬਾਣੀ ਕੇਵਲ ਆਰਥਿਕ ਤੇ ਸਮਾਜਿਕ ਜੀਵਨ ਦੀ ਖੁਸ਼ੀ ਤੇ ਸੁੱਖ ਹੀ ਪ੍ਰਦਾਨ ਨਹੀਂ ਕਰਦੀ ਬਲਕਿ ਪ੍ਰਮਾਤਮਾ ਦੀ ਪ੍ਰਾਪਤੀ ਲਈ ਲੋਕ-ਪ੍ਰਲੋਕ ਲਈ ਵੀ ਸਹਾਈ ਹੈ। ਪ੍ਰਮਾਤਮਾ ਦੀ ਛੱਤਰ ਛਾਇਆ ਹੇਠ ਹੀ ਚੰਗਾ ਜੀਵਨ ਬਣਦਾ ਹੈ। ਸਮਾਜ-ਸਭਿਆਚਾਰਕ ਪ੍ਰਬੰਧਕ ਵਿੱਚ ਵਿਚਰਦਾ ਹੋਇਆ ਮਨੁੱਖ ਗੁਰਬਾਣੀ ਦੇ ਚਿਤਵਨ ਨਾਲ ਹੀ ਸਾਊ ਤੇ ਲੋਕ-ਸੇਵਕ ਵਜੋਂ ਦੁਨੀਆਂ ਵਿੱਚ ਵਿਚਰਦਾ ਹੈ ਤੇ ਪ੍ਰਮਾਤਮਾ ਦਾ ਪਿਆਰਾ ਹੋਣ ਦਾ ਮਾਣ ਹਾਸਿਲ ਕਰਦਾ ਹੈ। ਅਜਿਹੇ ਮਨੁੱਖੀ ਜੀਵਨ ਦੀ ਪ੍ਰਾਪਤੀ ਨਾਮ ਸਮਰਨ ਨਾਲ ਹੀ ਪ੍ਰਾਪਤ ਹੋ ਸਕਦੀ ਹੈ।

—o—


1. ਮਨਜੀਤ ਕੌਰ, ਗੁਰਮਤਿ ਕਾਵਿ ਦੇ ਪ੍ਰਸੰਗ.
2. ਜੀਵਨ ਗਾਥਾ ਤੇ ਸਿਧਾਂਤ ਸ੍ਰੀ ਗੁਰੂ ਨਾਨਕ ਦੇਵ ਜੀ.
3. ਸਮਦਰਸ਼ੀ, ਅੰਕ 81.


## ਕਸੂਰ




**ਪ੍ਰੋ. ਨਵ ਸੰਗੀਤ ਸਿੰਘ**
# 1, ਲਤਾ ਗਰੀਨ ਐਨਕਲੇਵ,
ਪਟਿਆਲਾ-147002.
(9417692015)


ਹੋਇਆ ਕੀ ਕਸੂਰ, ਦਿਲ ਹੋਇਆ ਚੂਰ ਚੂਰ ਮੇਰਾ,
ਸੋਹਣਿਆਂ ਤੂੰ ਕਾਹਤੋਂ ਲਈਆਂ ਅੱਖੀਆਂ ਨੇ ਫੇਰ ਵੇ!
ਦਿਲ ਹੈ ਉਦਾਸ, ਅੱਜ ਬੜਾ ਹੀ ਨਿਰਾਸ਼ ਹੋਇਆ,
ਲੱਗਦੈ ਕਿ ਚਾਰੇ ਪਾਸੇ ਪੈ ਗਿਆ ਹਨੇਰ ਵੇ!

ਨਿੱਕੀ ਜੇਹੀ ਗੱਲ ਉੱਤੇ ਵੱਟ ਲਿਆ ਮੂੰਹ ਉਹਨੇ,
ਆਉਂਦੀ ਹੈ ਭੁਆਂਟਣੀ ਤੇ ਚੜ੍ਹਦੀ ਹੈ ਘੇਰ ਵੇ!
ਛੱਡ ਰੋਸਾ, ਹੱਥ ਜੋੜਾਂ, ਮਿੰਨਤਾਂ ਮੈਂ ਕਰਦੀ ਹਾਂ,
ਲਿਖ 'ਤਾ ਮੁਆਫ਼ੀਨਾਮਾ, ਲਾਈ ਕਾਹਤੋਂ ਦੇਰ ਵੇ!

ਐਡਾ ਕੀ ਪਹਾੜ ਟੁੱਟਾ, ਗੁੱਸਾ ਮੇਰੇ ਉੱਤੇ ਫੁੱਟਾ,
ਪਾਵੇਂ ਵਖਰੇਵੇਂ ਕਹਿ ਕੇ ਐਵੇਂ ਮੇਰ-ਤੇਰ ਵੇ!
ਚੰਗੀ ਨਹੀਂ ਜ਼ਿਦ, ਹੋਈ ਛੋਟੀ ਜਿਹੀ ਗਲਤੀ ਜੇ,
ਥੁੱਕ ਦੇ ਤੂੰ ਗੁੱਸਾ, ਹੁਣ ਬੁੱਲ੍ਹੀਆਂ ਨਾ ਟੇਰ ਵੇ!

ਭਰਦੀ ਹਾਂ ਹੌਕੇ, ਦਿਲੋਂ ਉਠਦੀ ਹੈ ਹੂਕ ਮੇਰੇ,
ਰਗੜਾਂ ਮੈਂ ਮੱਥਾ, ਅੱਖੋਂ ਹੰਝੂ ਰਹੀ ਕੇਰ ਵੇ!
ਚੈਨ ਆਵੇ ਦਿਲ ਨੂੰ, ਜੇ ਕਰ ਦੇਵੇਂ ਮਾਫ਼ ਮੈਨੂੰ,
ਹੱਸ ਕੇ ਜੇ ਬੋਲੇਂ, ਨਾਲ਼ ਮੇਰੇ ਇੱਕ ਵੇਰ ਵੇ!

ਦੁਖੀ ਵੇਖ ਮੈਨੂੰ, ਚੜ੍ਹੇ ਖੁਸ਼ੀ ਏਦਾਂ ਤੈਨੂੰ,
ਜਿਵੇਂ ਕੀਤਾ ਹੋਵੇ ਫੌਤ, ਕੋਈ ਤਿੱਤਰ-ਬਟੇਰ ਵੇ!
ਸੀਨਾ ਹੋਇਆ ਤਾਰ-ਤਾਰ, ਕਾਹਤੋਂ ਪਾਵੇਂ ਫਿਟਕਾਰ,
ਸਿੱਧੀ ਗੱਲ ਕਰ ਮੂੰਹੋਂ, ਛੱਡ ਵਾਧੂ ਹੇਰ-ਫੇਰ ਵੇ!

ਮੱਥੇ ਵੱਟ ਪਾਉਣੇ ਛੱਡ, ਦਿਲ 'ਚੋਂ ਕਰੋਧ ਕੱਢ,
ਫੇਰ ਹੀ ਕਰਾਂਗੇ ਗੱਲਾਂ, 'ਕੱਠੇ ਹੋ ਕੇ ਢੇਰ ਵੇ!
ਹਿੱਕ ਨਾਲ ਲਾ ਕੇ, ਗਲਵੱਕੜੀ ਜੇ ਘੁੱਟ ਪਾਵੇਂ,
ਮੇਰੇ ਲਈ ਆਉਣੀ, ਉਦੋਂ ਸੱਜਰੀ-ਸਵੇਰ ਵੇ!

# ਕਸ਼ਮੀਰ ਦੀ ਡਾਇਰੀ



**ਚੇਤਨ ਸਿੰਘ,**
ਐਡੀਸ਼ਨਲ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

'ਕਸ਼ਮੀਰ ਦੀ ਡਾਇਰੀ' ਦੇ ਇਸ ਹੱਥ ਲਿਖਤ ਖਰੜੇ ਦੇ ਲੇਖਕ ਪ੍ਰੋ. ਸੇਵਾ ਸਿੰਘ (ਜੰਮੂ ਕਸ਼ਮੀਰ ਵਾਲੇ) ਹਨ। ਇਸ ਡਾਇਰੀ ਵਿੱਚ 1947 ਦੇ ਘੱਲੂਘਾਰੇ ਦੌਰਾਨ ਕਬਾਇਲੀਆਂ ਵੱਲੋਂ ਕੀਤੇ ਗਏ ਹਮਲੇ ਅਤੇ ਸਿੱਖਾਂ- ਹਿੰਦੂਆਂ ਵਲੋਂ ਬਾਰਾਮੂਲੇ ਵਲੋਂ ਉਜੜ ਕੇ, ਸ੍ਰੀਨਗਰ ਵੱਲ, ਕਾਫ਼ਲਿਆਂ ਦੇ ਰੂਪ ਵਿਚ ਕੂਚ ਕਰਨ ਬਾਰੇ ਹਰ ਇਕ ਦਿਨ ਦੇ ਹਾਲਾਤ ਰੋਜ਼ਨਾਮਚੇ ਵਜੋਂ ਲਿਖੇ ਹੋਏ ਹਨ। ਭਾਵੇਂ ਪ੍ਰੋ. ਸੇਵਾ ਸਿੰਘ ਦੀਆਂ ਲਗ ਭਗ ਇੱਕ ਦਰਜਨ ਦੇ ਕਰੀਬ ਹੋਰ ਪੁਸਤਕਾਂ ਛਪੀਆਂ ਹੋਈਆਂ ਮਿਲਦੀਆਂ ਹਨ, ਪਰ ਇਹ ਡਾਇਰੀ ਅਜੇ ਤੱਕ ਅਣਛਪੀ ਹੀ ਰਹੀ ਹੈ। ਇਸ ਡਾਇਰੀ ਦੇ ਮੈਨੂੰ ਪ੍ਰਾਪਤ ਹੋਣ ਦਾ ਸਬੱਬ ਵੀ ਪਾਠਕਾਂ ਨਾਲ ਸਾਂਝਾ ਕੀਤਾ ਜਾਦਾ ਹੈ-

ਜਦੋਂ ਭਾਈ ਧੰਨਾ ਸਿੰਘ ਚਹਿਲ ਪਟਿਆਲਵੀ ਦੁਆਰਾ 11 ਮਾਰਚ 1930 ਤੋਂ 02 ਮਾਰਚ 1935 ਤੱਕ ਸਾਈਕਲ ਉੱਪਰ ਸਾਰੇ ਭਾਰਤ ਦੀ ਯਾਤਰਾ ਕਰਕੇ ਗੁਰਦੁਆਰਿਆਂ ਦੇ ਲਿਖੇ ਇਤਿਹਾਸ ਵਾਲੀਆਂ ਅਣਛਪੀਆਂ ਹੱਥ ਲਿਖਤ ਅੱਠ ਡਾਇਰੀਆਂ ਨੂੰ ਮੈਂ ਗੁਰ ਤੀਰਥ ਸਾਈਕਲ ਯਾਤਰਾ ਦੇ ਰੂਪ ਵਿੱਚ ਸੰਪਾਦਤ ਕਰਕੇ 2016 ਵਿਚ ਪੰਜਾਬੀ ਸੱਥ ਲਾਂਬੜਾ ਵਲੋਂ ਛਪਵਾਇਆ ਸੀ, ਤਾਂ ਇਹ ਗੱਲ ਸਪਸ਼ਟ ਹੋਈ ਸੀ ਕਿ ਭਾਈ ਧੰਨਾ ਸਿੰਘ ਦੀ ਨੌਵੀਂ ਡਾਇਰੀ ਪ੍ਰਾਪਤ ਨਹੀਂ ਹੋਈ ਸੀ। ਇਹ ਨੌਵੀਂ ਡਾਇਰੀ ਭਾਈ ਧੰਨਾ ਸਿੰਘ ਚਹਿਲ ਆਪਣੀ ਆਖਰੀ ਯਾਤਰਾ ਸਮੇਂ ਲਿਖ ਰਹੇ ਸਨ। ਉਨ੍ਹਾਂ ਦੀ ਆਖਰੀ ਯਾਤਰਾ ਕਸ਼ਮੀਰ ਦੇ ਇਲਾਕੇ ਦੀ ਸੀ। ਭਾਈ ਧੰਨਾ ਸਿੰਘ ਚਹਿਲ ਉਸ ਆਖਰੀ ਯਾਤਰਾ ਵਿੱਚ ਓਧਰ ਬੰਨੂ ਕੁਹਾਟ ਵੱਲ ਇਕ ਦੁਰਘਟਨਾ ਰਾਹੀ ਸਵਰਗਵਾਸ ਉਹ ਗਏ ਸਨ ਅਤੇ ਆਖਰੀ ਸਮੇਂ ਲਿਖੀ ਜਾ ਰਹੀ ਨੌਵੀਂ ਡਾਇਰੀ ਕਿਧਰੇ ਗੁੰਮ ਹੋ ਗਈ ਸੀ। ਪੁਸਤਕ ਛਪਵਾਉਣ ਤੋਂ ਬਾਅਦ ਉਸ ਨੌਵੀਂ ਡਾਇਰੀ ਨੂੰ ਲੱਭਣ ਦਾ ਖ਼ਿਆਲ ਮੇਰੇ ਮਨ ਵਿਚ ਭਾਰਾ ਹੁੰਦਾ ਗਿਆ। ਭਾਵੇਂ ਬਹੁਤ ਸਮਾਂ ਬੀਤ ਚੁੱਕਾ ਸੀ ਪਰ ਫਿਰ ਵੀ ਜੇ ਅੱਠ ਡਾਇਰੀਆਂ 80 ਸਾਲ ਬਾਅਦ ਪ੍ਰਾਪਤ ਹੋ ਸਕਦੀਆਂ ਹਨ ਤਾਂ ਨੌਵੀਂ ਡਾਇਰੀ ਵੀ ਯਤਨ ਕੀਤਿਆਂ ਲੱਭ ਸਕਣ ਦੀ ਇਕ ਆਸ ਸੀ । ਮੇਰਾ ਧਾਰਮਿਕ ਵਿਸ਼ਵਾਸ਼ ਵੀ ਹੈ ਕਿ 'ਜੋ ਖੋਜੇ ਸੋ ਪਾਵੈ।' ਇਸ ਲਈ ਮੈਂ ਹੱਥ ਲਿਖਤਾਂ ਸੰਭਾਲਣ ਵਾਲੀਆਂ ਲਾਇਬ੍ਰੇਰੀਆਂ ਅਤੇ ਵਿਸ਼ੇਸ਼ ਤੌਰ ਤੇ ਜੰਮੂ ਵਿਖੇ ਹੱਥ ਲਿਖਤਾਂ ਦੇ ਸੰਗ੍ਰਹਿ ਦੇਖਣ ਦਾ ਮਨ ਬਣ ਲਿਆ। ਜੰਮੂ ਵਿਖੇ ਸਰਕਾਰੀ ਪੁਰਾਤੱਤਵ ਵਿਭਾਗ ਦਾ ਅਜਾਇਬ ਘਰ, ਸ੍ਰੀ ਅਬਰੋਲ ਅਤੇ ਸ. ਇੰਦਰ ਸਿੰਘ ਦੇ ਨਿੱਜੀ ਸੰਗ੍ਰਹਿ ਵੀ ਦੇਖੇ ਜਿਨਾਂ ਪਾਸ ਵੱਡੀ ਗਿਣਤੀ ਵਿੱਚ ਹੱਥਲਿਖਤਾਂ ਅਤੇ ਇੱਕ ਸਦੀ ਪਹਿਲਾਂ ਦੀਆਂ ਪੁਸਤਕਾਂ ਮੌਜੂਦ ਹਨ, ਪਰ ਕਿਧਰੋਂ ਵੀ ਅਜੇ ਤੱਕ ਭਾਈ ਧੰਨਾ ਸਿੰਘ ਚਹਿਲ ਦੀ ਉਹ ਨੌਵੀਂ ਡਾਇਰੀ ਨਾ ਲੱਭੀ। ਜੰਮੂ ਕਸ਼ਮੀਰ ਦੇ ਵਿੱਚ ਇਹ ਖੋਜ ਕਰਦਿਆਂ ਜਿੱਥੇ ਜਲੰਧਰ ਤੋਂ ਮੇਰਾ ਹੌਸਲਾ ਵਧਾਉਣ ਤੇ ਸਾਥ ਦੇਣ ਵਾਲੇ ਭਾਈ ਸੁਰਜੀਤ ਸਿੰਘ ਅਤੇ ਭਾਈ ਗੁਰਚਰਨ ਸਿੰਘ ਮੇਰੇ ਨਾਲ ਜਾਂਦੇ ਰਹੇ, ਉੱਥੇ ਜੰਮੂ ਦੇ ਗੁਰ ਇਤਿਹਾਸ ਦੇ ਚਿੰਤਕ ਸ. ਰਾਜਿੰਦਰ ਸਿੰਘ ਰੈਣਾ ਨਾਲ ਮੇਲ ਬੜਾ ਸੁਭਾਗਾ ਸਾਬਤ ਹੋਇਆ ਰੈਣਾ ਸਾਹਿਬ ਦੂਰਦਰਸ਼ਨ ਜੰਮੂ ਕਸ਼ਮੀਰ ਦੇ ਡਾਇਰੈਕਟਰ ਵਜੋਂ ਰਿਟਾਇਰ ਹੋਏ ਹਨ । ਉਹਨਾਂ ਦੇ ਨਿੱਜੀ ਸੰਗ੍ਰਹਿ ਵਿਚੋਂ 'ਕਸ਼ਮੀਰ ਦੀ ਡਾਇਰੀ' ਦਾ ਇਹ ਹੱਥ ਲਿਖਤ ਖਰੜਾ ਪ੍ਰਾਪਤ ਹੋਇਆ। ਮੇਰੇ ਵੱਲੋਂ ਭਾਈ ਧੰਨਾ ਸਿੰਘ ਚਹਿਲ ਦੀਆਂ ਡਾਇਰੀਆਂ ਛਪਵਾਈਆਂ ਵੇਖ ਕੇ ਉਹਨਾਂ ਨੇ ਬੜੀ ਫਰਾਖ਼ਦਿਲੀ ਵਿਖਾਉਂਦਿਆਂ ਇਹ ਖਰੜਾ ਪੁਸਤਕ ਰੂਪ ਵਿਚ ਵੇਖਣ ਦੀ ਆਸ ਨਾਲ ਮੈਨੂੰ ਸੌਂਪ ਦਿੱਤਾ। ਫ਼ਲਸਰੂਪ ਇਹ ਪੁਸਤਕ ਆਪ ਦੇ ਮੁਬਾਰਕ ਹੱਥਾਂ ਵਿਚ ਹੈ।

ਇਹ ਕਸ਼ਮੀਰ ਦੇ ਇਤਿਹਾਸ ਦੀ ਇਕ ਝਾਕੀ ਹੈ, ਜੋ ਲੇਖਕ ਪ੍ਰੋ. ਸੇਵਾ ਸਿੰਘ ਨੇ ਅੱਖੀਂ ਵੇਖੀ ਤੇ ਪਿੰਡੇ ਉਤੇ ਹੰਢਾਈ ਹੈ ਤੇ ਹੁਣ ਕਸ਼ਮੀਰ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਦਸਤਾਵੇਜ਼ ਹੈ। ਪ੍ਰੋ. ਸੇਵਾ ਸਿੰਘ ਦਾ ਜਨਮ 18 ਜੁਲਾਈ 1922 ਨੂੰ ਪਿਤਾ ਚਰਨ ਸਿੰਘ ਅਤੇ ਮਾਤਾ ਆਤਮ ਕੌਰ ਦੇ ਗ੍ਰਹਿ ਪਿੰਡ ਸਿੰਘਪੁਰਾ

(ਬਾਰਾਮੁੱਲਾ) ਵਿੱਚ ਹੋਇਆ। ਸਿੰਘਪੁਰਾ ਕਸ਼ਮੀਰ ਦਾ ਇੱਕ ਮਹੱਤਵਪੂਰਨ ਪਿੰਡ ਹੈ। ਕਿਸੇ ਸਮੇਂ ਇਹ ਕੌਮੀ ਸ਼ਾਹ ਰਾਹ ਉਤੇ ਪੈਂਦਾ ਸੀ। ਇਹ ਸਿੱਖ ਵਸੋਂ ਵਾਲਾ ਪਿੰਡ ਸੀ। 1947 ਦੀ ਵੰਡ ਸਮੇਂ ਇਸ ਪਿੰਡ ਦੇ ਮਸ਼ਹੂਰ ਮਹੱਲਿਆਂ ਵਿਚ-ਮਹੱਲਾ ਗੰਥੀਆਂ, ਮਹੱਲਾ ਭਾਈ ਬੁੱਢਾ ਸਿੰਘ, ਮਹੱਲਾ ਨਿਹੰਗ ਸਿੰਘਾਂ ਆਦਿ ਹੁੰਦੇ ਸਨ। ਸਿੰਘਪੁਰੇ ਪਿੰਡ ਦੇ ਗੁਰਦੁਆਰੇ ਵਿੱਚ ਰੋਜ਼ਾਨਾ ਆਸਾ ਦੀ ਵਾਰ ਲੱਗਣ ਸਮੇਂ ਪਿੰਡ ਦੇ ਸਾਰੇ ਸੱਜਣ ਸਵੇਰੇ ਸ਼ਾਮ ਬੜੀ ਹੀ ਪ੍ਰੀਤ ਦੇ ਨਾਲ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਿਆ ਕਰਦੇ ਸਨ। ਗੱਲ ਕੀ ਇਸ ਪਿੰਡ ਵਿੱਚ ਗੁਰਸਿੱਖੀ ਦਾ ਪੂਰਾ ਮਾਹੌਲ ਸੀ। ਭਾਈ ਸੇਵਾ ਸਿੰਘ ਨੇ ਪਿੰਡ ਦੇ ਸਕੂਲ ਤੋਂ ਪ੍ਰਾਇਮਰੀ ਕਰਨ ਬਾਅਦ ਬਾਰਾਮੁੱਲਾ ਦੇ 'ਗੁਰੂ ਹਰਿ ਗੋਬਿੰਦ ਖ਼ਾਲਸਾ ਬੋਰਡਿੰਗ ਹਾਊਸ' ਵਿੱਚੋਂ ਦਸਵੀਂ ਕੀਤੀ ਅਤੇ 1945 ਦੇ ਵਿੱਚ ਬੀ.ਏ.ਪਾਸ ਕਰਨ ਲਈ ਉਹਨਾਂ ਨੂੰ ਸ੍ਰੀਨਗਰ ਜਾਣਾ ਪਿਆ ਸੀ। ਐਮ.ਏ. ਕਰਨ ਸਮੇਂ ਉਹ ਖ਼ਾਲਸਾ ਕਾਲਜ ਅੰਮ੍ਰਿਤਸਰ ਸਨ, ਜਦੋਂ ਦੇਸ਼ ਦੀ ਵੰਡ ਦੇ ਰੌਲੇ ਪੈਣੇ ਸ਼ੁਰੂ ਹੋ ਗਏ ਸਨ। ਕਬਾਇਲੀਆਂ ਨੇ ਨਵੰਬਰ 1947 ਵਿੱਚ ਮੁਜੱਫਰਾਬਾਦ ਰਾਹੀਂ ਬਾਰਾਂਮੁੱਲੇ ਉੱਪਰ ਹਮਲਾ ਕਰ ਦਿੱਤਾ ਸੀ। ਉਹ ਸ੍ਰੀਨਗਰ ਵੱਲ ਬੜੀ ਤੇਜ਼ੀ ਨਾਲ ਵੱਧ ਰਹੇ ਸਨ। ਸਿੱਖ ਅਤੇ ਹਿੰਦੂ ਆਪਣੇ ਘਰ ਘਾਟ ਛੱਡ ਕੇ ਸ਼੍ਰੀਨਗਰ ਵੱਲ ਸੁਰੱਖਿਅਤ ਜਗ੍ਹਾ ਜਾ ਰਹੇ ਸਨ। ਇਸ ਸਮੇਂ ਸਥਾਨਕ ਲੋਕ ਮੌਕਾ ਪ੍ਰਸਤੀ ਵਿਖਾਉਂਦਿਆਂ ਅੱਗਾਂ ਲਗਾ ਕੇ ਉਹਨਾਂ ਦੇ ਘਰ-ਘਾਟ ਦਾ ਨੁਕਸਾਨ ਕਰ ਰਹੇ ਸਨ। ਉਨ੍ਹਾਂ ਸਮਿਆਂ ਵਿਚ ਅੰਗਰੇਜ਼ ਸਰਕਾਰ ਨੇ ਰਿਆਸਤੀ ਰਾਜੇ ਹਰੀ ਸਿੰਘ ਨੂੰ ਇਹ ਹੱਕ ਦਿੱਤੇ ਹੋਏ ਸਨ ਕਿ ਉਹ ਆਪਣੀ ਸੁਰੱਖਿਆ ਲਈ ਮਰਜ਼ੀ ਨਾਲ ਭਾਰਤ ਜਾਂ ਪਾਕਿਸਤਾਨ ਤੋਂ ਸਹਾਇਤਾ ਲੈਣ ਬਾਰੇ ਚੋਣ ਕਰ ਸਕਦੇ ਹਨ। ਰਾਜਾ ਹਰੀ ਸਿੰਘ ਨੇ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਤੋਂ ਫਸਟ ਅਲੈਵਨ ਸਿੱਖ ਪਲਟਨ ਦੀ ਤੁਰੰਤ ਸਹਾਇਤਾ ਮੰਗੀ। ਇਹ ਸਿੱਖ ਪਲਟਨ ਦੂਜੀ ਵਿਸ਼ਵ ਜੰਗ ਵਿਚ ਬਹਾਦਰੀ ਨਾਲ ਲੜਾਈ ਕਰਨ ਕਰਕੇ ਚਰਚਾ ਵਿਚ ਸੀ। ਇਹ ਪਲਟਨ ਉਸੀ ਵੇਲੇ ਅੰਬਾਲਾ ਦੇ ਹਵਾਈ ਅੱਡੇ ਰਾਹੀਂ ਸ਼੍ਰੀਨਗਰ ਹੁੰਦੀ ਹੋਈ ਕਸ਼ਮੀਰ ਪਹੁੰਚ ਗਈ ਸੀ। ਇਸ ਪਲਟਨ ਦੇ ਬਹਾਦਰ ਸਿੱਖ ਜਵਾਨਾਂ ਨੇ ਕਬਾਇਲੀਆਂ ਦੇ ਹਮਲੇ ਨੂੰ ਪੂਰੀ ਤਰ੍ਹਾਂ ਠੱਲ ਪਾ ਕੇ ਕਸ਼ਮੀਰ ਨੂੰ ਬਚਾ ਲਿਆ ਸੀ।

ਬਾਰਾਮੁੱਲੇ ਦੇ ਹਾਲਾਤ ਠੀਕ ਹੋਣ ਬਾਅਦ ਹੌਲੀ ਹੌਲੀ ਸ਼੍ਰੀਨਗਰ ਵਿੱਚ ਸ਼ਰਨਾਰਥੀਆਂ ਵਜੋਂ ਇਕੱਠੇ ਹੋਏ ਸਿੱਖ ਆਪਣੇ ਪਿੰਡਾਂ ਵੱਲ ਜਾਣ ਲੱਗ ਪਏ। ਲੁਟੇ ਪੁੱਟੇ ਘਰ ਮੁੜ ਆਬਾਦ ਹੋਣ ਲੱਗ ਪਏ। "ਉਸ ਸਮੇਂ ਸਿੱਖ ਆਪਣੀ ਸੁਰੱਖਿਆ ਫੌਜ ਤੋਂ ਹੀ ਅਨੁਭਵ ਕਰਦੇ ਸਨ। ਭਾਰਤੀ ਫੌਜ ਵਿੱਚ ਉਸ ਸਮੇਂ ਸਿੱਖ ਚੋਖੀ ਗਿਣਤੀ ਵਿੱਚ ਸਨ। ਇਹ ਨੇੜਤਾ ਵੀ ਸਰਕਾਰ ਤੇ ਆਮ ਵਸੋਂ ਨੂੰ ਨਹੀਂ ਸੀ ਸੁਖਾਂਦੀ। ਸਰਕਾਰ ਵੱਲੋਂ ਇੱਕ ਹੁਕਮ ਜਾਰੀ ਹੋਇਆ ਕਿ ਜੇਕਰ ਕਸ਼ਮੀਰ ਦਾ ਸਿੱਖ ਕਿਸੇ ਫੌਜੀ ਸਿੱਖ ਨਾਲ ਗੱਲ ਕਰਦਾ ਜਾਂ ਨੇੜਤਾ ਦੇ ਸਬੰਧ ਰੱਖਦਾ ਵੇਖਿਆ ਗਿਆ ਤਾਂ ਉਹਨੂੰ ਛਿਆਂ ਮਹੀਨਿਆਂ ਦੀ ਕੈਦ ਦੀ ਸਜ਼ਾ ਹੋਵੇਗੀ। ਪਰ ਇਹ ਅਵਸਥਾ ਬਹੁਤ ਚਿਰ ਨਾ ਰਹੀ। ਸਿੱਖਾਂ ਵੱਲੋਂ ਇਹੋ ਜਿਹੇ ਵਤੀਰੇ ਵਿਰੁੱਧ ਪ੍ਰੋਟੈਸਟ ਹੋਏ ਅਤੇ ਮੁਜ਼ਾਹਿਰੇ ਕੀਤੇ ਗਏ। ਕੁਝ ਨੇਤਾਵਾਂ ਨੂੰ ਗ੍ਰਿਫਤਾਰ ਵੀ ਕੀਤਾ ਗਿਆ। ਅਖੀਰ ਸਰਕਾਰ ਦਾ ਰਵੱਈਆ ਬਦਲਿਆ ਅਤੇ ਸਿੱਖ ਆਪਣੇ ਆਪ ਨੂੰ ਕਿਸੇ ਹੱਦ ਤੱਕ ਸੁਰੱਖਿਤ ਅਨੁਭਵ ਕਰਨ ਲੱਗੇ।"

ਭਾਈ ਸੇਵਾ ਸਿੰਘ ਦੀ ਸ਼ਾਦੀ ਬੀਬੀ ਤ੍ਰਿਪਤਾ ਨਾਲ 1948 ਦੇ ਵਿੱਚ ਹੋਈ ਸੀ। ਉਨ੍ਹਾਂ ਦਿਨਾਂ ਵਿਚ ਭਾਈ ਸੇਵਾ ਸਿੰਘ ਨੂੰ ਮਿਲਟਰੀ ਵਿੱਚ ਸਿਵਲੀਅਨ ਸਕੂਲ ਮਾਸਟਰ ਦੀ ਆਰਜ਼ੀ ਨੌਕਰੀ ਮਿਲ ਗਈ ਅਤੇ ਘਰ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ। ਉਨਾਂ ਦੇ ਘਰ ਦੋ ਪੁੱਤਰਾਂ ਤੇ ਇਕ ਪੁਤਰੀ ਦਾ ਜਨਮ ਹੋਇਆ। ਭਾਈ ਸੇਵਾ ਸਿੰਘ ਨੂੰ 1951 ਵਿੱਚ ਜੰਮੂ ਰਿਕਾਰਡ ਆਫਿਸ ਵਿੱਚ ਸਰਕਾਰੀ ਨੌਕਰੀ ਮਿਲ ਲਈ। 1954 ਵਿੱਚ ਉਹ ਸੇਂਟ ਯੋਜ਼ਫ ਕਾਲਜ ਵਿੱਚ ਪ੍ਰੋਫੈਸਰ ਲੱਗ ਗਏ। ਉਸ ਤੋਂ ਬਾਅਦ 1957 ਤੋਂ ਲੈ ਕੇ 1974 ਤੱਕ ਪ੍ਰਤਾਪ ਕਾਲਜ ਸ਼੍ਰੀਨਗਰ ਵਿੱਚ ਪ੍ਰੋਫੈਸਰ ਰਹੇ ਹਨ। ਸੇਵਾ ਮੁਕਤ ਹੋਣ ਤੋਂ ਬਾਅਦ ਉਹਨਾਂ ਨੇ ਵਿਸ਼ਵ ਭਾਰਤੀ ਕਾਲਜ ਵਿੱਚ ਵੀ ਸੇਵਾ ਕੀਤੀ। ਪ੍ਰੋ. ਸੇਵਾ ਸਿੰਘ ਸੰਨ 2004 ਵਿੱਚ ਸੁਰਗਵਾਸ ਹੋ ਗਏ ਸਨ।

ਦਿਲ ਵਿਚ ਸਿੱਖੀ ਜਜ਼ਬਾ ਹੋਣ ਕਾਰਨ ਤੇ ਸਿੱਖ ਜਗਤ ਦੀ ਲੋੜ ਅਨੁਸਾਰ ਉਹਨਾਂ ਨੇ ਕੁਝ ਰਚਨਾਵਾਂ ਵੀ ਕੀਤੀਆਂ। ਪੱਤਰਕਾਰੀ ਦੇ ਖੇਤਰ ਵਿੱਚ 'ਪੰਥਕ ਸੰਦੇਸ਼' ਮਾਸਕ ਪੱਤਰ ਲਈ ਜਦੋ-ਜਹਿਦ ਅਤੇ ਸਪਤਾਹਿਕ ਉਰਦੂ 'ਆਵਾਜ਼ੇ ਹੱਕ' ਕੱਢਣ ਵਿੱਚ ਆਪਣਾ ਭਰਪੂਰ ਯੋਗਦਾਨ ਪਾਇਆ। ਪ੍ਰੋੜ ਉਮਰ ਵਿਚ ਉਹਨਾਂ ਦੀਆਂ ਰਚੀਆਂ ਲੱਗ ਭਗ ਇਕ ਦਰਜਨ ਪੁਸਤਕਾਂ ਦੇ ਨਾਮ ਇਸ ਤਰ੍ਹਾਂ ਹਨ- 'ਕਸ਼ਮੀਰੀ ਸਿੱਖਾਂ ਦਾ ਸਮਾਜਿਕ ਤੇ ਰਾਜਸੀ

ਇਤਿਹਾਸ'; 'ਜੰਮੂ ਕਸ਼ਮੀਰ ਮੇਂ ਪੰਜਾਬੀ ਜ਼ੁਬਾਨ ਓ ਅਦਬ' (ਉਰਦੂ); 'ਜੰਮੂ ਕਸ਼ਮੀਰ ਵਿੱਚ ਪੰਜਾਬੀ ਭਾਸ਼ਾ ਤੇ ਸਾਹਿਤ'; 'ਜੰਮੂ ਕਸ਼ਮੀਰ ਦੇ ਪੰਜਾਬੀ ਲੋਕ ਗੀਤ'; 'ਇਹ ਰਿਸ਼ਤੇ ਤੇ ਹੋਰ ਕਹਾਣੀਆਂ'; 'ਗਿਆਨ ਰਾਸ'; 'ਜੰਮੂ ਕਸ਼ਮੀਰ ਦੀਆਂ ਚੋਣਵੀਆਂ ਪੰਜਾਬੀ ਕਹਾਣੀਆਂ'; 'ਯਾਦਾਂ ਤੇ ਸਾਂਝਾਂ'; 'ਵੁੱਲਰ ਦੀਆਂ ਛੱਲਾਂ', 'ਡੋਗਰੀ ਸਾਹਿਤ ਦੀ ਜਾਣ-ਪਛਾਣ' ਆਦਿ ਵਧੇਰੇ ਚਰਚਾ ਦਾ ਵਿਸ਼ਾ ਹਨ। ਪਰੰਤੂ 25 ਸਾਲ ਦੀ ਉਮਰ ਵਿਚ, 1947 ਬਾਰੇ ਸਭ ਤੋਂ ਪਹਿਲੋਂ ਲਿਖੀ ਇਹ ਹੱਥਲੀ ਡਾਇਰੀ ਅੱਜ 2024 ਤੱਕ ਨਹੀਂ ਛਪੀ ਸੀ । ਡਾ. ਜਸਬੀਰ ਸਿੰਘ ਸਰਨਾ ਵੱਲੋਂ ਜੰਮੂ ਕਸ਼ਮੀਰ ਬਾਰੇ ਲਿਖੇ 'ਪੰਜਾਬੀ ਵਿਰਾਸਤ ਕੋਸ਼' (ਪੰਨਾ 115) ਵਿੱਚ ਪ੍ਰੋ. ਸੇਵਾ ਸਿੰਘ ਦਾ ਢੁਕਵਾਂ ਜ਼ਿਕਰ ਕੀਤਾ ਹੋਇਆ ਹੈ ।

ਇਸ ਡਾਇਰੀ ਦੀ ਮਹੱਤਤਾ ਐਨੀ ਫਰੈਂਕ (Anne Frank, 1929-1945) ਦੀ ਲਿਖੀ ਡਾਇਰੀ ਨਾਲ ਤੁਲਨਾ ਕਰਕੇ ਜਾਣੀ ਜਾ ਸਕਦੀ ਹੈ। ਐਨੀ ਫਰੈਂਕ ਨੇ 15 ਸਾਲ ਦੀ ਉਮਰ ਵਿਚ, ਜੰਗ ਦੌਰਾਨ ਜਰਮਨਾਂ ਵਲੋਂ ਨੀਦਰਲੈਂਡ ਉਪਰ ਕਬਜ਼ਾ ਕਰਨ ਸਮੇਂ ਨਾਜ਼ੀਆਂ ਦੇ ਯਹੂਦੀਆਂ ਉਪਰ ਕੀਤੇ ਜ਼ੁਲਮਾਂ ਨੂੰ ਡਾਇਰੀ ਦੇ ਰੂਪ ਵਿਚ ਰੋਜ਼ਾਨਾ ਲਿਖਿਆ ਸੀ। ਉਸ ਨੇ ਆਪਣੇ ਪਰਿਵਾਰ ਤੋਂ ਵਿਛੜ ਕੇ ਬੜੇ ਔਖੇ ਦਿਹਾੜੇ ਲੁਕ ਛਿਪ ਕੇ ਲੰਘਾਏ ਸੀ। ਉਸਦੀ ਲਿਖੀ ਡਾਇਰੀ ਉਸਦੇ ਮਰਨ ਬਾਅਦ ਸਾਲਾਂ ਬਾਅਦ 'Diary of a Young Girl' ਦੇ ਨਾਮ ਹੇਠ ਛਪੀ ਸੀ। ਇਸ ਵੇਲੇ ਉਸ ਡਾਇਰੀ ਦੇ ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਅਨੁਵਾਦ ਹੋ ਚੁੱਕੇ ਹਨ। ਐਨੀ ਫਰੈਂਕ ਦੀ ਉਸ ਡਾਇਰੀ ਦੇ ਅਧਾਰ 'ਤੇ ਫਿਲਮਾਂ ਵੀ ਬਣ ਚੁੱਕੀਆਂ ਹਨ। ਉਦਾਹਰਣ ਦੇਣ ਦਾ ਮੰਤਵ ਇਹ ਹੈ ਭਈ ਸਹਿਜ ਸੁਭਾ ਲਿਖੀਆਂ ਡਾਇਰੀਆਂ ਵਿਚ ਉਸ ਸਮੇਂ ਦੇ ਨਿੱਜੀ ਅਤੇ ਸਮਾਜਕ ਸੱਚੇ ਹਾਲਾਤ ਲਿਖੇ ਹੁੰਦੇ ਹਨ, ਜੋ ਉਸ ਸਮੇਂ ਦੀ ਸ਼ੁੱਧ ਇਤਿਹਾਸਕ ਤਸਵੀਰ ਪੇਸ਼ ਕਰਦੇ ਹਨ। ਮੈਂ ਆਸ ਕਰਦਾ ਹਾਂ ਕਿ ਪਾਠਕ ਅਤੇ ਇਤਿਹਾਸ ਦੇ ਖੋਜੀ ' "ਕਸ਼ਮੀਰ ਦੀ ਡਾਇਰੀ" ਨੂੰ ਦਿਲਚਸਪੀ ਨਾਲ ਪੜ੍ਹਨਗੇ !

# ਕਵਿਤਾ



**ਮਾਧਵੀ ਅਗਰਵਾਲ**

ਖ਼ਬਰੇ ਕਿਹੜਾ ਇਹ ਤਰੀਕਾ ਹੈ ਪਿਆਰ ਕਰਨ ਦਾ,
ਜੀਅ ਹੀ ਨਹੀਂ ਕਰਦਾ ਉਹਨਾਂ ਦਾ ਮਿਲਣ ਦਾ।

ਉਤਾਵਲਾਪਣ ਸੀ ਬਸ ਇਜ਼ਹਾਰ ਕਰਨ ਦਾ ,
ਇਰਾਦਾ ਕਿੱਥੇ ਸੀ ਰੂਹ ਨਾਲ ਰਿਸ਼ਤਾ ਰੱਖਣ ਦਾ।

ਮੁਹੱਬਤ ਨਾਂ ਹੈ ਹਰ ਸਾਹ ਵਿੱਚ ਉਸਨੂੰ ਜਿਉਣ ਦਾ,
ਮਸਲਾ ਨਹੀਂ ਇਥੇ ਹਾਸਲ ਕਰਨ ਜਾਂ ਗਵਾਉਣ ਦਾ।

ਟੁਕੜਿਆਂ-ਟੁਕੜਿਆਂ ਵਿੱਚ ਵਜੂਦ ਜਿਨ੍ਹਾਂ ਦੇ ਹੋਣ ਦਾ,
ਹੱਕ ਹੈ ਉਹਨਾਂ ਨੂੰ ਮੁਹੱਬਤ ਵਿੱਚ ਇਮਤਿਹਾਨ ਵੀ ਲੈਣ ਦਾ।

ਕਦ ਮੰਗਿਆ ਸੀ ਵਾਅਦਾ ਹਰ ਰੋਜ਼ ਮਿਲਣ ਦਾ,
ਮਜ਼ਾ ਆਉਂਦਾ ਉਹਨਾਂ ਨੂੰ ਸਾਨੂੰ ਬੇਤਾਬ ਕਰਨ ਦਾ।

ਚਾਅ ਬੜਾ ਉਹਨਾਂ ਨੂੰ ਜ਼ਮਾਨੇ ਭਰ ਦੀ ਦਵਾ-ਦਾਰੂ ਕਰਨ ਦਾ,
ਬਸ ਵਕਤ ਨਹੀਂ ਹੈ ਸਾਡੇ ਹੀ ਜ਼ਖ਼ਮ ਭਰਨ ਦਾ।

ਨਹੀਂ ਵੇਖ ਸਕੇ ਉਹ ਸਮਰਪਣ ਉਹਨਾਂ ਤੱਕ ਸਿਮਟ ਜਾਣ ਦਾ,
ਦੂਰ ਹੋ ਜਾਣ ਤੇ ਪਲ-ਪਲ ਮਿਟ ਜਾਣ ਦਾ।

ਰੁਕਦਾ ਹੀ ਨਹੀਂ ਉਹਨਾਂ ਦਾ ਖਿਆਲ ਸਾਨੂੰ ਪਰਖਣ ਦਾ,
ਰੂਹ ਕੰਬ ਜਾਂਦੀ ਇਥੇ ਸੋਚ ਕੇ ਵਿਛੜਨ ਦਾ।

ਨਹੀਂ ਮਲਾਲ ਹੁਣ ਸਾਨੂੰ ਉਹਨਾਂ ਦੇ ਬਦਲਣ ਦਾ,
ਇਹ ਵਕਤ ਹੈ ਵਕਤ ਨੂੰ ਸਮਝਣ ਦਾ।

ਦਿਲ ਨੂੰ ਮਿਲਿਆ ਇਨਾਮ ਹਰ ਦਰਦ ਸਹਿਣ ਦਾ,
ਉਹਨਾਂ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਦਾ।

# ਕਾਮਰੇਡ ਗੁਰਦਾਸ ਦਾ ਜੀਵਨ ਸੰਘਰਸ਼

ਇੰਜ. ਸੀਤਲ ਸਿੰਘ ਸੰਘਾ

ਮਨੁੱਖੀ ਵਿਕਾਸ ਦਾ ਇਤਿਹਾਸ ਬਹੁਤ ਹੀ ਗੁੰਝਲਦਾਰ, ਸਮੱਸਿਆਵਾਂ, ਵਿਰੋਧੀ ਵਿਚਾਰਾਂ ਦਾ ਟਕਰਾਅ ਅਤੇ ਉਥਲ-ਪੁਥਲ ਨਾਲ ਭਰਿਆ ਪਿਆ ਹੈ। ਹਰੇਕ ਸਮੇਂ ਵਿਚ ਸਮਾਜਿਕ ਬੁਰਾਈਆਂ, ਲੁੱਟ ਖਸੁੱਟ ਅਤੇ ਮਨੁੱਖੀ ਦਬਾਅ ਮਨੁੱਖ ਨੂੰ ਅਸਰ ਅੰਦਾਜ਼ ਕਰਦੇ ਰਹੇ ਹਨ। 'ਮਨੁੱਖ ਇਸ ਦੇ ਵਿਰੁੱਧ ਸਦਾ ਹੀ ਸੰਘਰਸ਼ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ ਪਰ ਇਸ ਦਾ ਰੂਪ ਕਦੇ ਉਘੜਵਾ ਅਤੇ ਕਦੀ ਲੁਕਵਾਂ ਹੁੰਦਾ ਹੈ।

ਸਮਾਜ ਸਦਾ ਹੀ ਤਰੱਕੀ ਕਰਦਾ ਹੈ ਅਤੇ ਤਰੱਕੀ ਕਦੇ ਵੀ ਸੰਘਰਸ਼ ਅਤੇ ਟਕਰਾਅ ਤੋਂ ਬਗੈਰ ਨਹੀਂ ਹੁੰਦੀ ਹੈ।ਮਨੁੱਖ ਆਦਿ ਤੋਂ ਹੁਣ ਤੱਕ, ਕੁਦਰਤ ਨਾਲ ਸੰਘਰਸ਼ ਕਰਦਾ ਰਿਹਾ ਹੈ। ਮੁੱਢਲੇ ਰੂਪ ਵਿਚ ਆਪਣਾ ਢਿੱਡ ਭਰਨ ਲਈ, ਕੁਦਰਤੀ ਦਾਤਾਂ ਨੂੰ ਪ੍ਰਾਪਤ ਕਰਨ ਲਈ ਅਤੇ ਸਿਰਫ਼ ਖਾਣ ਲਈ ਹੀ ਸੰਘਰਸ਼ਮਈ ਸੀ। ਜਿਵੇਂ ਅੱਜ ਵੀ ਪਰਿੰਦੇ ਸਿਰਫ਼ ਆਪਣਾ ਭੋਜਨ ਪਰਾਪਤ ਕਰਨ ਲਈ ਹੀ ਹਰਕਤ ਕਰਦੇ ਹਨ। ਜਿਉਂ-ਜਿਉਂ ਸਮਾਜਿਕ ਵਿਕਾਸ ਦੀ ਚਾਲ ਤੇਜ਼ ਹੁੰਦੀ ਗਈ ਤਾਂ ਮਨੁੱਖੀ ਵਿਚਾਰ ਅਤੇ ਸਮਾਜਿਕ ਵਿਰੋਧਤਾਈਆਂ ਵੀ ਵਿਕਸਤ ਹੁੰਦੀਆਂ ਚਲੀਆਂ ਗਈਆਂ। ਮਨੁੱਖ ਦਾ ਸੰਘਰਸ਼ ਕਰਨਾ ਉਸਦਾ ਮੁੱਢਲਾ ਗੁਣ ਹੈ ਅਤੇ ਉਸਦੀ ਹੋਂਦ ਦਾ ਸੁਆਲ ਹੈ। ਉਸਦੀ ਸੋਚ ਅਤੇ ਸਰੀਰਕ ਬਣਤਰ ਦਾ ਹਿੱਸਾ ਹੈ।ਪਹਿਲਾਂ ਮਨੁੱਖ ਇਕੱਲੇ ਤੌਰ 'ਤੇ ਫਿਰ ਸਮੂਹਿਕ ਤੌਰ 'ਤੇ ਆਪਣੇ ਜੀਵਨ ਲਈ ਸੰਘਰਸ਼ ਕਰਦਾ ਰਿਹਾ ਹੈ। ਫਲਸਫ਼ੇ ਅਤੇ ਵਿਚਾਰ ਖਲਾਅ 'ਚੋਂ ਪੈਦਾ ਨਹੀਂ ਹੁੰਦੇ, ਇਹ ਸਮਾਜਕ ਵਿਕਾਸ, ਆਪਸੀ ਟਕਰਾਅ ਅਤੇ ਲੜਾਈਆਂ ਭੜਾਈਆਂ, ਉੱਥਲ-ਪੁੱਥਲ 'ਚੋਂ ਪੈਦਾ ਹੁੰਦੇ ਹਨ। ਮਨੁੱਖ ਦਾ ਸੰਘਰਸ਼ਸ਼ਮਈ ਹੋਣਾ ਉਸਦੇ ਜੀਨਜ਼ ਅਤੇ ਪਦਾਰਥਕ ਤੌਰ 'ਤੇ ਦਿਮਾਗ਼ ਦਾ ਹਿੱਸਾ ਹੈ। ਮਨੁੱਖ ਚੇਤਨ ਅਤੇ ਅਚੇਤਨ ਤੌਰ 'ਤੇ ਸੰਘਰਸ਼ ਨਹੀਂ ਛੱਡ ਸਕਦਾ। ਜਦੋਂ ਕਦੀ ਵੀ ਕੋਈ ਸਮੱਸਿਆ ਸਾਹਮਣੇ ਆਉਂਦੀ ਹੈ ਤਾਂ ਪਹਿਲਾਂ ਮਨੁੱਖ ਅਚੇਤਨ ਤੌਰ 'ਤੇ ਸੰਘਰਸ਼ ਕਰਦਾ ਹੈ ਪਰ ਮਗਰੋਂ ਚੇਤਨ ਤੌਰ 'ਤੇ ਉਸ ਦਾ ਲੇਖਾ ਜੋਖਾ ਕਰਦਾ ਹੈ। ਗੁੱਸੇ ਅਤੇ ਜੋਸ਼ ਨੂੰ ਮਨੁੱਖੀ ਜ਼ਿੰਦਗੀ ਤੋਂ ਵੱਖ ਨਹੀਂ ਕੀਤਾ ਜਾ ਸਕਦਾ ਹੈ। ਇਹ ਕੁਦਰਤੀ ਅਚੇਤਨ ਮਨ ਦਾ ਪ੍ਰਗਟਾਵਾ ਹੈ। ਵਿਚਾਰ ਪਦਾਰਥਕ ਹਾਲਤਾਂ ਤੋਂ ਪੈਂਦਾ ਹੁੰਦੇ ਹਨ ਅਤੇ ਇਹ ਸਮਾਜ 'ਤੇ ਮੋੜਵਾ ਅਸਰ ਪਾਉਂਦੇ ਹਨ। ਮਨੁੱਖੀ ਦਿਮਾਗ਼ ਵਿਕਸਤ ਹੁੰਦਾ ਹੈ ਤੇ ਵਿਚਾਰਾਂ ਦੇ ਸਮੂਹ ਦਾ ਪ੍ਰਗਟਾਵਾ ਹੁੰਦਾ ਹੈ। ਪਰ ਸਾਰਾ ਹੀ ਅਮਲ ਤਰਕ ਸੰਗਤ ਅਤੇ ਵਿਗਿਆਨਕਹੈ। ਸਮੱਸਿਆਵਾਂ ਵਿਚਾਰਾਂ ਨੂੰ ਜਨਮ ਦਿੰਦੀਆਂ ਹਨ ਅਤੇ ਸਮੱਸਿਆਵਾਂ ਪਦਾਰਥਕ ਹੁੰਦੀਆਂ ਹਨ। ਰੋਟੀ ਅਤੇ ਚੰਗੀ ਜ਼ਿੰਦਗੀ ਦਾ ਮਸਲਾ ਮਨੁੱਖੀ ਦਿਮਾਗ਼ ਨੇ ਹਰਕਤ ਬਖਸ਼ਦਾ ਹੈ ਅਤੇ ਮਨੁੱਖ ਦੀ ਦਿਮਾਗੀ ਹਰਕਤ ਮਾਦੇ 'ਚ ਤਬਦੀਲ ਹੁੰਦੀ ਹੈ।ਮਨੁੱਖ ਅਤੇ ਸਮਾਜ ਦਾ ਇਹ ਪੱਕਾ ਰੂਪ ਅਤੇ ਪ੍ਰਗਟਾਵਾ ਬਣ ਜਾਂਦੀ ਹੈ। ਸਭ ਤੋਂ ਪਹਿਲਾ ਗੁਣ ਕਿਸੇ ਵੀ ਜਾਨਦਾਰ ਜਾਂ ਪਦਾਰਥ ਵਿਚ ਆਪਣੀ ਹੋਂਦ ਨੂੰ ਬਣਾਈ ਰੱਖਣ ਦਾ ਹੁੰਦਾ ਹੈ ਅਤੇ ਫਿਰ ਇਹ ਮਨੁੱਖੀ ਦਿਮਾਗ਼ ਹੋਰ ਗੁੰਝਲਦਾਰ, ਕਿਰਿਆ ਪ੍ਰਕਿਰਿਆ ਵਲ ਵਧਦਾ ਹੈ। ਮਨੁੱਖੀ ਦਿਮਾਗ਼ ਵਿਚਾਰਾਂ ਦਾ ਸਮੂਹ ਹੈ ਜਿਹੜਾ ਕਿ ਮਨੁੱਖ ਨੇ ਬਹੁਤ ਵਰ੍ਹਿਆ ਬੱਧੀ ਆਪਣੀ ਹਰਕਤ, ਸੰਘਰਸ਼, ਕੁਦਰਤੀ ਆਫਤਾਂ, ਉਥਲਾਂ ਪੱਥਲਾਂ ਝੱਲਦਿਆਂ ਗ੍ਰਹਿਣ ਕੀਤੀ ਹੈ। ਹਰੇਕ ਸਮੇਂ ਦੀ ਪਰਸਥਿਤੀ ਅਲੱਗ-ਅਲੱਗ ਹੁੰਦੀ ਹੈ ਅਤੇ ਅਜੋਕੀ ਸਥਿਤੀ ਵਿਚ ਉਸ ਵਿਚਾਰ ਨੂੰ ਸਮਝਣ ਲਈ, ਉਸ ਸਮੇਂ ਦੀ ਸਥਿਤੀ ਨੂੰ, ਜਿਸ ਵਿਚ ਇਹ ਵਿਚਾਰ ਹੋਂਦ 'ਚ ਆਇਆ, ਸਮਝਣੀ ਬਹੁਤ ਹੀ ਜ਼ਰੂਰੀ ਹੈ। ਅਜੋਕੇ ਸਮੇਂ 'ਚ ਪਿਛਲੇ ਸਮੇਂ ਦੇ ਨਿਸ਼ਾਨ ਹੁੰਦੇ ਹਨ ਅਤੇ ਅਜੋਕੇ ਸਮੇਂ ਤੇ ਬੀਤੇ, ਸਮੇਂ ਨੂੰ ਜੋੜ ਕੇ ਦੇਖਿਆ ਜਾ ਸਕਦਾ ਹੈ। ਕਿਸੇ ਵੀ ਰਚਨਾ, ਵਿਚਾਰ, ਫਲਸਫ਼ੇ ਨੂੰ ਪੜ੍ਹਨ ਅਤੇ ਸਮਝਣ ਲਈ ਉਸ ਸਮੇਂ



ਦੀਆਂ ਹਾਲਤਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਨਹੀਂ ਤਾਂ ਹੁਣ ਦੀ ਸਮਝ ਪਰਪਕ ਅਤੇ ਸਥਿਰ ਨਹੀਂ ਹੋਵੇਗੀ ਅਤੇ ਡੱਕੇ-ਡੋਲੇ ਖਾਵੇਗੀ। ਇਹ ਮਨੁੱਖੀ ਵਿਕਾਸ ਅਤੇ ਸਮਾਜਕ ਗਤੀ ਦਾ ਹਿੱਸਾ ਨਹੀਂ ਬਣੇਗੀ। ਹਰੇਕ ਨਵਾਂ ਖ਼ਿਆਲ ਸੰਘਰਸ਼ 'ਚੋਂ ਹੀ ਪੈਦਾ ਹੁੰਦਾ ਹੈ। ਪਦਾਰਥ ਮੁੱਢਲੇ ਤੌਰ 'ਤੇ ਆਪਣੀ ਹੋਂਦ ਹਰਕਤ ਕਰਕੇ ਹੀ ਰੱਖ ਪਾਉਂਦਾ ਹੈ। ਹਰਕਤ ਤੋਂ ਬਗੈਰ ਕੋਈ ਵੀ ਪਦਾਰਥ ਹੋ ਨਹੀਂ ਸਕਦਾ।

ਹਰਕਤ ਅਤੇ ਸੰਘਰਸ਼ ਹੀ ਜ਼ਿੰਦਗੀ ਦਾ ਸੋਮਾ ਹੈ। ਮਨੁੱਖ ਸੰਘਰਸ਼ ਕਰਦਾ ਹੈ ਅਤੇ ਇਸ ਸੰਘਰਸ਼ ਵਿੱਚੋਂ ਖ਼ਿਆਲ ਉਪਜਦਾ ਹੈ। ਉਸ ਸਮੱਸਿਆ ਨੂੰ ਹੱਲ ਕਰਨ ਲਈ ਜਾਂ ਸੌਖਾ ਪਰਾਪਤ ਕਰਨ ਲਈ ਕਿਸੇ ਔਜਾਰ ਦੀ ਕਾਢ ਦਿਮਾਗ ਦਾ ਹਿੱਸਾ ਬਣਦੀ ਹੈ ਅਤੇ ਇਹ ਔਜ਼ਾਰ ਸਮਾਜਕ ਤਬਦੀਲੀ 'ਚ ਆਪਣਾ ਬਹੁਤ ਵੱਡਾ ਹਿੱਸਾ ਪਾਉਂਦਾ ਹੈ ਤੇ ਇਹ ਮੁੜਵੇਂ ਰੂਪ 'ਚ ਫਿਰ ਵਿਚਾਰਾਂ ਨੂੰ ਜਨਮ ਦਿੰਦਾ ਹੈ। ਇਹ ਮਨੁੱਖ ਦਾ ਸੁਭਾਅ ਰਹਿਣਾ, ਬਹਿਣਾ ਅਤੇ ਸਮਾਜ ਨੂੰ ਤਬਦੀਲ ਕਰਦਾ ਹੈ। ਮਨੁੱਖ ਦਾ ਜ਼ਿੰਦਗੀ ਲਈ ਸੰਘਰਸ਼, ਉਸ ਤੋਂ ਉਤਪੰਨ ਹੋਇਆ ਵਿਚਾਰ ਜਾਂ ਫੁਰਨਾ ਔਜਾਰ ਨੂੰ ਜਨਮ ਦਿੰਦਾ ਹੈ ਤਾਂ ਸਮਾਜਕ ਤਬਦੀਲੀ ਦਾ ਮੁੱਢ ਬੰਨ੍ਹਦਾ ਹੈ ਅਤੇ ਔਜਾਰ ਪੁਰਾਣੇ ਸਮਾਜਕ ਰਿਸ਼ਤਿਆਂ ਨੂੰ ਤੋੜ ਮਰੋੜ ਕੇ ਭੰਨ ਸੁੱਟਦਾ ਹੈ। ਮਨੁੱਖ ਦੀ ਸਰੀਰਕ ਭੁੱਖ, ਉਸਦੀ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਦੀ ਤਮੰਨਾ ਹੀ ਸਮਾਜ ਅਤੇ ਮਨੁੱਖੀ ਵਿਕਾਸ ਦਾ ਧੁਰਾ ਬਣਦੀ ਹੈ। ਜਿਤਨੇ ਵੀ ਹੁਣ ਤੱਕ ਔਜਾਰ ਨਵੀਆਂ ਕਾਢਾਂ ਤੇ ਤਕਨੀਕ ਵਿਕਸਤ ਹੋਈ ਹੈ ਇਸੇ ਹੀ ਅਮਲ ਦਾ ਸਿੱਟਾ ਹੈ। ਮਨੁੱਖੀ ਹੋਂਦ ਅਤੇ ਹੁਣ ਤੱਕ ਹੋਈ ਤਰੱਕੀ ਇਸੇ ਹੀ ਅਮਲ ਧਾਰਾ ਦੀ ਉਪਜ ਹੈ। ਇਸ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਸਾਰੇ ਹੀ ਸਮਾਜਕ ਕੋਹੜ ਅਤੇ ਬੁਰਾਈਆਂ ਦਾ ਕਾਰਣ ਹੈ ਕਿ ਮਨੁੱਖੀ ਸਰਗਰਮੀ ਅਤੇ ਉਸ ਦੇ ਆਪਣੀ ਹੋਂਦ ਦੇ ਸੰਘਰਸ਼ ਨੂੰ ਘਟਾਇਆ ਜਾਂ ਰੋਕਿਆ ਜਾਣਾ ਹੈ। ਜੇਕਰ ਮਨੁੱਖ ਸਰਗਰਮੀ ਕਰੇ ਤਾਂ ਇਹ ਸਮੂਹਿਕ ਸਮੱਸਿਆਵਾਂ ਨੂੰ ਹੱਲ ਕਰਨ ਦੇ ਯੋਗ ਹੈ। ਮਨੁੱਖ ਦਾ ਦਿਮਾਗੀ ਤੌਰ 'ਤੇ ਚੇਤਨ ਨਾ ਹੋਣਾ ਅਤੇ ਆਪਣੇ ਜੀਵਨ ਲਈ ਸੰਘਰਸ਼ ਨਾ ਕਰਨਾ ਹੀ ਸਾਰੀਆਂ ਸਮੱਸਿਆਵਾਂ ਦਾ ਮੂਲ ਸੋਮਾ ਹੈ। ਜਦੋਂ ਕੋਈ ਵੀ ਗ਼ਲਤ ਗੱਲ ਤਾਂ ਸਮਾਜਕ ਕੋਹੜ ਮਨੁੱਖ ਸਾਹਮਣੇ ਆਉਂਦਾ ਹੈ ਤਾਂ ਉਸਦੀ ਇਕਦਮ ਪ੍ਰਕਿਰਿਆ ਉਸ ਵਿਰੁੱਧ ਸੰਘਰਸ਼ ਕਰਨ ਦੀ ਹੁੰਦੀ ਹੈ। ਪਰ ਉਸ ਨੂੰ ਦਿਮਾਗੀ ਤੌਰ 'ਤੇ ਨਿਸਲ ਕੀਤਾ ਗਿਆ ਹੁੰਦਾ ਹੈ ਤਾਂ ਚੇਤਨ ਤੌਰ 'ਤੇ ਉਹ ਆਪਣੇ ਪੈਰ ਪਿਛਾਂਹ ਖਿੱਚਦਾ ਹੈ। ਸਮੱਸਿਆਵਾਂ ਅਤੇ ਸਮਾਜਕ ਕੋਹੜ ਦਾ ਵੱਡਾ ਹਮਲਾ ਹੁੰਦਾ, ਤਾਂ ਮਨੁੱਖ ਉਸਦਾ ਸ਼ਿਕਾਰ ਹੋ ਜਾਂਦਾ ਹੈ। ਮਨੁੱਖ ਸਮੁੱਚਤਾ ਦਾ ਹਿੱਸਾ ਹੈ। ਜੇ ਸਮੁੱਚਤਾ ਦਾ ਮਸਲਾ ਹੱਲ ਹੋਵੇਗਾ ਤਾਂ ਮਨੁੱਖ ਆਪ ਵੀ ਉਸ ਵਿਚ ਆ ਜਾਵੇਗਾ ਤਾਂ ਇਹ ਸਮੱਸਿਆ ਸਦਾ ਲਈ ਹੱਲ ਹੋ ਜਾਵੇਗੀ। ਸਮਾਜਕ ਸਰੋਕਾਰਾਂ ਵਿਚ ਮਨੁੱਖੀ ਰਿਸ਼ਤੇ ਵੀ ਕਾਇਮ ਹਨ। ਇਹ ਪੀੜ੍ਹੀ ਦਰ ਪੀੜ੍ਹੀ ਚਲੇ ਆਉਂਦੇ ਹਨ। ਇਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਜਿੱਥੇ ਆਰਥਕ ਵਸੀਲੇ ਸੌਂਪਦੀ ਹੈ ਉੱਥੇ ਉਹ ਆਪਣੇ ਸੰਸਕਾਰ ਵੀ ਦੂਜੀ ਪੀੜ੍ਹੀ ਨੂੰ ਦੇ ਕੇ ਜਾਂਦੀ ਹੈ। ਇਹ ਸਿਲਸਿਲਾ ਵੀ ਪਦਾਰਥਵਾਦੀ ਹੋ ਨਿਬੜਦਾ ਹੈ ਕਿਉਂਕਿ ਮਨੁੱਖ ਦੇ ਆਪਣੇ ਜੀਨਜ਼ ਅਤੇ ਉਹਨਾਂ ਦੇ ਗੁਣ ਦੂਜੀ ਪੀੜ੍ਹੀ ਨੂੰ ਜਾਂਦੇ ਹਨ ਅਤੇ ਇਹ ਜ਼ਰੂਰੀ ਨਹੀਂ ਕਿ ਮੌਜੂਦਾ ਨਸਲ ਪਹਿਲੀ ਨਸਲ ਦੀ ਕਾਪੀ ਹੋਵੇ। ਉਹ ਕਈ ਪੱਖਾਂ ਤੋਂ ਆਪਣਾ ਰੰਗ ਬਦਲ ਲੈਂਦੀ ਹੈ ਅਤੇ ਸਮਾਜ ਲਈ ਅਤੇ ਲੋਕਾਂ ਲਈ ਇਕ ਨਿਵੇਕਲੀ ਜਿਹੀ ਹੋ ਨਿਬੜਦੀ ਹੈ।

ਕਾਮਰੇਡ ਗੁਰਦਾਸ ਵੀ ਇਕ ਅਜਿਹੀ ਮਿਸਾਲ ਹੈ ਕਿ ਉਹ ਸਥਾਪਤੀ ਦੇ ਵਿਰੁੱਧ ਲੜਿਆ ਡਟਿਆ ਅਤੇ ਬਹੁਤ ਹੀ ਗਰਜ਼ਵੀਂ ਆਵਾਜ਼ ਵਿਚ ਮਜ਼ਦੂਰਾਂ ਕਿਸਾਨਾਂ ਅਤੇ ਆਮ ਗਰੀਬ ਲੋਕਾਂ ਦਾ ਸੰਘਰਸ਼ ਲੜਦਾ ਰਿਹਾ। ਪਹਿਲੀ ਉਮਰ ਵਿਚ ਹੀ ਉਸਦੇ ਤਨ ਮਨ ਅਤੇ ਦਿਮਾਗ਼ 'ਤੇ ਲੋਕਾਂ ਸੇਵਾ ਦੀ ਅਤੇ ਲੋਕਾਂ ਨਾਲ ਡਟ ਖਲੋਣ ਦੀ ਹਿੰਮਤ ਸੀ। ਜਦ ਤੋਂ ਮੈਂ ਸੁਰਤ ਸੰਭਾਲੀ ਉਸ ਸਮੇਂ ਤੋਂ ਉਸਦੀ ਮੌਤ ਤੱਕ ਮੈਂ ਉਸ ਨੂੰ ਢਹਿੰਦੀ ਕਲਾ ਵਲ ਜਾਂਦਾ ਨਹੀਂ ਦੇਖਿਆ। ਲੋਕਾਂ ਦੇ ਮਸਲੇ ਅਤੇ ਸੰਘਰਸ਼ ਬੜੇ ਹੀ ਚਾਅ ਅਤੇ ਹੌਸਲੇ ਨਾਲ ਲੜਦਾ ਸੀ।

ਲੋਕ ਬੁੱਧੀ ਅਤੇ ਤੀਖਣ ਦਿਮਾਗ਼ ਹੋਣ ਕਰ ਕੇ ਉਸਨੂੰ ਮਾਰਕਸੀ ਫਲਸਫੇ ਦੀ ਲਾਗ ਬਹੁਤ ਹੀ ਜਲਦੀ ਲੱਗ ਗਈ ਸੀ। ਜਦੋਂ ਉਹ ਬਹੁਤ ਹੀ ਭਰ ਜੁਆਨੀ 'ਚ ਹੀ ਸੀ ਤਾਂ ਘਰਵਾਲੀ ਨੇ ਸਾਥ ਛੱਡ ਦਿੱਤਾ ਤਾਂ ਉਹ ਯੋਧਾ ਉਸ ਸਮੇਂ ਵੀ ਨਹੀਂ ਡੋਲਿਆ ਸੀ। ਦੋਨਾਂ ਬੱਚਿਆਂ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਕਸਮ ਖਾ ਗਿਆ ਕਿ ਹੁਣ ਮੈਂ ਇਨ੍ਹਾਂ ਨੂੰ ਪਾਲਣਾ ਹੈ ਅਤੇ ਆਪਣੀ ਸਾਰੀ ਉਮਰ ਲੋਕਾਂ ਦੇ ਲੇਖੇ ਲਾਵਾਂਗਾ। ਬਹੁਤ ਸਾਰੇ ਲੋਕ ਇੰਜ ਸੋਚਦੇ ਸੀ ਇੰਨੀ ਛੋਟੀ ਉਮਰ 'ਚ ਜੀਵਨ ਸਾਥੀ ਦਾ ਵਿਛੜਨਾ ਬਹੁਤ ਹੀ ਦੁੱਖਦਾਈ ਅਤੇ ਜ਼ਿੰਦਗੀ ਕੱਟਣੀ ਔਖੀ ਹੈ ਪਰ ਕਾਮਰੇਡ ਗੁਰਦਾਸ ਦੇ ਮੰਨਅੰਦਰ ਲੋਕਪੱਖੀ ਪਿਆਰ ਕੁੱਟ-ਕੁੱਟ ਭਰ ਗਿਆ ਅਤੇ ਉਸਦੇ ਮਨ 'ਚ ਹੋਰਾਂ ਵਾਂਗ ਜ਼ਿੰਦਗੀ ਦੀਆਂ ਵਾਸਨਾਵਾਂ ਲਈ ਥਾਂ

ਨਹੀਂ ਬਚੀ। ਕਾਮਰੇਡ ਗੁਰਦਾਸ ਦਾ ਸਮਾਂ ਹੀ ਇਸ ਤਰਾਂ ਦਾ ਸੀ। ਜਦੋਂ ਕਮਿਊਨਿਸਟ ਲਹਿਰ ਬਹੁਤ ਹੀ ਚਰਮ ਸੀਮਾ 'ਤੇ ਸੀ ਨੌਜਵਾਨ ਪੀੜੀ ਇਸ ਮਾਰਕਸੀ ਫਲਸਫ਼ੇ ਨੂੰ ਅਪਨਾਉਣ ਲਈ ਤਤਪਰ ਸੀ। ਕਾਮਰੇਡ ਗੁਰਦਾਸ ਅਤੇ ਹੋਰ ਵੀ ਬਹੁਤ ਨੌਜਵਾਨ ਸਨ ਜਿਨਾਂ ਨੇ ਇਨਕਲਾਬ ਦਾ ਰਾਹ ਚੁਣਿਆ। ਘਰ ਬਾਰ ਛੱਡਿਆ ਵਿਆਹ ਨਹੀਂ ਕਰਵਾਇਆ ਤੇ ਕਿਰਤੀਆਂ ਕਿਸਾਨਾਂ ਦੀਆਂ ਲਹਿਰਾਂ ਨੂੰ ਪੈਦਾ ਕਰਨ ਲਈ ਆਪਣਾ ਜੀਵਨ ਲਗਾ ਦਿੱਤਾ। ਜਿਹੜਾ ਵੀ ਇਨਸਾਨ ਲੋਕ ਘੋਲਾਂ 'ਚ ਸ਼ਰੀਕ ਹੋਵੇ ਅਤੇ ਉਸਦੇ ਮਨ 'ਚ ਲੋਕਤਾ ਦਾ ਪਿਆਰ ਹੋਵੇ ਤਾਂ ਉਹ ਇਨਸਾਨ ਹੋਰ ਜ਼ਿੰਦਗੀ ਦੀਆਂ ਨਿਆਮਤਾਂ ਵੱਲ ਨਹੀਂ ਅਕਰਸ਼ਤ ਹੁੰਦਾ।

ਬਹੁਤ ਗੱਲਾਂ ਮੈਂ ਆਪਣੀ ਮਾਂ ਦਾਦੀ ਤੋਂ ਸੁਣੀਆਂ ਜਿਹੜੀਆਂ ਕਿ ਮੈਨੂੰ ਹਾਲੀ ਤੱਕ ਵੀ ਯਾਦ ਹਨ। ਇਕ ਵਾਰੀ ਮਾਂ ਦੱਸਦੀ ਸੀ ਕਿ ਪਿੰਡ 'ਚ ਸਰਕਾਰ ਵਿਰੋਧੀ ਮੁਜ਼ਾਹਰਾ ਕਰਨਾ ਸੀ ਤਾਂ ਸਾਡੇ ਦਾਦੇ ਨੇ ਕਾਮਰੇਡ ਗੁਰਦਾਸ ਨੂੰ ਖੇਤਾਂ 'ਚ ਕੋਠੇ 'ਚ ਬੰਦ ਕਰ ਦਿੱਤਾ ਤਾਂ ਬਾਹਰੋਂ ਜ਼ਿੰਦਰਾ ਲਗਾ ਦਿੱਤਾ। ਸਾਡੇ ਦਾਦਾ ਜੀ (ਕਾਮਰੇਡ ਗੁਰਦਾਸ ਦੇ ਪਿਤਾ ਜੀ) ਲੰਬੜਦਾਰ ਸਨ ਅਤੇ ਆਪਣੀ ਲੰਬੜਦਾਰੀ ਬਚਾਉਣ ਲਈ ਉਹ ਆਪਣੇ ਪੁੱਤ ਨੂੰ ਸਰਕਾਰ ਵਿਰੋਧੀ ਮੁਜ਼ਾਹਰੇ 'ਚ ਨਹੀਂ ਜਾਣ ਦੇਣਾ ਚਾਹੁੰਦੇ ਸਨ। ਪਰ ਕਾਮਰੇਡ ਗੁਰਦਾਸ ਅੰਦਰੋਂ ਭੱਜ ਆਇਆ ਤਾਂ ਸਾਰੇ ਪਿੰਡ 'ਚ ਜਬਰਦਸਤ ਮੁਜ਼ਾਹਰਾ ਕੀਤਾ ਤੇ ਸਾਰੇ ਪਿੰਡ 'ਚ ਢੋਲ ਵਜਾ ਕੇ ਮੁਨਿਆਦੀ ਕਾਮਰੇਡ ਜੀ ਨੇ ਆਪ ਕੀਤੀ। ਬਾਅਦ 'ਚ ਲੰਬੜਦਾਰ ਗੁਰਦਾਸ ਦੇ ਪਿਤਾ ਨੇ ਉਹਨਾਂ ਨੂੰ ਖੂਬ ਕੁੱਟਿਆ ਪਰ ਕਾਮਰੇਡ ਗੁਰਦਾਸ ਨੇ ਪਿਛੇ ਮੁੜ ਕੇ ਨਹੀਂ ਦੇਖਿਆ ਤੇ ਆਪਣਾ ਸੰਘਰਸ਼ ਜਾਰੀ ਰੱਖਿਆ।

ਪਿੰਡ 'ਚ ਕਾਮਰੇਡ ਗਵਰਧਨ ਦਾਸ ਪੰਡਤ ਬਹੁਤ ਹੀ ਸਿਆਣਾ ਤੇ ਪੜ੍ਹਿਆ-ਲਿਖਿਆ ਕਾਮਰੇਡ ਸੀ ਜਿਸ ਨੂੰ ਮਾਰਕਸੀ ਫਲਸਫ਼ੇ ਦੀ ਬਹੁਤ ਸਮਝ ਸੀ ਤੇ ਕਾਮਰੇਡ ਬਿਨਾਂ ਨਾਗਾ ਉਹਨਾਂ ਕੋਲ ਸ਼ਾਮ ਨੂੰ ਜਾਂਦਾ ਸੀ ਤੇ ਗੱਲਾਂ-ਗੱਲਾਂ 'ਚ ਹੀ ਉਹਨਾਂ ਨੇ ਜਮਾਤੀ ਸੰਘਰਸ਼ ਨੂੰ ਸਮਝ ਲਿਆ ਤੇ ਮਾਨਸਿਕ ਤੌਰ 'ਤੇ ਪੱਕਾ ਤੇ ਸੇਧਿਤ ਹੋ ਗਿਆ। ਦਾਦੀ ਮਾਂ ਇਹ ਵੀ ਦੱਸਦੀ ਸੀ ਕਿ ਜਦੋਂ ਕਦੇ ਮਾਂ ਨੇ ਕਾਮਰੇਡ ਨੂੰ ਕਹਿਣਾ ਕਿ ਤੂੰ ਦੁਬਾਰਾ ਵਿਆਹ ਕਰਵਾ ਲੈ ਤਾਂ ਕਾਮਰੇਡ ਜੀ ਘਰ ਛੱਡ ਜਾਂਦੇ। ਦਾਦੀ ਮਾਂ ਇਹ ਕਹਿੰਦੀ ਕਿ ਇਕ ਵਾਰੀ ਉਸਨੇ ਕਿਹਾ ਕਿ ਇਹ ਮੇਰੇ ਦੋਨੇ ਬੱਚੇ ਕਿੱਥੇ ਜਾਣਗੇ ਤਾਂ ਕਹਿਣ ਲੱਗਾ, "ਮੈਂ ਤਾਂ ਹੁਣ ਲੋਕਾਂ ਦਾ ਹੋ ਗਿਆ ਹਾਂ ਤੇ ਅਖੀਰਲੇ ਦਮ ਤਕ ਸੰਘਰਸ਼ ਕਰਾਂਗਾ ਤੇ ਲੋਕਾਂ ਦੇ ਕੰਮ ਆਵਾਂਗਾ।"

ਇਕ ਵਾਰ ਪਿੰਡ 'ਚ ਡਾਕੂਆਂ ਨੂੰ ਕਾਬੂ ਕਰਨ ਲਈ ਪੁਲਿਸ ਚੌਂਕੀ ਪਾ ਦਿੱਤੀ ਗਈ। ਬਾਅਦ 'ਚ ਚੌਂਕੀ ਦਾ ਖਰਚਾ ਸਰਕਾਰ ਨੇ ਪਿੰਡ ਦੇ ਸਿਰ ਪਾ ਦਿੱਤਾ। ਕਾਮਰੇਡ ਨੇ ਲੋਕਾਂ ਨੂੰ ਵੰਗਾਰ ਕੇ ਕਿਹਾ ਇਹ ਖਰਚਾ ਪਿੰਡ ਨਹੀਂ ਦੇਵੇਗਾ ਜਿਹੜਾ ਵੀ ਇਹ ਖਰਚਾ ਸਰਕਾਰ ਨੂੰ ਅਦਾ ਕਰੇਗਾ ਉਸਦਾ ਬਾਈਕਾਟ ਕੀਤਾ ਜਾਵੇਗਾ। ਸਰਕਾਰ ਨੇ ਪਿੰਡ 'ਤੇ ਪੁਲਿਸ ਚੜ੍ਹਾ ਦਿੱਤੀ ਤੇ ਕਾਮਰੇਡ ਗੁਰਦਾਸ ਅਤੇ ਹੋਰ ਸਾਥੀਆਂ ਨੇ ਲੋਕਾਂ ਨੂੰ ਲਾਮਬੰਦ ਕਰ ਕੇ ਇਸ ਦਾ ਡੱਟ ਕੇ ਵਿਰੋਧ ਕੀਤਾ। ਇਕ ਪਾਸੇ ਪੁਲਿਸ ਖੜ੍ਹੀ ਸੀ ਅਤੇ ਦੂਜੇ ਪਾਸੇ ਲੋਕਾਂ ਦਾ ਵਿਸ਼ਾਲ ਇਕੱਠ ਨਾਅਰੇ ਮਾਰਦਾ ਹੋਇਆ ਅੱਗੇ ਵਧ ਰਿਹਾ ਸੀ। ਮੂਹਰੇ ਔਰਤਾਂ ਦਾ ਜੱਥਾਂ ਸੀ ਪਿੱਛੇ ਆਮ ਲੋਕਾਂ ਤੇ ਕਾਮਰੇਡ ਜੀ ਸਨ। ਮੈਨੂੰ ਯਾਦ ਹੈ ਕਿ ਮੈਂ ਬਹੁਤ ਹੀ ਛੋਟਾ ਜਿਹਾ ਸੀ ਤਾਂ ਦਾਦੀ ਮਾਂ ਨੇ ਮੈਨੂੰ ਕੁੱਛੜ ਚੁੱਕਿਆ ਹੋਇਆ ਸੀ। ਪੁਲਿਸ ਨਾਲ ਝੜਪ ਹੋ ਗਈ। ਦਾਦੀ ਮਾਂ ਨੇ ਇਕ ਪੁਲਿਸ ਵਾਲੇ ਦੀ ਵਰਦੀ ਪਾੜ ਦਿੱਤੀ। ਪੁਲਿਸ ਨੇ ਗੋਲੀ ਚਲਾਉਣ ਦੀ ਧਮਕੀ ਦਿੱਤੀ ਤੇ ਬੰਦੂਕਾਂ ਤਾਣ ਲਈਆਂ। ਕਾਮਰੇਡ ਗੁਰਦਾਸ ਤੇ ਹੋਰ ਸਾਥੀ ਆਪਣੇ ਸੀਨੇ ਦੇ ਬਟਨ ਖੋਲ੍ਹ ਕੇ ਛਾਤੀਆਂ ਕੱਢ ਕੇ ਪੁਲਿਸ ਵਾਲਿਆਂ ਨੂੰ ਵੰਗਾਰ ਰਹੇ ਸਨ ਕਿ ਮਾਰੋ ਸਾਡੇ ਸੀਨੀਆਂ 'ਚ ਗੋਲੀਆਂ। ਪੁਲਿਸ ਇਸ ਖਾੜਕੂ ਲੋਕਾਂ ਦੇ ਵਹਾਅ ਨੂੰ ਝੱਲ ਨਹੀਂ ਸਕੀ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਵੀ ਮੌਕੇ 'ਤੇ ਮੌਜੂਦ ਸੀ। ਲੋਕਾਂ ਦਾ ਹੜ੍ਹ ਅੱਗੇ ਵਧਦਾ ਗਿਆ ਤੇ ਪੁਲਿਸ ਪਿੱਛੇ ਹਟਦੀ ਗਈ, ਅਖੀਰ ਜਾ ਕੇ ਪਿੱਛੇ ਛੱਪੜ ਸੀ ਧਕ ਕੇ ਛੱਪੜ 'ਚ ਵਾੜ ਦਿੱਤੀ ਗਈ। ਸਰਕਾਰ ਕਾਮਰੇਡਾਂ ਦੀ ਸਿਦਕ ਭਰੀ ਤੇ ਖਾੜਕੂ ਲੜਾਈ ਅੱਗੇ ਗੋਡੇ ਟੇਕ ਗਈ ਤਾਂ ਸਾਰੇ ਪਿੰਡ ਦਾ ਟੈਕਸ ਮੁਆਫ਼ ਕੀਤਾ ਗਿਆ। ਜਦੋਂ ਪਾਰਟੀ ਅੰਡਰ ਗਰਾਊਂਡ ਸੀ ਤੇ ਕਾਮਰੇਡ ਸੁਰਜੀਤ ਵੀ ਰੂਪੋਸ਼ ਸੀ ਤਾਂ ਬਹੁਤ ਵਾਰੀ ਕਾਮਰੇਡ ਗੁਰਦਾਸ ਕੋਲ ਠਹਿਰਨ ਲਈ ਆ ਜਾਂਦਾ ਸੀ। ਕੋਲ ਕਿਤਾਬਾਂ ਦੀ ਪੰਡ ਹੁੰਦੀ ਸੀ। ਅੱਗੇ ਜਿੱਥੇ ਵੀ ਕਾਮਰੇਡ ਸੁਰਜੀਤ ਨੇ ਜਾਣਾ ਹੁੰਦਾ ਸੀ ਤਾਂ ਕਾਮਰੇਡ ਗੁਰਦਾਸ ਪਹਿਲਾਂ ਉੱਥੇ ਕਿਤਾਬਾਂ ਛੱਡ ਆਉਂਦਾ ਸੀ। ਕਾਮਰੇਡ ਸੁਰਜੀਤ ਨਾਲ ਬਹੁਤ ਸਾਂਝ ਤੇ ਪਿਆਰ ਸੀ ਤੇ ਮੈਂ ਕਈ ਵਾਰ ਕਾਮਰੇਡ ਗੁਰਦਾਸ ਨਾਲ ਸੁਰਜੀਤ ਨੂੰ ਮਿਲਣ ਜਾਂਦਾ ਸੀ ਤਾਂ ਕਾਮਰੇਡ ਸੁਰਜੀਤ ਸਾਰਾ ਕੁਝ ਛੱਡ ਕੇ ਕਾਮਰੇਡ ਗੁਰਦਾਸ ਨੂੰ ਮਿਲਦਾ ਸੀ।

ਸਿਦਕਦਿਲੀ ਨਾਲ ਭਰਪੂਰ ਕਾਮਰੇਡ ਗੁਰਦਾਸ ਲੋਕਾਂ

ਲਈ ਇਕ ਆਸ ਦੀ ਕਿਰਨ ਬਣ ਕੇ ਵਿਚਰਦਾ ਸੀ ਜਿਸਨੇ ਸਭ ਕੁਝ ਲੋਕਾਂ ਲਈ ਹੀ ਅਰਪਣ ਕੀਤਾ ਹੋਇਆ ਸੀ। ਡਾਹਢਾ ਪਿਆਰ ਤੇ ਸਤਿਕਾਰ ਲੋਕ ਕਾਮਰੇਡ ਗੁਰਦਾਸ ਨੂੰ ਕਰਦੇ ਸਨ। ਕਾਮਰੇਡ ਗੁਰਦਾਸ ਨੇ ਕਦੇ ਵੀ ਘਰ ਦੀ ਗੱਲ ਕਬੀਲਦਾਰੀ ਦੀ ਗੱਲ ਨਾ ਕਰਨੀ। ਜਦੋਂ ਕਦੇ ਵੀ ਗੱਲ ਕਰਨੀ ਤਾਂ ਆਪਣੀ ਪਾਰਟੀ ਲੋਕਾਂ ਦੀ ਗੱਲ ਕਰਨੀ। ਆਪਣੇ ਛੋਟੇ ਭਰਾ ਚੰਨਣ ਨੂੰ ਸਮਝਾਉਣਾ, "ਹੁਣ ਪਾਰਟੀ ਨੇ ਇਹ ਮੋਰਚਾ ਲਗਾ ਦਿੱਤਾ ਹੈ, ਮੈਂ ਤਾਂ ਉਸ ਮੋਰਚੇ 'ਚ ਚਲਿਆ ਜਾਣਾ ਹੈ।" ਪਹਿਲਾਂ ਘੱਟ ਗਿਣਤੀਆਂ ਦੇ ਤੌਰ 'ਤੇ ਪੰਜਾਬ 'ਚ ਕਾਂਗਰਸ ਦੇ ਵਿਰੁੱਧ ਅਕਾਲੀਆਂ ਤੇ ਕਮਿਊਨਿਸਟਾਂ ਦਾ ਸਾਂਝਾ ਗਠਜੋੜ ਹੁੰਦਾ ਸੀ। ਆਮ ਤੌਰ 'ਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਅਕਾਲੀਆਂ ਨਾਲਸਾਂਝੀਆਂ ਚੋਣਾਂ ਲੜਦੇ ਸਨ। ਆਤਮਾ ਸਿੰਘ ਐਮ.ਐਲ.ਏ. ਗੁਰਦਾਸ ਦੀ ਬਹੁਤ ਕਦਰ ਕਰਦਾ ਸੀ, ਬਹੁਤ ਵਾਰੀ ਘਰ ਆਉਂਦਾ ਹੁੰਦਾ ਸੀ। ਕਾਮਰੇਡ ਗੁਰਦਾਸ ਦੀਆਂ ਸਿੱਧੀਆਂ ਸਾਦੀਆਂ ਗੱਲਾਂ ਸੁਣ ਕੇ ਹੱਸਦਾ ਹੁੰਦਾ ਸੀ। ਜੇਕਰ ਕੋਈ ਕੰਮ ਆਤਮਾ ਸਿੰਘ ਨੂੰ ਕਹਿਣਾ ਤਾਂ ਨਾਲ ਹੀ ਕਹਿਣਾ ਕਿ ਤੂੰ ਕੋਈ ਕੰਮ ਕਰਨਾ ਹੈ ਤਾਂ ਦਸ ਐਵੇਂ ਨਾ ਲਾਰੇ ਲਾਵੀਂ ਕਾਮਰੇਡ ਗੁਰਦਾਸ ਕਦੇ ਵੀ ਡਰਦਾ ਨਹੀਂ ਹੁੰਦਾ ਸੀ। ਕਈ ਵਾਰੀ ਬਹੁਤ ਔਖਾ ਸਮਾਂ ਆਇਆ। ਉਸਨੇ ਆਪਣੇ ਆਪ ਨੂੰ ਆਪਣੇ ਆਪ ਤੋਂ ਵੱਖ ਨਹੀਂ ਕੀਤਾ। ਸਾਹਾ ਦਾ ਮੁੱਕ ਜਾਣਾ ਮੌਤ ਨਹੀਂ ਹੁੰਦੀ। ਮੌਤ ਉਦੋਂ ਹੁੰਦੀ ਹੈ ਜਦੋਂ ਮਨੁੱਖ ਆਪਣੇ ਆਪ ਤੋਂ ਵੱਖ ਹੋ ਜਾਵੇ। ਆਪਣਾ ਅਕੀਦਾ ਛੱਡ ਦੇਵੇ। ਆਪਣੇ ਅਚੇਤ ਮਨ 'ਚ ਪਿਆ ਉਸਦਾ ਆਪਣਾ ਆਪਾ ਗੁਆ ਲਵੇ ਤੇ ਛੋਟੇ ਮੋਟੇ ਲਾਭ ਲਈ ਤੇ ਡਰ ਖਾਤਰ ਆਤਮ ਸਮਰਪਣ ਕਰ ਦੇਵੇ।

ਕਾਮਰੇਡ ਗੁਰਦਾਸ ਕਦੀ ਵੀ ਆਪਣੇ ਨਿਸ਼ਾਨੇ ਤੋਂ ਵੱਖ ਹੋ ਕੇ ਨਹੀਂ ਚੱਲਿਆ, ਸਦਾ ਹੀ ਚੜ੍ਹਦੀ ਕਲਾ 'ਚ ਹੋ ਕੇ ਲੋਕਾਂ ਦੇ ਅੰਗ ਸੰਗ ਰਿਹਾ। ਭਾਵੇਂ ਕੋਈ ਲੋਕ ਘੋਲ ਹੋਵੇ ਪਿੰਡ ਦਾ ਮੇਲਾ ਹੋਵੇ। ਰਾਮ ਲੀਲ੍ਹਾ ਤਾਂ ਉਸਦੀ ਜਾਨ ਸੀ। ਬਾਖੂਬੀ ਲੋਕਾਂ ਨੂੰ ਕੰਟਰੋਲ ਕਰਦਾ ਸੀ। ਮਜਾਲ ਹੈ ਕੋਈ ਰਾਮ ਲੀਲ੍ਹਾ 'ਚ ਖੱਪ ਪਾਵੇ। ਸਟੇਜ 'ਤੇ ਚੜ੍ਹ ਕੇ ਐਸੀ ਗਰਜਵੀਂ ਆਵਾਜ਼ 'ਚ ਕਹਿੰਦਾ ਹੁੰਦਾ ਸੀ ਕਿ ਖ਼ਬਰਦਾਰ ਜੋ ਕਿਸੇ ਨੇ ਖੱਪ ਪਾਈ ਜਾਂ ਕਿਸੇ ਧੀ ਭੈਣ ਨੂੰ ਛੇੜਿਆ। ਉਸਦੀ ਕਹੀ ਹੋਈ ਗੱਲ ਦਾ ਲੋਕ ਗੁੱਸਾ ਨਹੀਂ ਮਨਾਉਂਦੇ ਸਨ। ਜਦੋਂ ਕਦੇ ਕੋਈ ਫੈਸਲਾ ਕਰਾਉਣਾ ਤਾਂ ਉਸਨੇ ਜੋ ਠੀਕ ਹੋਵੇ ਤਾਂ ਉਹੀ ਕਰਨਾ ਦੂਜੇ ਦੀ ਗੱਲ ਨਹੀਂ ਸੁਣਨੀ। ਜੇਕਰ ਕੋਈ ਬੋਲਦਾ ਹੁੰਦਾ ਸੀ ਤਾਂ ਉਸਨੂੰ ਕਹਿਣਾ ਕਿ ਤੂੰ ਚੁੱਪ ਵੀ ਕਰਦਾ ਕਿ ਨਹੀਂ। ਉਸਨੇ ਕਹਿਣਾ ਦਾਸ ਤਾਂ ਗੱਲ ਨਹੀਂ ਸੁਣਦਾ। ਜੇਕਰ ਕਿਸੇ ਬੰਦੇ ਨੂੰ ਪੁਲਿਸ ਫੜ ਲੈਂਦੀ ਤਾਂ ਕਾਮਰੇਡ ਜੀ ਝੱਟ ਚੌਂਕੀ ਪਹੁੰਚ ਜਾਂਦੇ। ਪਹਿਲਾਂ ਪੁਲਿਸ ਫੜ੍ਹਨ ਲੱਗੀ ਕਈ ਵਾਰੀ ਸੋਚਦੀ। ਜਦੋਂ ਗੁਰਦਾਸ ਪਹੁੰਚਦਾ ਤਾਂ ਪਹਿਲੀ ਗੱਲ ਉਸਦੀ ਹੁੰਦੀ ਸੀ ਕਿ ਕਿਉਂ ਇਸਨੂੰ ਫੜ੍ਹਿਆ ਹੈ? ਤਾਂ ਫੜ੍ਹੇ ਬੰਦੇ ਨੂੰ ਕਹਿਣਾ ਕਿ ਤੂੰ ਉੱਠ ਚੱਲ ਜਾ ਕੇ ਆਪਣੇ ਪੱਠੇ-ਪੁੱਠੇ ਪਾ ਮੈਂ ਪੁੱਛਦਾ ਕਿ ਕੀ ਗੱਲ ਹੈ। ਪੁਲਿਸ ਦੀ ਜੁਰਅਤ ਹੀ ਨਹੀਂ ਸੀ ਪੈਂਦੀ ਕਿ ਕਾਮਰੇਡ ਨੂੰ ਨਾਂਹ ਕਰ ਦੇਣ। ਉਸਨੇ ਕਹਿਣਾ "ਭਲਿਆ ਮਾਣਸਾ ਆਪਣੀ ਆਰਾਮ ਨਾਲ ਨੌਕਰੀ ਕਰੀ ਜਾ, ਨਾ ਤੈਨੂੰ ਕਿਸੇ ਦੱਸਿਆ ਨਹੀਂ ਕਿ ਇਹ ਕਾਲਾ ਸੰਘਿਆਂ ਹੈ ਕਾਮਰੇਡਾਂ ਦਾ ਪਿੰਡ, ਤੂੰ ਹਿਸਾਬ ਨਾਲ ਹੀ ਚੱਲ, ਨਹੀਂ ਤਾਂ ਆਪਣਾ ਬੋਰੀ ਬਿਸਤਰਾਂ ਬੰਨ੍ਹਤਾ ਤੁਰਦਾ ਹੋ।"

ਕਾਮਰੇਡ ਗੁਰਦਾਸ ਕਿਸੇ ਵੀ ਸਰਕਾਰੀ ਅਫ਼ਸਰ ਦੀ ਚਮਚਾਗਿਰੀ ਜਾਂ ਫੋਕੀ ਮਹਿਮਾਨ ਨਿਵਾਜੀ ਨਹੀਂ ਸੀ ਕਰਦਾ। ਆਮ ਤੌਰ 'ਤੇ ਉਸ ਨੂੰ ਤੂੰ ਕਰਕੇ ਹੀ ਸੰਬੋਧਨ ਹੁੰਦਾ ਸੀ। ਇਕ ਵਾਰੀ ਦੀ ਗੱਲ ਪਿੰਡ 'ਚ ਡਿਪਟੀ ਕਮਿਸ਼ਨਰ ਆਇਆ 1967 'ਚ ਪਹਿਲੀ ਵਾਰੀ ਸਾਂਝੇ ਮੋਰਚੇ ਦੀ ਸਰਕਾਰ ਬਣੀ ਸੀ। ਗੁਰਨਾਮ ਸਿੰਘ ਮੁੱਖ ਮੰਤਰੀ ਸੀ ਤੇ ਕਾਮਰੇਡ ਸੁਰਜੀਤ ਹੀ ਸਰਕਾਰ ਦਾ ਰਚਨਹਾਰਾ ਸੀ ਤੇ ਕਨਵੀਨਰ ਸੀ। ਕਾਮਰੇਡ ਬਹੁਤ ਦੀਆਂ *ਤਮਾ ਐਵੇਂ ਵਾਰੀ ਨਹੀਂ ਮਨੁੱਖ ਬਚੇਤ ਡਰ

ਗੁਰਦਾਸ ਪਹਿਲੀ ਵਾਰੀ ਕਿਸੇ ਡੀ.ਸੀ. ਦੇ ਹਾਰ ਪਾਉਂਦਾ ਦੇਖਿਆ ਤੇ ਨਾਲ ਕਹਿੰਦਾ ਕਿ ਸੋਚ ਸਮਝ ਕੇ ਚੱਲੀਂ। ਸਾਡੀ ਆਪਣੀ ਸਰਕਾਰ ਹੈ ਅੱਗੇ ਵਾਲੀ ਧਾਂਦਲੀ ਨਹੀਂ ਚੱਲਣੀ। ਆਪੇ ਹੀ ਮਾਈਕ ਫੜ੍ਹਿਆ ਤੇ ਬੋਲਣਾ ਸ਼ੁਰੂ ਕਰ ਦਿੱਤਾ। ਉਏ ਡੀ.ਸੀ. ਤੇਰੀ ਪੁਲਿਸ ਏਥੇ ਲੋਕਾਂ ਨੂੰ ਛੱਲੀਆਂ ਵਾਂਗ ਕੁੱਟਦੀ ਹੈ। ਲੋਕਾਂ 'ਤੇ ਜ਼ੁਲਮ ਕਰਦੀ। ਖ਼ਬਰਦਾਰ ਹੁਣ ਇੱਦਾਂ ਦੀ ਕੋਈ ਹਰਕਤ ਕੀਤੀ ਅਸਾਂ ਸਿੱਝਣਾ ਜਾਣਦੇ ਹਾਂ। ਸਾਫ਼ ਸਪੱਸ਼ਟ ਸਿੱਧੇ ਸਾਦੇ ਸੁਭਾਅ ਦਾ ਮਾਲਕ ਨਿਰਭਾਓ ਨਿਰਵੈਰ ਹੋ ਕੇ ਵਿਚਰਨ ਨਾਲ ਲੋਕਾਂ ਦਾ ਵਿਸ਼ਵਾਸ ਉਸ ਉੱਤੇ ਅਥਾਹ ਸੀ। ਇਕ ਵਾਰੀ ਕਾਮਰੇਡ ਜੀ ਚੰਡੀਗੜ੍ਹ ਕਿਸੇ ਕੰਮ ਲਈ ਗਏ ਮੰਤਰੀ ਨੂੰ ਮਿਲੇ। ਮੰਤਰੀ ਨੇ ਕਹਿ ਦਿੱਤਾ ਕਿ ਅਰਜ਼ੀ ਲਿਖ ਕੇ ਲਿਆਓ। ਮੰਤਰੀ ਨੂੰ ਕਹਿੰਦੇ ਜੇ ਮੈਨੂੰ ਅਰਜ਼ੀ ਲਿਖਣੀ ਆਉਂਦੀ ਤਾਂ ਮੈਂ ਤੇਰੇ ਥਾਂ ਹੁੰਦਾ ਅਸੀਂ ਏਡੀ ਦੂਰੋਂ ਆਏ ਹਾਂ ਤੇਰੇ ਕੋਲ ਅਰਜ਼ੀ ਵੀ ਨਹੀਂ ਲਿਖ ਹੁੰਦੀ।

ਪਿਛਲੇ ਸਮਿਆਂ 'ਚ ਪੁਲਿਸ ਪਿੰਡਾਂ 'ਚ ਲੋਕਾਂ ਨੂੰ ਬਹੁਤ

ਤੰਗ ਕਰਿਆ ਕਰਦੀ ਸੀ। ਲੋਕਾਂ ਨੂੰ ਨਜਾਇਜ਼ ਫੜ੍ਹ ਕੇ ਕੁੱਟਣਾ ਪੈਸੇ ਲੈਣੇ ਬੇਇੱਜ਼ਤੀ ਕਰਨੀ ਆਮ ਗੱਲ ਸੀ। ਕਦੇ ਸ਼ਰਾਬ ਦੇ ਛਾਪੇ ਪੈਣੇ ਤੇ ਗ਼ਰੀਬ ਕਿਸਾਨਾਂ ਦੇ ਘੜੇ ਫੜ ਕੇ ਜਾਂ ਉਸ ਤਰ੍ਹਾਂ ਹੀ ਸ਼ੱਕ ਮੁਤਾਬਕ ਲੋਕਾਂ ਨੂੰ ਬਹੁਤ ਤੰਗ ਕਰਦੀ ਸੀ। ਪੁਲਿਸ ਦੀ ਲੋਕਾਂ ਦੇ ਮਨਾਂ 'ਚ ਬਹੁਤ ਦਹਿਸ਼ਤ ਸੀ। ਕਾਮਰੇਡ ਗੁਰਦਾਸ ਤੇ ਉਸਦੇ ਸਾਥੀ ਬਹੁਤ ਸਿਦਕਦਿਲੀ ਤੇ ਬਹਾਦਰੀ ਨਾਲ ਲੋਕਾਂ ਦੀ ਬਾਂਹ ਫੜ੍ਹਦੇ ਸਨ ਤੇ ਪੁਲਿਸ ਵਿਰੁੱਧ ਤਕੜਾ ਸੰਘਰਸ਼ ਕਰਦੇ ਸਨ। ਕਾਮਰੇਡ ਗੁਰਦਾਸ ਸਟੇਜ ਲਗਾ ਕੇ ਪਾਰਟੀ ਦੀ ਕਾਨਫਰੰਸ ਕਰਾ ਕੇ ਪੁਲਿਸ ਦਾ ਚਿਹਰਾ ਮੁਹਰਾ ਲੋਕਾਂ ਸਾਹਮਣੇ ਬੇਝਿਜਕ ਹੋ ਕੇ ਨੰਗਿਆ ਕਰਦੇ ਸਨ। ਪੁਲਿਸ ਕੋਲੋਂ ਲੋਕਾਂ ਨੂੰ ਛੁਡਾਉਣਾ ਬਗੈਰ ਪੈਸੇ ਦਿੱਤੀ। ਜੇਕਰ ਪੁਲਿਸ ਨੇ ਪੈਸੇ ਲੈ ਲੈਣੇ ਤਾਂ ਉਹ ਪੈਸੇ ਵਾਪਸ ਕਰਾਉਣੇ। ਜਿੰਨਾਂ ਚਿਰ ਪੁਲਿਸ ਕਰਮਚਾਰੀ ਪੈਸੇ ਨਹੀਂ ਮੋੜਦਾ ਸੀ ਉਸ ਦਾ ਹਰੇਕ ਕਿਸਮ ਨਾਲ ਬੰਦੋਬਸਤ ਕਰਨਾ ਉੱਚ ਅਧਿਕਾਰੀਆਂ ਨੂੰ ਮਿਲਣਾ ਜਲਸਾ ਜਲੂਸ ਕੱਢਣਾ। ਪੁਲਿਸ ਨੂੰ ਲਏ ਪੈਸੇ ਮੋੜਨੇ ਪੈਂਦੇ ਸਨ। ਕਈ ਵਾਰੀ ਮੈਂ ਆਪ ਕਈ ਪੁਲੀਸ ਵਾਲੇ ਕਾਮਰੇਡ ਦੀਆਂ ਮਿੰਨਤਾ ਕਰਦੇ ਕਿ ਕਾਮਰੇਡ ਹੁਣ ਜਾਣ ਦੇ ਗਲਤੀ ਹੋ ਗਈ ਹੈ ਤਾਂ ਕਾਮਰੇਡ ਨਿੱਡਰ ਤੇ ਬੇਝਿਜਕ ਹੋ ਕੇ ਕਹਿੰਦੇ ਪਹਿਲਾ ਪੈਸੇ ਉਸੇ ਬੰਦੇ ਨੂੰ ਮੋੜ ਕੇ ਆ ਫਿਰ ਗੱਲ ਕਰੀਂ।

ਇੱਕ ਵਾਰੀ ਪਿੰਡ 'ਚ ਇਕ ਬਹੁਤ ਹੀ ਖ਼ੂੰਖਾਰ ਥਾਣੇਦਾਰ ਆਇਆ। ਤੁਰਲਾ ਛੱਡ ਕੇ ਮੋਟਰਸਾਈਕਲ 'ਤੇ ਚੜ੍ਹਿ•ਆ ਜਾਂਦਾ ਸੀ ਤੇ ਥੜ੍ਹੇ 'ਤੇ ਬੈਠੇ ਮਹਿੰਦਰ ਨੇ ਸੁੱਤੇ ਸਿੱਧ ਬਾਂਹ ਉਤਾਂਹ ਚੁੱਕ ਕੇ ਉਬਾਸੀ ਲਈ ਤਾਂ ਥਾਣੇਦਾਰ ਨੇ ਹੰਕਾਰ 'ਚ ਆ ਕੇ ਮਹਿੰਦਰ ਸਿੰਘ ਨੂੰ ਬਹੁਤ ਕੁੱਟਿਆ ਤਾਂ ਉਸਦੀ ਬਹੁਤ ਬੇਇੱਜ਼ਤੀ ਕੀਤੀ। ਕਾਮਰੇਡ ਗੁਰਦਾਸ ਤੇ ਸਾਥੀਆਂ ਨੂੰ ਪਤਾ ਲੱਗਾ ਤਾਂ ਇਸ ਕੇਸ ਨੂੰ ਬਹੁਤ ਹੀ ਦਲੇਰੀ ਅਤੇ ਸੂਰਮਗਤੀ ਨਾਲ ਨਜਿੱਠਿਆ। ਲੋਕਾਂ ਨਾਲ ਰਾਬਤਾ ਕਾਇਮ ਕੀਤਾ। ਜਿਨ੍ਹਾਂ-ਜਿਨ੍ਹਾਂ ਲੋਕਾਂ ਕੋਲੋਂ ਇਸ ਥਾਣੇਦਾਰ ਨੇ ਪੈਸੇ ਲਏ ਸਨ ਉਹਨਾਂ ਤੋਂ ਲਿਖਵਾ ਕੇ ਲਿਆ ਗਿਆ। ਜਦ ਕਾਮਰੇਡ ਗੁਰਦਾਸ ਅੱਗੇ ਹੁੰਦਾ ਸੀ ਤਾਂ ਲੋਕ ਵੀ ਹੌਸਲਾ ਫੜ ਜਾਂਦੇ ਸਨ। ਪਿੰਡ 'ਚ ਥਾਣੇਦਾਰ ਵਿਰੁੱਧ ਜਲੂਸ ਕੱਢਿਆ ਗਿਆ। ਡਟ ਕੇ ਕਾਮਰੇਡ ਜੀ ਨੇ ਬੋਲਿਆ ਤੇ ਲਲਕਾਰਿਆਂ ਕਿ ਇਸ ਥਾਣੇਦਾਰ ਨੇ ਜਿਨ੍ਹਾਂ-ਜਿਨ੍ਹਾਂ ਬੰਦਿਆਂ ਕੋਲੋਂ ਪੈਸੇ ਲਏ ਹਨ ਸੀ.ਆਈ.ਡੀ. ਨੋਟ ਕਰੇ ਤੇ ਇਸ ਥਾਣੇਦਾਰ ਵਿਰੁੱਧ ਕਾਰਵਾਈ ਕਰੇ। ਇਕ 4-5 ਬੰਦਿਆਂ ਦਾ ਡੈਪੂਟੇਸ਼ਨ ਕਪੂਰਥਲੇ ਜਾ ਕੇ ਐਸ.ਐਸ.ਪੀ ਨੂੰ ਮਿਲਿਆ। ਥਾਣੇਦਾਰ ਦੇ ਖਿਲਾਫ਼ ਲਿਖਤੀ ਸਬੂਤ ਦਿੱਤੇ। ਐਸ.ਐਸ.ਪੀ ਪਿੰਡ ਆਇਆ ਲੋਕਾਂ ਦਾ ਇਕੱਠ ਕੀਤਾ ਗਿਆ। ਕਾਮਰੇਡ ਨੇ ਡਟ ਕੇ ਥਾਣੇਦਾਰ ਵਿਰੁੱਧ ਸਭ ਕੁਝ ਦੱਸਿਆ। ਪੁਲਿਸ ਲੋਕਾਂ ਦੀ ਕਚਹਿਰੀ 'ਚ ਮੁਲਜ਼ਮ ਵਾਂਗੂੰ ਪੇਸ਼ ਸੀ। ਥਾਣੇਦਾਰ ਨੂੰ ਬਰਖ਼ਾਸਤ ਕੀਤਾ ਗਿਆ। ਅੱਗੇ ਤੋਂ ਅਜਿਹਾ ਨਾ ਕਰਨ ਦਾ ਭਰੋਸਾ ਦਿੱਤਾ ਤਾਂ ਜਾ ਕੇ ਕਾਮਰੇਡ ਗੁਰਦਾਸ ਅਤੇ ਸਾਥੀਆਂ ਨੇ ਸਾਹ ਲਿਆ। ਇਸ ਤੋਂ ਪਹਿਲਾਂ ਥਾਣੇਦਾਰ ਨੇ ਬਹੁਤ ਮਿੰਨਤਾਂ ਕੀਤੀਆਂ ਕਿ ਕਾਮਰੇਡ ਹੁਣ ਜਾਣਦੇ ਪਰ ਇਹ ਟਸ ਤੋਂ ਮਸ ਨਾ ਹੋਏ।

ਕਾਮਰੇਡ ਗੁਰਦਾਸ ਬਹੁਤ ਵਾਰੀ ਜੇਲ੍ਹ 'ਚ ਗਏ। ਕੋਈ ਵੀ ਮਾੜੀ-ਮੋਟੀ ਹਰਕਤ ਹੁੰਦੀ ਸੀ ਤਾਂ ਕਾਮਰੇਡ ਗੁਰਦਾਸ ਨੂੰ ਫੜ੍ਹ ਕੇ ਲੈ ਜਾਂਦੇ ਸਨ। ਚਾਚੇ ਚੰਨਣ ਸਿੰਘ ਨੇ ਕਹਿਣਾ ਬਈ ਦਾਸ ਅਗਾਂਹ ਪਿਛਾਂਹ ਹੋ ਜਾ ਤਾਂ ਕਹਿਣਾ ਚੰਨੂੰ ਤੈਨੂੰ ਐਵੇਂ ਡਰ ਲੱਗਦਾ ਰਹਿੰਦਾ ਹੈ, ਉੱਥੇ ਜੇਲ੍ਹ 'ਚ ਬਹੁਤ ਮੌਜ ਹੈ। ਕੋਈ ਵੀ ਪਾਰਟੀ ਦਾ ਪ੍ਰੋਗਰਾਮ ਹੋਣਾ ਤਾਂ ਕਾਮਰੇਡ ਜੀ ਨੇ ਤੁਰੰਤ ਤਿਆਰ ਹੋ ਕੇ ਚਲਿਆ ਜਾਣਾ। ਸਾਰਾ-ਸਾਰਾ ਦਿਨ ਲੋਕ ਸੇਵਾ 'ਚ ਸ਼ਰੀਕ ਰਹਿਣਾ ਤੇ ਸਾਰਾ-ਸਾਰਾ ਦਿਨ ਰੋਟੀ ਵੀ ਨਹੀਂ ਖਾਣੀ। ਕੋਈ ਵੀ ਆਦਮੀ ਕਾਮਰੇਡ ਜੀ ਨੂੰ ਲੈਣ ਆਇਆ ਤਾਂ ਉਸ ਤੋਂ ਪਹਿਲਾਂ ਹੀ ਉਸ ਦੇ ਨਾਲ ਅੱਗੇ ਹੋ ਕੇ ਤੁਰ ਪੈਣਾ। ਲੋਕਾਂ ਦੀ ਸੇਵਾ ਦਾ ਉਸ ਵਿਚ ਏਨਾ ਸਰੂਰ ਤੇ ਚਾਅ ਸੀ ਇਸਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਸੀ। ਕਈ ਲੋਕਾਂ ਅਤੇ ਸਾਡੇ ਚਾਚਾ ਜੀ ਚੰਨਣ ਸਿੰਘ ਨੇ ਕਹਿਣਾ ਕਿ ਬਈ ਦਾਸ ਬਹੁਤ ਨਿੱਡਰ ਹੈ ਇਹ ਤਾਂ ਦੇਵਤਾ ਹੈ।

ਖੁਸ਼ ਹੈਸੀਅਤ ਟੈਕਸ ਦਾ ਮੋਰਚਾ ਪਾਰਟੀ ਵੱਲੋਂ ਲਗਾਇਆ ਗਿਆ। ਕਾਂਗਰਸ ਸਰਕਾਰ ਨੇ ਭਾਖੜਾ ਡੈਮ ਚੱਲਣ ਤੋਂ ਬਾਅਦ ਲੋਕਾਂ 'ਤੇ ਟੈਕਸ ਲਗਾ ਦਿੱਤਾ ਸੀ।

ਪਾਰਟੀ ਅਤੇ ਕਿਸਾਨ ਸਭਾ ਇਸ ਵਿਰੁੱਧ ਗ੍ਰਿਫ਼ਤਾਰੀਆਂ ਦਿੰਦੀ ਸੀ। ਕਾਲਾ ਸੰਘਿਆਂ ਪਿੰਡ 'ਚੋਂ ਕਪੂਰਥਲੇ ਜ਼ਿਲ੍ਹੇ ਕਾਮਰੇਡ ਗੁਰਦਾਸ ਸਿੰਘ ਤੇ ਬਾਬਾ ਜਵਾਲਾ ਸਿੰਘ ਨੇ ਸਭ ਤੋਂ ਪਹਿਲਾਂ ਗ੍ਰਿਫ਼ਤਾਰੀ ਦਿੱਤੀ। ਮਹੀਨਾ ਜੇਲ੍ਹ 'ਚ ਰਹਿਣ ਤੋਂ ਪਿੱਛੋਂ ਜਦ ਕਾਮਰੇਡ ਗੁਰਦਾਸ ਤੇ ਬਾਬਾ ਜਵਾਲਾ ਸਿੰਘ ਪਿੰਡ ਆਏ ਤਾਂ ਪਿੰਡ ਵਾਲਿਆਂ ਨੇ ਜਲੂਸ ਕੱਢ ਕੇ ਇਹਨਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਤਿਕਾਰ ਕੀਤਾ ਗਿਆ। ਕਾਮਰੇਡ ਫਿਰ ਉਸ ਜਲੂਸ 'ਚ ਬੋਲਿਆ ਕਿ ਅਸੀਂ ਕੈਰੋਂ ਦੀ ਪਿੱਠ ਲਾ ਕੇ ਹੀ ਦਮ ਲਵਾਂਗੇ।

ਇਸ ਤੋਂ ਬਾਅਦ ਪਿੰਡ ਦੇ ਆਲੇ ਦੁਆਲੇ ਤੋਂ ਬਹੁਤ ਵੱਡੀ ਗਿਣਤੀ 'ਚ ਲੋਕ ਜੇਲ੍ਹ ਭਰੋ ਅੰਦੋਲਨ 'ਚ ਸ਼ਾਮਲ ਹੋਏ ਤਾਂ ਮੋਰਚਾ

ਫਤਿਹ ਕੀਤਾ ਗਿਆ। ਇਕ ਵਾਰੀ ਦੀ ਗੱਲ ਹੈ ਮੈਨੂੰ ਯਾਦ ਹੈ ਕਿ ਕਾਮਰੇਡ ਗੁਰਦਾਸ ਇਕ ਵਾਰੀ ਜਲੰਧਰ ਪਾਰਟੀ ਦਫ਼ਤਰ ਆਏ ਤਾਂ ਉਸ ਸਮੇਂ ਫਿਲੌਰ ਤਹਿਸੀਲ 'ਚ ਕੋਈ ਅੰਦੋਲਨ ਚੱਲ ਰਿਹਾ ਸੀ। ਤਹਿਸੀਲ ਦਾ ਘਿਰਾਓ ਕਰਨਾ ਸੀ। ਕਾਮਰੇਡ ਹੋਰੀਂ ਵੀ ਚਲੇ ਗਏ ਤੇ ਉੱਥੇ ਪੁਲਿਸ ਨੇ ਗ੍ਰਿਫ਼ਤਾਰ ਕਰ ਲਏ। ਅਸਾਂ ਘਰ ਬਹੁਤ ਹੈਰਾਨ ਪਰੇਸ਼ਾਨ ਹੋਏ। ਜਦ ਕਾਮਰੇਡ ਕਈ ਦਿਨ ਘਰ ਨਾ ਆਇਆ ਤਾਂ ਅਸੀਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਕਾਮਰੇਡ ਤੇ ਹੋਰ ਬਹੁਤ ਸਾਰੇ ਪਾਰਟੀ ਸਾਥੀ ਲੁਧਿਆਣੇ ਜੇਲ੍ਹ 'ਚ ਬੰਦ ਹਨ। ਅਸੀਂ ਸਾਰਾ ਟੱਬਰ, ਮੈਂ ਮੇਰੀ ਘਰਵਾਲੀ ਹਰਵਿੰਦਰ ਤੇ ਦੋਨੋਂ ਬੱਚੇ ਐਮੀ ਅਤੇ ਐਂਡੀ ਲੁਧਿਆਣੇ ਜੇਲ੍ਹ 'ਚ ਗਏ। ਉੱਥੇ ਜੇਲ੍ਹ ਸੁਪਰਡੈਂਟ ਔਰਤ ਸੀ ਜਿਹੜੀ ਬਿਜਲੀ ਬੋਰਡ 'ਚ ਲੱਗੇ ਹੋਏ ਅਫ਼ਸਰ ਦੀ ਘਰਵਾਲੀ ਸੀ। ਮੈਂ ਤੇ ਪਰਿਵਾਰ ਉਸ ਜੇਲ੍ਹ ਸੁਪਰਡੈਂਟ ਦੇ ਦਫ਼ਤਰ ਗਏ ਤਾਂ ਉਸ ਨੂੰ ਆਪਣੀ ਜਾਣ ਪਛਾਣ ਕਰਾਈ ਤਾਂ ਉਹ ਆਪ ਸਾਡੇ ਨਾਲ ਚੱਲ ਕੇ ਕਾਮਰੇਡ ਨੂੰ ਬੈਰਕ 'ਚੋਂ ਲੱਭਿਆ। ਜਦੋਂ ਅਸੀਂ ਬੈਰਕ 'ਚ ਗਏ ਤਾਂ ਕਾਮਰੇਡ ਜੀ ਸਰਕੰਡੇ ਦਾ ਵਿਛੋਣਾ ਕਰ ਕੇ ਖੂਬ ਸੁੱਤੇ ਹੋਏ ਸਨ ਤੇ ਘੁਰਾੜੇ ਮਾਰ ਰਹੇ ਸਨ। ਜੇਲ੍ਹ ਸੁਪਰਡੈਂਟ ਬਹੁਤ ਹੀ ਹੈਰਾਨ ਹੋਈ ਤਾਂ ਉਸਨੇ ਬਾਪੂ ਜੀ ਕਹਿ ਕੇ ਕਾਮਰੇਡ ਨੂੰ ਉਠਾਇਆ ਤਾਂ ਇਕਦਮ ਤਬਕ ਉੱਠਿਆ ਤਾਂ ਸਾਨੂੰ ਦੇਖ ਕੇ ਹੈਰਾਨ ਰਹਿ ਗਿਆ। ਕਹਿੰਦਾ ਹੈ ਕਮਲੇ ਮੈਂ ਤਾਂ ਆ ਹੀ ਜਾਣਾ ਸੀ। ਅਸੀਂ ਕਈ ਕੁਝ ਖਾਣ ਨੂੰ ਦਿੱਤਾ ਤਾਂ ਸਾਡੇ ਸਾਹਮਣੇ ਸਾਰਿਆਂ ਨੂੰ ਥੋੜ੍ਹਾ ਵੰਡ ਕੇ ਖਾ ਲਿਆ। ਅੱਖਾਂ 'ਚ ਪਿਆਰ ਦੇ ਅੱਥਰੂ ਸਨ ਅਤੇ ਗਲੇਡੂ ਭਰ ਕੇ ਕਿਹਾ ਕੋਈ ਪਰਵਾਹ ਨਹੀਂ ਮੈਂ ਆਵਾਂਗਾ। ਮਹੀਨਾ ਭਰ ਜੇਲ੍ਹ 'ਚੋਂ ਰਿਹਾ ਹੋ ਕੇ ਕਾਮਰੇਡ ਜੀ ਘਰ ਪਰਤੇ। ਮਗਰੋਂ ਖੇਤੀ ਦਾ ਕੰਮ ਸਾਡੇ ਸਤਿਕਾਰਯੋਗ ਚਾਚਾ ਜੀ ਸੰਭਾਲ ਲਿਆ ਕਰਦੇ ਸਨ।

ਇਕ ਵਾਰੀ ਪਿੰਡ 'ਚ ਗਰੀਬਾਂ ਦਾ ਦਿਹਾੜੀ ਦੇ ਮਸਲੇ ਤੇ ਬਾਈਕਾਟ ਕਰ ਦਿੱਤਾ ਗਿਆ। ਕਿਸਾਨ ਤੇ ਮਜ਼ਦੂਰ ਦੋਨੋਂ ਹੀ ਲੁੱਟ-ਖਸੁੱਟ ਦਾ ਸ਼ਿਕਾਰ ਹਨ ਪਰ ਆਪਸ 'ਚ ਇਕ ਅਸਥਾਈ ਟਕਰਾਅ ਵੀ ਹੈ। ਕਾਮਰੇਡ ਜੀ ਇਹਨਾਂ ਗੱਲਾਂ ਨੂੰ ਬਾਖੂਬੀ ਨਜਿੱਠ ਲਿਆ ਕਰਦੇ ਸਨ। ਇਕ-ਇਕ ਪਲ ਸਾਰਾ-ਸਾਰਾ ਦਿਨ ਲੋਕਾਂ ਦੀ ਸੇਵਾ 'ਚ ਸ਼ਰੀਕ ਰਹਿੰਦੇ ਸਨ। ਕਦੇ ਕੋਈ ਘਰ ਦੀ ਗੱਲ ਨਹੀਂ ਕਰਨੀ ਨਾ ਹੀ ਕਿਸੇ ਘਰੇਲੂ ਫੰਕਸ਼ਨ 'ਚ ਸਲਾਹ ਮਸ਼ਵਰਾ ਦੇਣਾ। ਹਰ ਵੇਲੇ ਪਾਰਟੀ ਤੇ ਲੋਕਾਂ ਦੀ ਹੀ ਗੱਲ ਕਰਨੀ। ਕੋਈ ਵੀ ਪ੍ਰਾਹੁਣਾ ਆ ਜਾਵੇ ਤਾਂ ਬਸ 2-3 ਮਿੰਟ ਕੋਲ ਬਹਿ ਕੇ ਆਪਣੀ ਗੱਲ ਕਰ ਕੇ ਚਲਿਆ ਜਾਣਾ। ਮੈਨੂੰ ਕਦੇ ਵੀ ਨਹੀਂ ਸੀ ਪੁੱਛਿਆ ਕਿ ਤੂੰ ਪੜ੍ਹਦਾ ਕਿਸ ਤਰ੍ਹਾਂ ਹੈ। ਪਰ ਅਖ਼ਬਾਰ 'ਚ ਆਈਆਂ ਇਨਕਲਾਬੀ ਕਵਿਤਾਵਾਂ ਬਾਰੇ ਉਸ ਨੇ ਕਹਿਣਾ ਤੂੰ ਪੜ੍ਹ ਤੇ ਮੈਨੂੰ ਪੜ੍ਹ ਕੇ ਸੁਣਾ।

ਮੇਰੇ ਲਈ ਲੋਕ ਜਮਹੂਰੀਅਤ ਅਖ਼ਬਾਰ 'ਚ ਛਪੀਆਂ ਇਨਕਲਾਬੀ ਕਵਿਤਾਵਾਂ ਵਰਦਾਨ ਹੁੰਦੀਆਂ ਸਨ। ਕਾਮਰੇਡ ਜੀ ਦੀ ਇਸ ਤਰ੍ਹਾਂ ਦੀ ਜ਼ਿੰਦਗੀ ਕਰ ਕੇ ਵੀ ਮੈਂ ਆਪਣੀ ਜ਼ਿੰਦਗੀ ਨੂੰ ਸੰਵਾਰ ਸਕਿਆ। ਵਿਰਾਸਤ 'ਚ ਮਿਲੀ ਸੋਚ ਆਪਣਾ ਕੇ ਮੈਂ ਲੋਕਾਂ ਦੇ ਬਹੁਤ ਨੇੜੇ ਹੋ ਗਿਆ। ਜੇਕਰ ਕਾਮਰੇਡ ਜੀ ਮਾਰਕਸੀ ਸੋਚ ਦੇ ਧਾਰਨੀ ਨਾ ਹੁੰਦੇ ਆਮ ਲੋਕਾਂ ਵਾਂਗ ਹੀ ਸੋਚਦੇ ਮੇਰੀ ਜ਼ਿੰਦਗੀ ਵੀ ਦੱਭਰ ਬਣ ਜਾਣੀ ਸੀ। ਐ ਗਲੀਆਂ ਦੇ ਕੱਖਾਂ ਵਾਂਗ ਰੁਲਣਾ ਸੀ ਜਿਹੜਾ ਹੁਣ ਮੇਰਾ ਹੁਣ ਵਜੂਦ ਹੈ ਇਹ ਸੋਚਿਆ ਵੀ ਨਹੀਂ ਸੀ ਜਾ ਸਕਦਾ। ਮੈਂ ਸੱਤ ਪੁਸ਼ਤਾਂ ਵੀ ਆਪਣੇ ਇਸ ਪਿਆਰੇ ਕਾਮਰੇਡ ਗੁਰਦਾਸ ਦਾ ਕਰਜ਼ਾ ਨਹੀਂ ਉਤਾਰ ਸਕਦਾ। ਮੈਂ ਰਹਿੰਦੀ ਜ਼ਿੰਦਗੀ ਤੱਕ ਕਾਮਰੇਡ ਜੀ ਦੀ ਸੋਚ 'ਤੇ ਪਹਿਰਾ ਦਿਆਂਗੇ ਤਾਂ ਲੋਕਾਂ ਦੇ ਅੰਗ ਸੰਗ ਰਹਾਂਗਾ। ਜਦ ਮੈਂ ਦਸਵੀ ਵਿਚ ਪੜ੍ਹਦਾ ਸੀ ਤਾਂ ਆਪਣੀ ਜਮਾਤ 'ਚੋਂ ਬਹੁਤ ਹੁਸ਼ਿਆਰ ਵਿਦਿਆਰਥੀ ਸੀ ਤੇ ਦਸਵੀਂ 'ਚੋਂ ਮੇਰੇ ਬਹੁਤ ਜ਼ਿਆਦਾ ਨੰਬਰ ਸਨ ਤੇ ਮੈਂ ਫਸਟ ਆਇਆ ਸੀ। ਮੈਨੂੰ ਯਾਦ ਹੈ ਕਿ ਮੈਨੂੰ ਸਕੂਲ ਤੇ ਲੋਕਾਂ ਵਲੋਂ ਬਹੁਤ ਸਤਿਕਾਰਿਆ। ਢੋਲ ਵਜਾ ਕੇ ਮੇਰੇ ਹਾਰ ਪਾ ਕੇ ਪਿੰਡ 'ਚ ਜਲੂਸ ਕੱਢਿਆ ਗਿਆ। ਉਸ ਸਮੇਂ ਕਾਮਰੇਡ ਗੁਰਦਾਸ ਕਿਸੇ ਲਹਿਰ ਕਰਕੇ ਜੇਲ੍ਹ ਵਿਚ ਬੰਦ ਸਨ। ਪਿੰਡ ਵਿਚ ਕਮਿਊਨਿਸਟ ਲਹਿਰ ਦਾ ਬਹੁਤ ਜ਼ੋਰ ਸੀ ਅਤੇ 1968-69 ਵਿਚ ਨਕਸਲੀ ਲਹਿਰ ਵੀ ਪਣਪ ਰਹੀ ਸੀ ਤੇ 1970 ਤੱਕ ਪੰਜਾਬ 'ਚ ਨਕਸਲੀ ਲਹਿਰ ਪੂਰੇ ਜੋਬਨ 'ਤੇ ਆ ਗਈ। ਮੈਂ ਖੱਬੀ ਸੋਚ ਦਾ ਧਾਰਨੀ ਹੋਣ ਦੇ ਨਾਤੇ ਪੰਜਾਬ ਸਟੂਡੈਂਟਸ ਯੂਨੀਅਨ 'ਚ ਕੰਮ ਕਰਦਾ ਸੀ । ਮੈਂ ਲੁਧਿਆਣੇ ਇੰਜੀਨੀਅਰਿੰਗ ਕਾਲਜ ਵਿੱਚ ਪੜ੍ਹਦਾ ਸੀ। ਇਸ ਕਾਲਜ ਵਿਚ ਵੀ ਨਕਸਲੀ ਲਹਿਰ ਦਾ ਪ੍ਰਭਾਵ ਸੀ ਅਤੇ ਪਿੰਡ ਕਾਲਾ ਸੰਘਿਆ ਦੇ ਇਸ ਲਹਿਰ ਤੋਂ ਕੁਝ ਲੋਕ ਪ੍ਰਭਾਵਿਤ ਹੋਏ। ਤਾਕਤਾਂ ਦੇ ਸਮਤੋਲ 'ਚ ਇਹ ਕਚਘਰੜ ਇਨਕਲਾਬੀ ਮਾਰ ਖਾ ਗਏ ਤੇ ਬਹੁਤ ਵੱਡਾ ਨੁਕਸਾਨ ਹੋ ਗਿਆ। ਕਾਮਰੇਡ ਗੁਰਦਾਸ ਕੋਲ ਤਾਂ ਬਹੁਤ ਵੱਡੀ ਪਾਰਟੀ ਸੀ ਜੋ ਇਹ ਬਚਕਾਨਾ ਖੱਬੇਪੱਖੀ ਰੁਝਾਨ ਦੇ ਵਿਰੁੱਧ ਸੀ ਅਤੇ ਕਾਮਰੇਡ ਡਟ ਕੇ ਇਹਨਾਂ ਦੀ ਵਿਚਾਰਧਾਰਕ ਤੌਰ 'ਤੇ ਵਿਰੋਧਤਾ ਕਰਦਾ ਸੀ। ਇਕ ਵਾਰੀ ਨਕਸਲੀਆਂ ਨੇ ਪਿੰਡ 'ਚ ਜਲੂਸ ਕੱਢਿਆ। ਬਹੁਤ ਲੋਕਾਂ ਨੂੰ ਇੱਟਾਂ ਦੇ ਕੇ ਕੋਠਿਆਂ 'ਤੇ ਚੜ੍ਹਾ

ਦਿੱਤਾ ਅਤੇ ਪੁਲਿਸ ਦਾ ਇੱਟਾਂ ਰੋੜਿਆਂ ਨਾਲ ਮੁਕਾਬਲਾ ਕੀਤਾ। ਪੁਲਿਸ ਨੇ ਇਹਨਾਂ ਨੌਜਵਾਨਾਂ ਨੂੰ ਚਾਰੇ ਪਾਸਿਆਂ ਤੋਂ ਘੇਰ ਕੇ ਬਹੁਤ ਜ਼ਿਆਦਾ ਕੁੱਟਿਆ ਜਿਸਦੇ ਫਲਸਰੂਪ 4 ਨੌਜਵਾਨ ਮਾਰੇ ਗਏ। ਸਾਰੇ ਇਲਾਕੇ 'ਚ ਹਾਹਾਕਾਰ ਮਚ ਗਈ ਅਤੇ ਪੁਲਿਸ ਹਲਕਾਈ ਹੋਈ ਨੇ ਤਸ਼ੱਦਦ ਦੀ ਹੱਦ ਮੁਕਾ ਦਿੱਤੀ। ਇਸ ਘਟਨਾ ਤੋਂ ਬਚ ਨਿਕਲਣ ਲਈ ਪਿੰਡ 'ਚ ਲੋਕਾਂ ਦਾ ਇਕੱਠ ਕੀਤਾ। ਲਾਗਲੇ ਪਿੰਡਾਂ ਦੇ ਚੌਧਰੀਆਂ ਅਤੇ ਪੁਲਿਸ ਦੇ ਟਾਊਟ ਵੀ ਵੱਡੀ ਗਿਣਤੀ 'ਚ ਪੁੱਜੇ। ਲੋਕਾਂ ਤੋਂ ਬਿਆਨ ਲਿਖਵਾਏ ਜਾ ਰਹੇ ਸਨ ਕਿ ਜੇਕਰ ਪੁਲਿਸ ਨਾ ਹੁੰਦੀ ਤਾਂ ਇਹ ਨੌਜਵਾਨਾਂ ਨੇ ਪਿੰਡ ਦੀਆਂ ਧੀਆਂ ਭੈਣਾਂ ਤੇ ਔਰਤਾਂ ਦੀ ਬੇਇੱਜ਼ਤੀ ਕਰਨੀ ਸੀ ਤੇ ਲੁੱਟ ਮਚਾ ਦੇਣੀ ਸੀ। ਪੁਲਸ ਨੇ ਵੇਲੇ ਸਿਰ ਕਾਰਵਾਈ ਕਰਕੇ ਪਿੰਡ ਨੂੰ ਲਟੇਰਿਆਂ ਤੋਂ ਬਚਾ ਲਿਆ। ਕਾਮਰੇਡ ਗੁਰਦਾਸ ਸਿੰਘ, ਸ਼ਿਵ ਸਿੰਘ, ਬੇਲੀ ਰਾਮ, ਧਾਰੀ ਰਾਮ ਆਦਿ ਵੀ ਇਕੱਠ ਵਿਚ ਮੌਜੂਦ ਸਨ। ਕਾਮਰੇਡ ਜੀ ਉੱਠ ਕੇ ਖੜੇ ਹੋ ਗਏ ਤੇ ਕਿਹਾ ਮੈਂ ਵੀ ਬਿਆਨ ਦਰਜ ਕਰਵਾਉਣੇ ਹਨ। ਐਸ ਡੀ.ਐਮ.ਘਬਰਾ ਗਿਆ ਤੇ ਕਿਹਾ ਬੋਲੋ ਕੀ ਬੋਲਣਾ ਹੈ, "ਤੂੰ ਲੋਕਾਂ ਦੀ ਕਚਹਿਰੀ 'ਚ ਪੇਸ਼ ਹੋਇਆਂ ਤੇਰੀ ਪੁਲਿਸ ਨੇ ਚਾਰ ਨਿਹੱਥੇ ਨੌਜਵਾਨ ਕਤਲ ਕੀਤੇ ਹਨ। ਨੌਜਵਾਨਾਂ ਕੋਲ ਕੋਈ ਹਥਿਆਰ ਨਹੀਂ ਸੀ। ਪੁਲਿਸ ਨੇ ਵਧੀਕੀ ਕਰਕੇ ਖਾਹਮਖਾਹ ਤਸ਼ੱਦਦ ਕਰ ਕੇ ਨੌਜਵਾਨਾਂ ਨੂੰ ਮਾਰਿਆ। ਤੂੰ ਕਾਤਲ ਹੈਂ ਤੈਨੂੰ ਅਸੀਂ ਸਜ਼ਾ ਦਿਵਾਵਾਂਗੇ। ਤੂੰ ਹੁਣ ਲੋਕਾਂ ਅਤੇ ਸਾਥੋਂ ਬਚ ਨਹੀਂ ਸਕਦਾ। ਅਸੀਂ ਠੋਕ ਕੇ ਗਵਾਹੀ ਦੇਵਾਂਗੇ। ਜਦੋਂ ਲੋੜ ਹੋਈ ਤੇ ਲੋਕਾਂ ਨੂੰ ਦੱਸਾਂਗੇ ਕਿ ਕਿਸ ਤਰ੍ਹਾਂ ਪੁਲਿਸ ਬੁੱਚੜਾਂ ਦਾ ਕੰਮ ਕਰਦੀ ਹੈ।"

ਕਾਮਰੇਡ ਗੁਰਦਾਸ ਇਸ ਤਰ੍ਹਾਂ ਗਰਜ ਰਿਹਾ ਸੀ ਅਤੇ ਅੰਗਿਆਰ ਸੁੱਟ ਰਿਹਾ ਸੀ। ਐਸ.ਡੀ.ਐਮ. ਹੱਕਾ ਬੱਕਾ ਰਹਿ ਗਿਆ ਤਾਂ ਪੁਲਿਸ ਇੰਸਪੈਕਟਰ ਜੋ ਬਹੁਤ ਹੀ ਖੂੰਖਾਰ ਸੀ ਨੇ ਉੱਠ ਕੇ ਕਿਹਾ ਕਿ ਕਾਮਰੇਡ ਤੂੰ ਤਾਂ ਕੱਲ੍ਹ ਜੰਡਿਆਲੇ ਕਾਨਫਰੰਸ 'ਤੇ ਗਿਆ ਸੀ। ਕਾਮਰੇਡ ਫਿਰ ਲਲਕਾਰ ਕੇ ਕਹਿੰਦਾ, "ਮੈਂ ਪੁਲਸ 'ਚ ਨਹੀਂ ਜੋ ਝੂਠ ਬੋਲਾਂਗਾ। ਮੈਂ ਮੌਕੇ 'ਤੇ ਹੀ ਮੌਜੂਦ ਸੀ। ਜਿਹਨਾਂ ਲੋਕਾਂ ਦੀਆਂ ਤੁਸੀਂ ਗਵਾਹੀਆਂ ਲਈਆਂ ਹਨ। ਉਹ ਤੁਹਾਡੇ ਟਾਊਟ ਹਨ। ਤੁਸੀਂ ਪਹਿਲਾਂ ਹੀ ਉਹਨਾਂ ਨੂੰ ਤਿਆਰ ਕਰਕੇ ਲਿਆਏ ਹੋ ਇਨ੍ਹਾਂ 'ਚੋਂ ਇਕ ਵੀ ਮੌਕੇ 'ਤੇ ਹਾਜ਼ਰ ਨਹੀਂ ਸੀ" ਅਤੇ ਨਾਲ ਹੀ ਦੂਸਰੇ ਕਾਮਰੇਡ ਵੀ ਉੱਠ ਕੇ ਖੜ੍ਹੇ ਹੋ ਗਏ ਕਹਿੰਦੇ, "ਅਸੀਂ ਵੀ ਗਵਾਹੀਆਂ ਦੇਣੀਆਂ ਹਨ। ਐਸ.ਡੀ.ਐਮ. ਘਬਰਾ ਗਿਆ। ਰੌਲਾ ਪੈ ਗਿਆ ਤਾਂ ਲੋਕਾਂ ਦਾ ਰੋਹ ਭਾਂਪ ਕੇ ਤਿੱਤਰ ਹੋ ਗਿਆ। ਦੂਸਰੇ ਦਿਨ ਇੰਸਪੈਕਟਰ ਫੇਰ ਕਾਮਰੇਡ ਕੋਲ ਆਇਆ। ਪਹਿਲਾਂ ਡਰਾਉਣ ਧਮਕਾਉਣ ਲੱਗਾ ਤੇ ਕਹਿਣ ਲੱਗਾ ਕਿ ਮੈਂ ਤੈਨੂੰ ਗੋਲੀ ਮਾਰ ਦੇਣੀ ਸੀ। ਕਾਮਰੇਡ ਜੀ ਨੇ ਕਿਹਾ ਕਿ, "ਹੁਣ ਤੂੰ ਮੈਨੂੰ ਗੋਲੀ ਮਾਰ ਹੁਣ ਤੂੰ ਬਚ ਨਹੀਂ ਸਕਦਾ। ਅਸੀਂ ਅੱਜ ਹੀ ਐਸ.ਐਸ.ਪੀ. ਨੂੰ ਮਿਲ ਕੇ ਤੇਰੀ ਇਸ ਕਰਤੂਤ ਬਾਰੇ ਦਸਾਂਗੇ।" ਇੰਸਪੈਕਟਰ ਪਾਣੀ-ਪਾਣੀ ਹੋ ਗਿਆ। ਨਿਮੋਝੂਣਾ ਹੋ ਕੇ ਵਾਪਸ ਪਰਤ ਗਿਆ ਤੇ ਜਾਂਦਾ ਹੋਇਆ ਕਹਿੰਦਾ ਕਾਮਰੇਡ ਮੇਰਾ ਖਿਆਲ ਰੱਖੀ। ਕਾਮਰੇਡ ਲੋਕਾਂ ਦੀ ਖਾਤਰ ਅਤੇ ਪਾਰਟੀ ਪ੍ਰਤੀ ਬਹੁਤ ਹੀ ਵਫ਼ਾਦਾਰ ਤੇ ਨਿੱਡਰ ਸੀ। ਡਰ ਤਾਂ ਉਸਦੇ ਨੇੜੇ ਨਹੀਂ ਢੁੱਕਦਾ ਸੀ। ਅੱਜ ਦੇ ਸਮੇਂ ਇਹ ਕਿਆਸਿਆ ਨਹੀਂ ਜਾ ਸਕਦਾ ਪਰ ਕਾਮਰੇਡ ਗੁਰਦਾਸ ਲੋਕ ਪਿਆਰ 'ਚ ਭਿੱਜਿਆ ਸਦਾ ਹੀ ਲੋਕਾਂ ਦੇ ਅੰਗ ਸੰਗ ਖੜ੍ਹਦਾ ਸੀ। ਰਤਾ ਭਰ ਵੀ ਉਸਨੂੰ ਡਰ ਨਹੀਂ ਸੀ ਲੱਗਦਾ। ਨਕਸਲੀ ਉਸ ਦੀ ਪਾਰਟੀ ਨੂੰ ਸੋਧਵਾਦੀ ਕਹਿੰਦੇ ਨਿੰਦਦੇ ਸਨ ਪਰ ਉਸ ਨੇ ਇਸ ਦੀ ਪ੍ਰਵਾਹ ਨਹੀਂ ਕੀਤੀ ਅਤੇ ਮੌਕਾ ਆਉਣ 'ਤੇ ਉਹ ਇਹਨਾਂ ਨਾਲ ਜ਼ੁਲਮ ਦੇ ਖਿਲਾਫ਼ ਖੜ੍ਹਾ ਹੋਇਆ।

ਅੱਤਵਾਦ ਦਾ ਸਮਾਂ ਬਹੁਤ ਡਰਾਉਣਾ ਤੇ ਭਿਆਨਕ ਸੀ। ਇਹ ਵੀ ਇਕ ਪਰਖ ਦੀ ਘੜੀ ਸੀ ਪਰ ਕਾਮਰੇਡ ਗੁਰਦਾਸ ਇਹਨਾਂ ਦਿਨਾਂ 'ਚ ਵੀ ਨਹੀਂ ਘਬਰਾਇਆ।

ਪਿੰਡ 'ਚ ਰਾਮ ਲੀਲ੍ਹਾ ਬੰਦ ਹੋ ਗਈ। ਇਸ ਦਾ ਕਾਮਰੇਡ ਜੀ ਦੇ ਮਨ 'ਤੇ ਬਹੁਤ ਅਸਰ ਹੋਇਆ। ਪਿੰਡ ਦਾ ਮੇਲਾ ਬਹੁਤ ਦੇਰ ਤੋਂ ਚੱਲਿਆ ਆ ਰਿਹਾ ਸੀ। ਉਸਦੇ ਬੰਦ ਹੋਣ ਦਾ ਕਾਮਰੇਡ ਜੀ ਨੂੰ ਅਥਾਹ ਸਦਮਾ ਸੀ। ਉਹ ਬਾਜ਼ਾਰ 'ਚ ਜਾ ਕੇ ਲੋਕਾਂ ਨੂੰ ਸਮਝਾਉਂਦਾ ਸੀ ਕਿ ਮੇਲਾ ਬੰਦ ਨਹੀਂ ਹੋਣਾ ਚਾਹੀਦਾ। ਪਹਿਲਾਂ ਰਾਤ ਨੂੰ ਰਾਮ ਲੀਲ੍ਹਾ ਹੁੰਦੀ ਸੀ। ਕਾਮਰੇਡ ਜੀ ਦੇ ਕਹਿਣ 'ਤੇ ਇਹ ਰਾਮ ਲੀਲ੍ਹਾ ਦਿਨ ਨੂੰ ਸ਼ੁਰੂ ਹੋ ਗਈ। ਇਸ ਰਾਮ ਲੀਲਾ 'ਚ ਪਿੰਡ ਦੇ ਸਾਰੇ ਲੋਕ ਸ਼ਾਮਲ ਹੁੰਦੇ ਸਨ। ਪਿੰਡ ਦੇ ਲੋਕ ਅੱਡ-ਅੰਦ ਡੱਬੀਆਂ 'ਚ ਬੰਦ ਨਹੀਂ ਸਨ। ਕਮਿਊਨਿਸਟਾਂ ਨੂੰ ਆਮ ਤੌਰ 'ਤੇ ਧਰਮ ਵਿਰੋਧੀ ਅਤੇ ਰੱਬ ਨੂੰ ਨਾ ਮੰਨਣ ਵਾਲੇ ਕਿਹਾ ਜਾਂਦਾ ਹੈ। ਪਰ ਕਾਮਰੇਡ ਗੁਰਦਾਸ ਲੋਕਾਂ 'ਚ ਅਥਾਹ ਵਿਸ਼ਵਾਸ ਕਰਦਾ ਸੀ ਤੇ ਲੋਕ ਮੇਲਿਆਂ ਧਾਰਮਿਕ ਸਮਾਗਮਾਂ ਵਿਚ ਪੂਰਾ-ਪੂਰਾ ਸ਼ਾਮਲ ਹੁੰਦੇ ਸੀ। ਪਿੰਡ ਦੇ ਹਰੇਕ ਸਮਾਗਮ 'ਚ ਵਧ ਚੜ੍ਹ ਕੇ ਹਿੱਸਾ ਲੈਂਦਾ ਸੀ। ਛੇਵੇਂ ਪਾਤਸ਼ਾਹੀ ਦੇ ਗੁਰਦੁਆਰਾ ਟਾਂਵੀ ਸਾਹਿਬ ਉਹ ਬਹੁਤ ਜਾਂਦਾ ਹੁੰਦਾ ਸੀ। ਉੱਥੇ ਲੱਗ ਸੇਵਾਦਾਰ ਅਤੇ ਗ੍ਰੰਥੀ ਸੱਜਣ ਕਾਮਰੇਡ ਜੀ

ਦਾ ਬਹੁਤ ਸਤਿਕਾਰ ਕਰਦੇ ਸਨ ਤੇ ਕਈ ਵਾਰ ਉਹ ਕਾਮਰੇਡ ਜੀ ਦੇ ਕਹਿਣ 'ਤੇ ਜਲਸੇ ਜਲੂਸਾਂ ਅਤੇ ਹੋਰ ਲੋਕ ਪ੍ਰੋਗਰਾਮਾਂ 'ਚ ਵੀ ਭਾਗ ਲੈਂਦੇ ਸਨ। ਮੁਸਲਮਾਨਾਂ ਦੇ ਡੇਰਿਆਂ ਤੇ ਵੀ ਕਾਮਰੇਡ ਜਾਂਦਾ ਹੁੰਦਾ ਸੀ। ਮੁਸਲਮਾਨ ਉਸਨੂੰ ਅੱਲਾ ਦਾ ਨੂਰ ਕਹਿੰਦੇ ਸਨ।

ਖਾਸ ਕਾਲੇ ਦੇ ਗੁਰਦੁਆਰਾ ਸਾਹਿਬ ਦੇ ਭਾਈ ਜੀ ਨੂੰ ਪੁਲਿਸ ਤੰਗ ਪ੍ਰੇਸ਼ਾਨ ਕਰਨ ਲੱਗੀ ਤੇ ਕਹਿੰਦੀ ਕਿ ਤੇਰੇ ਕੋਲ ਅੱਤਵਾਦੀ ਆਉਂਦੇ ਹਨ। ਭਾਈ ਜੀ ਕਾਮਰੇਡ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਕਾਮਰੇਡ ਜੀ ਡਟ ਕੇ ਭਾਈ ਜੀ ਨਾਲ ਖੜ੍ਹਾ ਹੋਇਆ। ਪੁਲਿਸ ਨੂੰ ਕਹਿੰਦਾ ਕਿ, "ਇਸ ਭਾਈ ਨੂੰ ਮੈਂ ਜਾਣਦਾ ਹਾਂ ਤੇ ਇਹ ਇਸ ਤਰ੍ਹਾਂ ਦਾ ਇਨਸਾਨ ਨਹੀਂ ਹੈ। ਇਸ ਨੂੰ ਕੋਈ ਨੁਕਸਾਨ ਪਹੁੰਚਾਇਆ ਤਾਂ ਡਟ ਕੇ ਇਸ ਨਾਲ ਖੜ੍ਹੇਵਾਂਗਾ। ਖ਼ਬਰਦਾਰ ਜੇ ਭਾਈ ਜੀ ਨੂੰ ਕੁਝ ਕਿਹਾ ਮੇਰੀ ਜ਼ੁੰਮੇਵਾਰੀ ਹੈ ਜੇ ਇਸਨੂੰ ਫੜ੍ਹਨਾ ਹੈ ਤਾਂ ਮੈਨੂੰ ਵੀ ਨਾਲ ਫੜ੍ਹ ਲਓ।" ਪੁਲਿਸ ਸ਼ਾਂਤ ਹੋ ਗਈ। ਤਕੀਏ ਦੇ ਸਾਈਂ ਨੂੰ ਪੁਲਿਸ ਕੋਲੋਂ ਸ਼ਾਹਦੀ ਦੇ ਕੇ ਛੁਡਾਅ ਲਿਆਉਂਦੇ ਸਨ। ਲੋਕਾਂ ਦੇ ਪਿਆਰ 'ਚ ਗੜੁੱਚ ਹੋਇਆ ਕਾਮਰੇਡ ਕਿਵੇਂ ਲੋਕ ਸੇਵਾ ਵਿਚ ਸ਼ਰੀਕ ਹੁੰਦਾ ਹੈ। ਇਹ ਅਮਲੀ ਤੌਰ 'ਤੇ ਇਸ ਗੱਲ ਦਾ ਸਬੂਤ ਹੈ ਕਿ ਉਹ ਕੁਦਰਤ ਪ੍ਰਮਾਤਮਾ ਦੀ ਸਾਰੀ ਕਾਇਨਾਤ ਨੂੰ ਬਹੁਤ ਪਿਆਰ ਕਰਦਾ ਸੀ। ਲੋਕਾਂ ਦੇ ਦੁੱਖ 'ਚ ਸ਼ਾਮਲ ਹੋਣਾ ਉਸਦਾ ਅਕੀਦਾ ਸੀ। ਭਾਵੇਂ ਕੋਈ ਵੀ ਖਤਰਾ ਹੋਵੇ ਉਹ ਜ਼ਰਾ ਵੀ ਨਹੀਂ ਘਬਰਾਇਆ।

ਅੱਤਵਾਦ ਦੇ ਸਮੇਂ 'ਚ ਕਾਮਰੇਡ ਜੀ ਤੇ ਸਾਰੇ ਪਰਿਵਾਰ ਨੂੰ ਬਹੁਤ ਖ਼ਤਰਾ ਪੈਦਾ ਹੋ ਗਿਆ। ਉਨ੍ਹਾਂ ਦਿਨਾਂ 'ਚ ਪਿੰਡ 'ਚ ਕਾਮਰੇਡਾਂ ਦਾ ਰਹਿਣਾ ਬਹੁਤ ਹੀ ਖ਼ਤਰਿਆ ਭਰਪੂਰ ਸੀ। ਕਈ ਵਾਰ ਪੁਲਿਸ ਕਾਮਰੇਡ ਜੀ ਨੂੰ ਕਹਿੰਦੀ ਸੀ ਕਿ ਤੁਹਾਡੇ ਲਈ ਪੁਲਿਸ ਸੁਰੱਖਿਆ ਲਾਉਣੀ ਹੈ। ਕਾਮਰੇਡ ਜੀ ਕਿਹਾ ਕਰਦੇ ਸਨ ਕਿ, "ਮੇਰਾ ਅਤੇ ਮੇਰੇ ਪਰਿਵਾਰ ਦਾ ਕਿਸੇ ਨਾਲ ਕੋਈ ਵੈਰ ਵਿਰੋਧ ਨਹੀਂ ਹੈ। ਸਾਨੂੰ ਕੋਈ ਸੁਰੱਖਿਆ ਦੀ ਲੋੜ ਨਹੀਂ ਹੈ।" ਅੱਤਵਾਦ ਦੇ ਖਿਲਾਫ਼ ਪਾਰਟੀ ਪਿੰਡਾਂ 'ਚ ਜੱਥਾ ਮਾਰਚ ਕਰਦੀ ਸੀ ਤਾਂ ਕਾਮਰੇਡ ਜੀ ਉਸ ਜੱਥੇ 'ਚ ਸ਼ਾਮਲ ਸਨ ਤੇ ਇਹ ਜੱਥਾ ਮਾਰਚ ਕਰਦਾ ਹੋਇਆ ਪਿੰਡ ਕਾਲਾ ਸੰਘਿਆ ਆਇਆ ਤਾਂ ਰਾਤ ਸਾਡੇ ਘਰ ਠਹਿਰਿਆ। ਉਸ ਸਮੇਂ ਇਹ ਇਸ ਅਤੇ ਬਾਹ -ਮਲ ਬਹੁਤ ਡਰਾਉਣਾ ਅਤੇ ਖਤਰਿਆਂ ਭਰਪੂਰ ਸੀ। ਕਾ ਭਗਤ ਰਾਮ ਸਾਬਕਾ ਐਮ.ਪੀ. ਤੇ ਹੋਰ ਕਮਿਊਨਿਸਟ ਆਗੂ ਰਾਤ ਠਹਿਰੇ ਅਤੇ ਅਸੀਂ ਰੋਟੀ ਪਾਣੀ ਦਾ ਪ੍ਰਬੰਧ ਬਹੁਤ ਵਧੀਆ ਕੀਤਾ। ਮੈਂ, ਮੇਰੀ ਘਰਵਾਲੀ ਹਰਵਿੰਦਰ ਤੇ ਬੱਚੇ ਕਾਮਰੇਡ ਜੀ ਦੇ ਨਾਲ ਡਟ ਕੇ ਖੜ੍ਹੇ ਹੁੰਦੇ ਸਾਂ। ਰਤਾ ਭਰ ਵੀ ਸਾਨੂੰ ਡਰ ਨਹੀਂ ਲੱਗਿਆ। ਪਿੰਡ ਦੇ ਮਸਲੇ 'ਤੇ ਲੋਕਾਂ ਦੇ ਅੰਗ ਸੰਗ ਕਾਮਰੇਡ ਜੀ ਬਾਂਹ ਉਤਾਹ ਕਰਕੇ ਬੜੇ ਚਾਅ ਅਤੇ ਜੋਸ਼ ਨਾਲ ਲੋਕਾਂ ਦਾ ਸਾਥ ਦਿੰਦੇ ਸਨ। ਇਹ ਕੋਈ ਜਾਦੂ ਨਹੀਂ ਹੈ ਨਾ ਹੀ ਕੋਈ ਕਰਾਮਾਤ, ਜਦੋਂ ਮਨ 'ਚ ਲੋਕਾਈ ਦਾ ਦੁੱਖ ਦਰਦ ਹੋਵੇ ਤੇ ਲੋਕ ਸੇਵਾ ਦੀ ਭਾਵਨਾ ਹੋਵੇ ਤਾਂ ਲੋਕਾਂ ਦੀਆਂ ਲਹਿਰਾਂ 'ਚ ਸ਼ਮੂਲੀਅਤ ਹੋਵੇ ਤਾਂ ਇਹ ਸਰੂਰ, ਇਹ ਜਜ਼ਬਾ ਵੱਖਰੀ ਕਿਸਮ ਦਾ ਹੈ। ਇਹ ਕਾਇਨਾਤ ਤੇ ਕੁਦਰਤ ਦੀ ਬੰਦਗੀ ਦਾ ਅਸਲੀ ਰਾਹ ਹੈ। ਜਿਹੜਾ ਵੀ ਇਸ ਰਾਹ 'ਤੇ ਚੱਲਦਾ ਹੈ ਤਾਂ ਡਰ ਉਸਦੇ ਨੇੜੇ ਨਹੀਂ ਆਉਂਦਾ। ਸਾਡਾ ਵਿਰਸਾ ਸਾਡੇ ਗੁਰੂ ਸਾਹਿਬਾਨ ਹੋਰ ਦੇਸ਼ ਭਗਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਕਿਵੇਂ ਉਨ੍ਹਾਂ ਨੇ ਸਾਡੇ ਸਮਾਜ ਲਈ ਤੇ ਲੋਕਾਈ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਉਹ ਹੁਣ ਵੀ ਸਾਡੀ ਅਗਵਾਈ ਕਰਦੇ ਹਨ। ਸਾਡੇ ਅੰਗ ਸੰਗ ਹਨ ਅਸੀਂ ਉਨ੍ਹਾਂ ਦੇ ਪਾਏ ਪੂਰਨਿਆਂ 'ਤੇ ਚੱਲਣਾ ਹੈ।

ਅੱਤਵਾਦ ਦੇ ਦੌਰ ਸਮੇਂ ਜਦੋਂ ਅਸੰਬਲੀ ਦੀਆਂ ਵੋਟਾਂ ਪੈਣੀਆਂ ਸਨ ਤਾਂ ਅੱਤਵਾਦੀ ਜਥੇਬੰਦੀਆਂ ਨੇ ਵੋਟਾਂ ਦਾ ਬਾਈਕਾਟ ਕੀਤਾ ਹੋਇਆ ਸੀ। ਅਕਾਲੀ ਪਾਰਟੀ ਵੀ ਡਰਦਿਆਂ ਮਾਰੀਆਂ ਵੋਟਾਂ ਦਾ ਬਾਈਕਾਟ ਕਰ ਗਈ। ਫਿਰ ਵੀ ਵੋਟਾਂ ਪਵਾਈਆਂ ਗਈਆਂ ਅਤੇ ਸਾਰੇ ਪੰਜਾਬ 'ਚੋਂ ਤਕਰੀਬਨ 10% ਵੋਟਾਂ ਹੀ ਭੁਗਤੀਆਂ ਸਨ । ਜਦੋਂ ਇਹ ਵਕਤ ਆਇਆ ਤਾਂ ਕਾਮਰੇਡ ਜੀ ਨੇ ਕਿਹਾ ਕਿ ਆਪਾਂ ਵੋਟਾਂ ਜ਼ਰੂਰ ਪਾਉਣੀਆਂ ਹਨ। ਇਹ ਲੋਕਾਂ ਦਾ ਜਮਹੂਰੀ ਹੱਕ ਹੈ। ਦਹਿਸ਼ਤ ਬਹੁਤ ਸੀ। ਅੱਤਵਾਦੀਆਂ ਨੇ ਇਹ ਐਲਾਨ ਕੀਤਾ ਸੀ ਕਿ ਜਿਹੜਾ ਵੀ ਵੋਟਾਂ ਪਾਉਣ ਜਾਊਗਾ ਤੇ ਵੋਟ ਪਾਊਗਾ ਉਸਦੇ ਹੱਥ ਕੱਟ ਦਿੱਤੇ ਜਾਣਗੇ ਤੇ ਕਤਲ ਕਰ ਦਿੱਤੇ ਜਾਣਗੇ। ਲੋਕਾਂ ਨੇ ਆਪਣੇ ਘਰਾਂ 'ਚ ਰਹਿਣਾ ਪਸੰਦ ਕੀਤਾ ਪਰ ਕਾਮਰੇਡ ਤੇ ਸਾਡਾ ਸਾਰਾ ਪਰਿਵਾਰ ਵੋਟਾਂ ਪਾਉਣ ਗਿਆ। ਮੈਂ, ਕਾਮਰੇਡ ਗੁਰਦਾਸ, ਮੇਰੀ ਘਰਵਾਲੀ ਅਤੇ ਮੇਰੀ ਘਰਵਾਲੀ ਦੀ ਮਾਤਾ ਜੀ ਚੋਹਾਂ ਨੇ ਵੋਟਾਂ ਪਾਈਆਂ। ਦੋ ਵੋਟਾਂ ਕਾ. ਮਨਜੀਤ ਸਿੰਘ ਅਤੇ ਉਸਦੀ ਘਰਵਾਲੀ ਨੇ ਵੀ ਪਾਈਆਂ। ਕਾਮਰੇਡ ਜੀ ਦੇ ਰਾਹ 'ਚ ਅਨੇਕਾਂ ਮੁਸ਼ਕਿਲਾਂ ਆਈਆਂ। ਜਾਨ ਦਾ ਵੀ ਖ਼ਤਰਾ ਰਿਹਾ ਪਰ ਇਹ ਕਾਮਰੇਡ ਗੁਰਦਾਸ ਸਦਾ ਅਡੋਲ ਰਿਹਾ।

ਕਾਮਰੇਡ ਗੁਰਦਾਸ ਵਿੱਦਿਆ ਦੇ ਪਾਸਾਰ ਲਈ ਅਤੇ

ਬੱਚਿਆਂ ਦੀ ਪੜ੍ਹਾਈ ਖਾਸ ਕਰਕੇ ਲੜਕੀਆਂ ਦੀ ਪੜ੍ਹਾਈ ਲਈ ਬਹੁਤ ਹੀ ਖਾਹਸ਼ਮੰਦ ਸੀ। ਕਹਿੰਦਾ ਹੁੰਦਾ ਸੀ ਕਿ ਬੱਚਿਆਂ ਨੂੰ ਪੜ੍ਹਾਉਣਾ ਚਾਹੀਦਾ ਹੈ। ਮੈਨੂੰ ਕਹਿੰਦਾ ਸੀ ਕਿ ਤੂੰ ਪੜ੍ਹ ਲੈ ਭਾਵੇਂ ਮੇਰਾ ਸਾਰਾ ਘਰ ਬਾਰ ਜਾਂ ਜ਼ਮੀਨ ਆਦਿ ਵੀ ਵਿਕ ਜਾਏ। ਮੈਨੂੰ ਪੜ੍ਹਾਉਣ ਲਈ ਉਸ ਨੇ ਸਭ ਕੁਝ ਦਾਅ ਤੇ ਲਗਾ ਦਿੱਤਾ। ਬਾਕੀ ਹੋਰ ਸਾਡੇ ਘਰ ਦੇ ਬੱਚਿਆਂ ਲਈ ਵੀਬਹੁਤ ਹੀ ਉਸਦੀ ਖਾਹਸ਼ ਸੀ ਉਹ ਆਪਣਾ ਯਤਨ ਵੀ ਕਰਦਾ ਸੀ। ਕੁੜੀਆਂ ਦਾ ਕਾਲਜ ਖੋਲ੍ਹਣ ਅਤੇ ਚਲਾਉਣ ਲਈ ਕਾਮਰੇਡ ਜੀ ਦਾ ਬਹੁਤ ਯੋਗਦਾਨ ਹੈ। ਮੋਹਰੇ ਲਗ ਕੇ ਕੁੜੀਆਂ ਦਾ ਕਾਲਜ 'ਸੰਤ ਹੀਰਾ ਦਾਸ ਕੰਨਿਆ ਮਹਾਵਿਦਿਆਲਿਆ' ਖੋਹਲਿਆ ਗਿਆ ਤੇ ਅੱਜ ਇਹ ਕਾਲਜ ਇਕ ਮੋਹਰੀ ਸੰਸਥਾ ਵਜੋਂ ਇਲਾਕੇ ਅਤੇ ਪੰਜਾਬ ਵਿਚ ਪ੍ਰਸਿੱਧ ਹੈ। ਕਾਲਜ ਖੋਲ੍ਹਣ ਲਈ ਮੀਟਿੰਗ ਕੀਤੀ ਗਈ। ਕਾਮਰੇਡ ਜੀ ਨੇ ਆਪ ਹੀ ਇਕ ਪ੍ਰਧਾਨ ਅਤੇ ਇਕ ਨੂੰ ਸੈਕਟਰੀ ਬਣਾ ਦਿੱਤਾ ਤੇ ਕੰਮ ਸ਼ੁਰੂ ਕਰਵਾ ਦਿੱਤਾ ਗਿਆ। ਸੰਤ ਹੀਰਾ ਦਾਸ ਸੀਨੀਅਰ ਸੈਕੰਡਰੀ ਸਕੂਲ ਵੀ ਖੋਲ੍ਹਿਆ ਗਿਆ ਤੇ ਇਹ ਸਕੂਲ ਵੀ ਹੁਣ ਮੋਹਰੀ ਸਕੂਲਾਂ 'ਚ ਸ਼ੁਮਾਰ ਹੈ। ਸਕੂਲ ਦੀ ਜ਼ਮੀਨ ਕਿਸੇ ਦੇ ਕਬਜ਼ੇ ਅਧੀਨ ਸੀ। ਕਾਮਰੇਡ ਜੀ ਨੇ ਮੂਹਰੇ ਲੱਗ ਕੇ ਆਪ ਟਰੈਕਟਰ ਨਾਲ ਵੱਟਾਂ ਪਾ ਕੇ ਜ਼ਮੀਨ 'ਤੇ ਕਬਜ਼ਾ ਕੀਤਾ ਅਤੇ ਇਸ ਤੋਂ ਸਕੂਲ ਦੀ ਜ਼ਮੀਨ ਤੇ ਪਾਰਟੀ (ਮਾਰਕਸੀ) ਵੱਲੋਂ ਕਾਨਫਰੰਸ ਵੀ ਕਰਵਾਈ। ਕਾਮਰੇਡ ਸਟੇਜ 'ਤੇ ਚੜ੍ਹ ਕੇ ਬੋਲਦਾ ਕਿ ਜੇ ਕਿਸੇ ਨੇ ਵੀ ਇਸ ਸਕੂਲ ਦੀ ਜ਼ਮੀਨ ਵੱਲ ਵੇਖਿਆ ਤਾਂ ਅਸੀਂ ਸਹਿਣ ਨਹੀਂ ਕਰਾਂਗੇ। ਐਸਾ ਹੌਸਲਾ ਸੀ ਇਸ ਇਨਸਾਨ 'ਚ ਕਿ ਮੁਰਦਿਆਂ 'ਚ ਵੀ ਜਾਨ ਪਾ ਦਿੰਦਾ ਸੀ। ਉਸ ਦੇ ਲਈ ਕੋਈ ਛੋਟਾ ਵੱਡਾ ਨਹੀਂ ਸੀ। ਆਪਣੀ ਗੱਲ ਬਹੁਤ ਬੇਬਾਕ ਹੋ ਕੇ ਕਹਿੰਦਾ ਸੀ ਅਤੇ ਆਪਣਾ ਨਿਸ਼ਾਨਾਂ ਪ੍ਰਾਪਤ ਕਰਨ ਲਈ ਅੱਗੇ ਵਧਦਾ ਸੀ। ਗ਼ਰੀਬ ਲੋਕਾਂ ਲਈ ਖ਼ਾਸ ਕਰਕੇ ਦਲਿਤ ਭਾਈਚਾਰੇ ਲਈ ਉਸਦੇ ਮਨ 'ਚ ਬਹੁਤ ਪਿਆਰ ਸੀ। ਕਾਮਰੇਡ ਜੀ ਨੇ ਆਪਣੀ ਜ਼ਿੰਦਗੀ 'ਚ ਤੰਗੀਆਂ ਤੁਰਸ਼ੀਆਂ ਅਤੇ ਗ਼ਰੀਬੀ ਦੀ ਮਾਰ ਝੱਲੀ ਪਰ ਉਹ ਆਪਣੇ ਅਕੀਦੇ ਤੋਂ ਪਿੱਛੇ ਨਾ ਹਟਿਆ। ਉਸਨੇ ਆਪਣਾ ਆਪ ਨਹੀਂ ਛੱਡਿਆ। ਮੈਂ ਪੜ੍ਹ ਕੇ ਇੰਜੀਨੀਅਰ ਬਣ ਗਿਆ ਤਾਂ ਨੌਕਰੀ ਮਿਲ ਗਈ।

ਕਾਮਰੇਡ ਜੀ ਦੇ ਨਾਲ ਅਸੀਂ ਸਾਰਾ ਪਰਿਵਾਰ ਪਿੰਡ 'ਚ ਰਹੇ। ਮੇਰੀ ਨੌਕਰੀ ਬਾਹਰ ਸੀ ਪਰ ਮੈਂ ਪਿੰਡ ਹੀ ਆਉਂਦਾ ਸੀ। ਬੱਚੇ ਵੀ ਸਰਕਾਰੀ ਸਕੂਲੇ ਪੜ੍ਹਾਏ। ਕਾਮਰੇਡ ਜੀ ਕਰਕੇ ਮੇਰਾ ਵੀ ਪਿੰਡ ਤੇ ਲੋਕਾਂ ਨਾਲ ਅਥਾਹ ਪਿਆਰ ਸੀ। ਮੈਂ ਵੀ ਪਿੰਡ ਨਹੀਂ ਛੱਡਣਾ ਚਾਹੁੰਦਾ ਸੀ। ਪਰ ਸਮੇਂ ਦੀ ਮਾਰ ਨੇ ਮੈਨੂੰ ਮਜਬੂਰ ਕਰ ਦਿੱਤਾ। ਮੈਂ ਆਪਣਾ ਮਕਾਨ ਸ਼ਹਿਰ ਬਣਾ ਲਿਆ ਤੇ ਬੱਚੇ ਵੀ ਉੱਚ ਵਿੱਦਿਆ ਲਈ ਸ਼ਹਿਰ 'ਚ ਕਾਲਜ ਪੜ੍ਹਨੇ ਪਾਏ। ਸਾਡੇ ਲਈ ਸਮੱਸਿਆ ਬਣ ਗਈ ਕਿ ਪਿੰਡ ਛੱਡਣਾ ਬਹੁਤ ਮੁਸ਼ਕਿਲ ਸੀ। ਫਿਰ ਮੈਂ ਤਾਂ ਦੋਨੋ ਬੱਚੇ ਸ਼ਹਿਰ 'ਚ ਰਹਿਣ ਲੱਗ ਗਏ। ਕਾਮਰੇਡ (ਭਾਪਾ) ਤੇ ਹਰਵਿੰਦਰ ਪਿੰਡ 'ਚ ਹੀ ਰਹਿੰਦੇ ਸਨ। ਹਫ਼ਤੇ 'ਚ ਛੁੱਟੀ ਵਾਲੇ ਦਿਨ ਮੇਰੀ ਘਰਵਾਲੀ ਨੇ ਸ਼ਹਿਰ ਆਉਣਾ ਬਾਕੀ ਸਮਾਂ ਪਿੰਡ ਹੀ ਰਹਿਣਾ। ਕਾਮਰੇਡ ਜੀ ਨਾਲ ਮੇਰਾ ਵਾਅਦਾ ਸੀ ਕਿ ਮੇਰੀ ਨੌਕਰੀ ਖਤਮ ਹੋਣ ਪਿੱਛੋਂ ਪਿੰਡ ਹੀ ਜਾਣਾ ਹੈ। ਅਸੀਂ ਪਿੰਡ ਦੇ ਮਕਾਨ 'ਚੋਂ ਕੁਝ ਸ਼ਹਿਰ ਨਹੀਂ ਖੜਿਆ ਅਤੇ ਇਸੇ ਆਸ 'ਤੇ ਕਿ ਪਿੰਡ ਹੀ ਮੁੜ ਜਾਣਾ ਹੈ। ਕਾਮਰੇਡ ਜੀ ਉਮਰ ਕਰਕੇ ਬਹੁਤੀ ਆਪਣੀ ਸਿਹਤ ਪ੍ਰਤੀ ਅਣਗਹਿਲੀ ਕਰਕੇ ਬੀਮਾਰ ਰਹਿਣ ਲੱਗ ਪਏ। ਇਕ ਵਾਰੀ ਦਿਲ ਦਾ ਦੌਰਾ ਵੀ ਹੋਇਆ ਧਰ ਵੇਲੇ ਸਿਰ ਇਲਾਜਨਾਲ ਬਚਾ ਲਿਆ ਗਿਆ। ਡਾਕਟਰ ਨੇ ਕਿਹਾ ਕਿ ਹੁਣ ਇਹਨਾਂ ਨੂੰ ਬਹੁਤ ਫਿਰਨ ਤੁਰਨ ਨਹੀਂ ਦੇਣਾ ਤੇ ਖਿਆਲ ਰੱਖਣਾ। ਮੈਂ ਬਹੁਤ ਹੀ ਲੋੜ ਤੋਂ ਵੱਧ ਫਿਕਰਮੰਦ ਹੋ ਗਿਆ ਤੇ ਸਦਾ ਹੀ ਕਾਮਰੇਡ ਜੀ ਦੇ ਨਾਲ ਰਹਿੰਦਾ ਤੇ ਕਾਮਰੇਡ ਜੀ ਨੂੰ ਜ਼ਬਰਦਸਤੀ ਸ਼ਹਿਰ ਰੱਖਣ ਲੱਗ ਪਿਆ। ਕਾਮਰੇਡ ਜੀ ਨੇ ਕਹਿਣਾ, "ਤੂੰ ਮੇਰਾ ਖਹਿੜਾ ਛੱਡ। ਮੈਨੂੰ ਮਰਨ ਦੇ ਲੋਕ ਵੀ ਮਰਦੇ ਹਨ ਤੂੰ ਕੀ ਮੈਨੂੰ ਥੰਮੀਆਂ ਦੇ ਕੇ ਬਚਾ ਲਵੇਂਗਾ। ਮੈਨੂੰ ਲੋਕਾਂ 'ਚ ਰਹਿਣ ਦੇ ਉੱਥੇ ਲੋਕਾਂ 'ਚ ਮਰਨ ਦੇ। ਮੈਂ ਤਾਂ ਆਪਣੇ ਪਿੰਡ ਦੇ ਲੋਕਾਂ ਤੋਂ ਵਿਛੜਿਆਂ ਪਹਿਲਾਂ ਮਰਿਆ ਬਰਾਬਰ ਹਾਂ। ਮੈਂ ਇਸ ਤਰ੍ਹਾਂ ਦੀ ਜ਼ਿੰਦਗੀ ਨਹੀਂ ਚਾਹੁੰਦਾ।"

ਮੈਂ ਭਾਵੇਂ ਮਜਬੂਰ ਸੀ। ਨਾ ਕੋਈ ਸਾਹਸ ਭਰਿਆ ਕਦਮ ਚੁੱਕ ਸਕਿਆ। ਮੈਂ ਕਾਮਰੇਡ ਜੀ ਨੂੰ ਆਪਣੇ ਨਾਲ ਸ਼ਹਿਰ 'ਚ ਰੱਖਿਆ। ਕਾਮਰੇਡ ਜੀ ਪਾਰਕ 'ਚ ਜਾ ਕੇ ਲੋਕਾਂ ਤੇ ਬਜ਼ੁਰਗਾਂ ਨਾਲ ਗੱਲਾਂ ਕਰਦੇ। ਮੈਂ ਕਿਹਾ ਕਿ ਭਾਪਾ ਹੁਣ ਤਾਂ ਤੇਰਾ ਦਿਲ ਲੱਗ ਗਿਆ। ਕਹਿੰਦਾ ਕਿ, "ਸੁਆਹ ਦਿਲ ਲੱਗਣਾ ਜਿਹਦੇ ਨਾਲ ਵੀ ਗੱਲ ਕਰੀਂਦੀ ਤਾਂ ਉੱਤੇ ਨੂੰ ਬੂਥਾ ਚੁੱਕ ਲੈਂਦਾ ਤੇ ਕਹਿੰਦਾ ਕਿ ਬਸ ਉਹ ਉੱਪਰ ਵਾਲਾ ਹੀ ਸਭ ਕੁਝ ਕਰਦਾ ਹੈ।" ਕਾਮਰੇਡ ਗੁਰਦਾਸ ਜਿੰਨਾ ਚਿਰ ਵੀ ਸ਼ਹਿਰ ਮੇਰੇ ਕੋਲ ਰਿਹਾ ਉਦਾਸ ਹੀ ਰਿਹਾ ਜਿਵੇਂ ਮੱਛੀ ਪਾਣੀ ਤੋਂ ਬਗੈਰ ਤੜਫਦੀ ਹੈ। ਉਸ ਤਰ੍ਹਾਂ ਕਾਮਰੇਡ ਵੀ ਲੋਕਾਂ ਤੋਂ ਬਗੈਰ ਤੜਫ਼ਦਾ ਸੀ। ਪਰ ਸਿਹਤ ਇਜਾਜ਼ਤ ਨਹੀਂ ਦਿੰਦੀ ਸੀ। ਮੈਂ ਕਈ ਤਜ਼ਰਬੇ ਕੀਤੇ। ਕਦੇ ਕਿਸੇ ਬੰਦੇ ਨੂੰ ਨਾਲ ਭੇਜ ਦੇਣਾ ਕਿ ਤੂੰ ਭਾਪਾ ਜੀ ਦੇ ਨਾਲ ਪਿੰਡ ਜਾ ਤੇ ਵਾਪਸ ਨਾਲ ਲੈ ਕੇ ਮੁੜ

ਆਵੀਂ। ਪਰ ਕਾਮਰੇਡ ਜੀ ਉਸ ਬੰਦੇ ਨੂੰ ਝਿੜਕਾ ਮਾਰ ਕੇ ਭਜਾ ਦਿੰਦੇ ਤਾਂ ਆਪ ਅਲੋਪ ਹੋ ਜਾਂਦੇ। ਫਿਰ ਬਹੁਤ ਸਮੱਸਿਆ ਆਉਣੀ ਤਾਂ ਫਿਰ ਬੀਮਾਰ ਹੋ ਜਾਣਾ। ਦਿਲ ਦੀ ਬੀਮਾਰੀ ਹੋਣ ਕਰਕੇ ਮੈਂ ਖ਼ਤਰਾ ਮੁੱਲ ਨਹੀਂ ਸੀ ਲੈਂਦਾ ਪਰ ਬਹੁਤ ਕੋਸ਼ਿਸ਼ ਕੀਤੀ ਕਿ ਕਾਮਰੇਡ ਠੀਕ ਹੋ ਜਾਵੇ ਤਾਂ ਮੈਂ ਨਾਲ ਹੀ ਪਿੰਡ ਚੱਲਿਆ ਜਾਵਾਂ।

ਮੇਰੀ ਸੇਵਾ ਨਵਿਰਤੀ ਤੋਂ ਥੋੜ੍ਹਾ ਚਿਰ ਬਾਅਦ ਹੀ ਕਾਮਰੇਡ ਜੀ ਬੀਮਾਰ ਹੋ ਗਏ ਤਾਂ ਮੈਂ ਪਟੇਲ ਹਸਪਤਾਲ ਦਾਖ਼ਲ ਕਰਵਾ ਦਿੱਤਾ। ਪਹਿਲਾਂ ਵੀ ਜਦ ਬੀਮਾਰ ਹੁੰਦੇ ਸਨ ਤਾਂ ਮੈਂ ਪਟੇਲ ਹਸਪਤਾਲ ਦਾਖ਼ਲ ਕਰਵਾਉਂਦਾ ਸਾਂ। ਪਟੇਲ ਹਸਪਤਾਲ ਦਾ ਡਾਕਟਰ ਚੋਪੜਾ ਇਨ੍ਹਾਂ ਨੂੰ ਬਹੁਤ ਪਿਆਰ ਕਰਦਾ ਸੀ। ਇਕ ਦਿਨ ਮਨਹੂਸ ਦਿਨ ਚੜ੍ਹਿਆ ਜਿਸ ਦਿਨ ਡਾਕਟਰ ਨੇ ਕਿਹਾ ਕਿ ਹੁਣ ਕਾਮਰੇਡ ਦਾ ਠੀਕ ਹੋਣਾ ਮੁਸ਼ਕਿਲ ਹੈ। ਮੇਰੇ ਪੈਰੋਂ ਜ਼ਮੀਨ ਖਿਸਕ ਗਈ। ਮੈਂ ਖੜ੍ਹਾ-ਖੜ੍ਹਾ ਹੀ ਸੁੰਨ ਹੋ ਗਿਆ। ਮੈਂ ਆਪਣੇ ਪਿਤਾ ਜੀ ਤੋਂ ਜੁਦਾ ਹੋਣਾ ਸਹਿ ਨਹੀਂ ਸੀ ਸਕਦਾ। ਇਹ ਗੱਲ ਮੈਨੂੰ ਚੰਗੀ ਨਹੀਂ ਲੱਗੀ। ਮੈਂ ਡਾਕਟਰ ਨੂੰ ਕਿਹਾ ਕਾਮਰੇਡ ਜੀ ਨੂੰ ਹਸਪਤਾਲ 'ਚੋਂ ਛੁੱਟੀ ਦੇ ਦਿਓ ਮੈਂ ਲੁਧਿਆਣੇ ਲੈ ਜਾਣਾ ਹੈ। ਡਾਕਟਰ ਨੇ ਕਿਹਾ ਕਿ, "ਇਹ ਮੇਰਾ ਬਾਪ ਹੈ ਮੈਂ ਇਲਾਜ ਕਰਨਾ ਹੈ। ਮੈਨੂੰ ਇਸ ਦੀ ਸਿਹਤ ਦਾ ਪਤਾ ਹੈ ਉੱਥੇ ਲਿਜਾਣ ਦਾ ਕੋਈ ਫਾਇਦਾ ਨਹੀਂ ਹੈ।" ਪਰ ਮੈਂ ਜ਼ਿੱਦ ਕਰ ਕੇ ਲੁਧਿਆਣੇ ਲੈ ਗਿਆ। ਕਾਮਰੇਡ ਜੀ ਬੇਸੁਰਤ ਹੋ ਗਏ ਮੈਂ 24-24 ਘੰਟੇਕਾਮਰੇਡ ਜੀ ਕੋਲ ਹੀ ਬੈਠਾ ਰਹਿੰਦਾ ਤੇ ਮਸ਼ੀਨਾਂ 'ਤੇ ਆਉਂਦੀਆਂ ਪੜਤਾਂ ਨੂੰ ਦੇਖਦਾ ਰਹਿੰਦਾ। ਕਦੀ ਠੀਕ ਹੋ ਜਾਣਾ ਤੇ ਫਿਰ ਉਸੇ ਤਰ੍ਹਾਂ ਹੀ ਹੋ ਜਾਣਾ। ਇਹ ਸਿਲਸਿਲਾ 20 ਦਿਨ ਚੱਲਦਾ ਰਿਹਾ। ਮੈਂ ਇਹਨਾਂ ਦਿਨਾਂ 'ਚ ਆਪਣੇ ਇਸ ਮਹਾਨ ਮਨੁੱਖ ਦੇ ਪੈਰਾਂ 'ਚ ਹੀ ਬੈਠਾ ਰਹਿੰਦਾ। ਜਦੋਂ ਵੀ ਥੋੜ੍ਹਾ ਆਰਾਮ ਕਰਦਾ ਫਿਰ ਇਹਨਾਂ ਕੋਲ ਆ ਜਾਂਦਾ। ਅਖ਼ੀਰ ਕਾਮਰੇਡ ਜੀ ਇਸ ਦੁਨੀਆ ਤੋਂ ਚਲੇ ਗਏ। ਮੈਂ ਅਖ਼ੀਰ ਇਕ ਆਦਰਸ਼ ਪਿਤਾ ਤੋਂ ਵਾਂਝਿਆ ਹੋ ਗਿਆ।

ਮੌਤ ਇਕ ਅਮਲ ਹੈ ਜੋ ਕੁਦਰਤ 'ਚ ਲਗਾਤਾਰ ਵਾਪਰਦਾ ਹੈ। ਜੋ ਵੀ ਪੈਦਾ ਹੁੰਦਾ ਅਖ਼ੀਰ 'ਚ ਉਸ ਨੇ ਖਤਮ ਹੋ ਜਾਣਾ ਹੈ। ਕੁਦਰਤ ਦੇ ਮੂਹਰੇ ਜ਼ੋਰ ਨਹੀਂ ਹੈ। ਮਨੁੱਖ ਆਪਣੀ ਉਮਰ ਲੰਬੀ ਕਰਨ ਲਈ ਯਤਨ ਕਰਦਾ ਹੈ। ਅਖ਼ੀਰ ਨੂੰ ਆਪਣੀ ਮਿਆਦ 'ਤੇ ਖ਼ਤਮ ਹੋ ਜਾਂਦਾ ਹੈ। ਕਾਮਰੇਡ ਜੀ ਨੇ 85 ਵਰ੍ਹੇ ਆਪਣੀ ਉਮਰ ਹੰਢਾਈ। ਆਪਣੀ ਸੁਰਤੀ ਤੋਂ ਮੌਤ ਤਕ ਉਸ ਨੇ ਆਪਣਾ ਜੀਵਨ ਸਫ਼ਲ ਕੀਤਾ। ਮਰਦਾਂ ਵਾਂਗ ਜੀਵਿਆ ਅਤੇ ਪਲ-ਪਲ ਲੋਕਾਂ ਦੀ ਸੇਵਾ 'ਚ ਹਾਜ਼ਰ ਰਿਹਾ। ਆਪਣਾ ਜੀਵਨ ਢੰਗ, ਆਪਣਾ, ਅਕੀਦਾ ਨਹੀਂ ਬਦਲਿਆ। ਸਮਾਜਕ ਤਬਦੀਲੀ ਜਿਹੜੀ ਕਿ ਮੌਤ ਵਾਂਗ ਹੀ ਅਟੱਲ ਹੈ, ਲਿਆਉਣ 'ਚ ਆਪਣਾ ਯੋਗਦਾਨ ਪਾਇਆ। ਦਾਦੀ ਮਾਂ ਨੇ ਮੈਨੂੰ ਇਕ ਵਾਰ ਕਿਹਾ ਸੀ ਕਿ ਸੀਤੀ ਤੂੰ ਵੀ ਆਪਣੇ ਪਿਓ ਵਾਂਗ ਲੋਕਾਂ ਦੇ ਕੰਮ ਆਵੀਂ ਤੇ ਗ਼ਰੀਬ ਗੁਰਬਿਆਂ ਦੀ ਬਾਂਹ ਫੜ੍ਹੀ ਤੇ ਕਾਮਰੇਡ ਜੀ ਵੀ ਮੈਨੂੰ ਇਹੀ ਕਹਿੰਦੇ ਸਨ ਕਿ ਦੇਖੀਂ ਕਿਤੇ ਲੋਕ ਇਹ ਨਾ ਕਹਿ ਦੇਣ ਕਿ ਦਾਸ ਦਾ ਪੁੱਤ ਵੀ ਭ੍ਰਿਸ਼ਟਾਚਾਰ ਕਰਦਾ ਹੈ। ਮੈਂ ਇਸ ਗੱਲ 'ਤੇ ਅਡੋਲ ਰਿਹਾ। ਮੇਰੀ ਧਰਮ ਪਤਨੀ ਨੇ ਇਸ ਕੰਮ ਵਿਚ ਮੇਰਾ ਸਾਥ ਦਿੱਤਾ ਤਾਂ ਮੈਂ ਹਾਲੀ ਤੱਕ ਆਪਣੇ ਪਿਆਰੇ ਪਿਤਾ ਜੀ ਦੇ ਬਚਨਾਂ ਨੂੰ ਨਿਭਾਅ ਰਿਹਾ ਹਾਂ। ਕਾਮਰੇਡ ਜੀ ਦੀ ਸਮਾਜ ਨੂੰ ਬਹੁਤ ਵੱਡੀ ਦੇਣ ਸੀ। ਇਸ ਦੇ ਨਾਲ ਸਾਡਾ ਸਾਰਾ ਟੱਬਰ ਕਾਮਰੇਡ ਜੀ ਦੀ ਸੋਚ ਵਾਂਗ ਆਪਣਾ ਜੀਵਨ ਢੰਗ ਅਪਣਾ ਕੇ ਬਹੁਤ ਤਰੱਕੀ ਕਰ ਗਿਆ। ਅੱਜ ਜੋ ਵੀ ਮੈਂ ਹਾਂ ਸਿਰਫ਼ ਤੇ ਸਿਰਫ਼ ਕਾਮਰੇਡ ਜੀ ਦੀ ਸੋਚ ਦਾ ਹੀ ਸਿੱਟਾ ਹੈ। ਮੈਨੂੰ ਜਾਣ ਲੱਗਾ ਮੇਰਾ ਪਿਤਾ ਮੈਨੂੰ ਪੈਸੇ ਜਾਂ ਬਹੁਤ ਵੱਡੀ ਜਾਇਦਾਦ ਤਾਂ ਨਹੀਂ ਦੇ ਕੇ ਗਿਆ ਪਰ ਜੋ ਮੈਨੂੰ ਉਹਨਾਂ ਫਲਸਫ਼ਾ ਅਤੇ ਸੋਚ ਦਿੱਤੀ। ਉਸ ਦਾ ਤਾਂ ਕੋਈ ਮੁੱਲ ਨਹੀਂ ਹੈ। ਆਪਣੇ ਪਿਤਾ ਤੋਂ ਬਾਅਦ ਸਭ ਤੋਂ ਵੱਧ ਜੇ ਮੈਂ ਅੱਜ ਯਾਦ ਕਰਦਾ ਹਾਂ ਤਾਂ ਉਹ ਮੇਰੀ ਦਾਦੀ ਮਾਂ ਹੈ ਜਿਸਦੀ ਮੇਰੇ ਕੋਲ ਕੋਈ ਤਸਵੀਰ ਨਹੀਂ ਹੈ।

ਪਰ ਉਸਦਾ ਚਿਹਰਾ ਹਰ ਵੇਲੇ ਮੇਰੇ ਅਚੇਤ ਮਨ 'ਚ ਉਕਰਿਆ ਹੋਇਆ ਹੈ। ਮੇਰੀ ਜ਼ਿੰਦਗੀ ਦੇ ਨਾਟਕ ਦੇ ਮੁੱਖ ਪਾਤਰ ਮੇਰੀ ਪਤਨੀ ਹਰਵਿੰਦਰ ਨੇ ਵੀ ਇਸ ਪਰਿਵਾਰ 'ਚ ਆ ਕੇ ਆਪਣਾ ਵਡਮੁੱਲਾ ਹਿੱਸਾ ਪਾਇਆ। ਸਾਡੀ ਸੋਚ ਮੁਤਾਬਕ ਡਟ ਕੇ ਪਹਿਰਾ ਦਿੱਤਾ। ਸਾਡੇ ਉਜੜੇ ਬਾਗ਼ ਤੇ ਘਰ ਨੂੰ ਹਰਿਆ ਭਰਿਆ ਕੀਤਾ। ਉਸਦੀ ਸਿਦਕਦਿਲੀ ਇਮਾਨਦਾਰੀ ਤੇ ਅਣਥੱਕ ਮਿਹਨਤ ਨੇ ਇਸ ਘਰ 'ਤੇ ਨਿਖਾਰ ਲਿਆਂਦਾ। ਅੱਜ ਮੇਰੇ ਕੋਲ ਮੇਰੀ ਦਾਦੀ ਦੇ ਅਨਭੋਲ ਬੋਲ, ਲੋਕ ਸੇਵਾ ਦੀ ਨਸੀਹਤ ਮੇਰੇ ਕਾਮਰੇਡ ਪਿਤਾਦੇਖਦਾ ਲਸਿਲਾ ਦੇ ਪੈਰਾਂ "ਲ ਆ ਮਾਦਰਸ਼ ਦਾ ਆਦਰਸ਼ ਜੀਵਨ, ਉਸਦੀ ਨਿਡਰਤਾ, ਲੋਕਾਂ ਲਈ ਪਿਆਰ, ਸਾਫ਼ ਸੁਥਰੀ ਜ਼ਿੰਦਗੀ ਮੇਰੀ ਪਤਨੀ ਹਰਵਿੰਦਰ ਦੀ ਸੋਚ, ਇਮਾਨਦਾਰੀ ਅਤੇ ਫਰਜ਼ਾ ਦੀ ਪੂਰਤੀ ਵਰਗੇ ਆਦਰਸ਼ ਹਨ। ਮੈਂ ਕਾਮਰੇਡ ਜੀ ਦੇ ਹਰ ਬੋਲ ਅਤੇ ਪਾਏ ਪੂਰਨਿਆਂ 'ਤੇ ਖਰਾ ਉਤਰਾਂ, ਇਹੀ ਮੇਰੀ ਆਖ਼ਰੀ ਤਮੰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿੱਚ: "ਦੇਹ ਸ਼ਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨਾ ਟਰੋ॥"

# ਕਰਮਸ਼ੀਲ ਲੇਖਕ: ਜੁਰਿੰਦਰ ਸਿੰਘ ਸੰਧੂ



-ਗੁਰਮੀਤ ਕੜਿਆਲਵੀ

ਜੁਰਿੰਦਰ ਸਿੰਘ ਸੰਧੂ ਕਰਮਸ਼ੀਲ ਪੱਤਰਕਾਰ ਤੇ ਲੇਖਕ ਹੈ। ਉਸਦੀ ਕਲਮ ਦਹਾਕਿਆਂ ਤੋਂ ਪੀੜਤ ਲੋਕਾਂ ਦੇ ਦੁੱਖਾਂ, ਦਰਦਾਂ, ਹੰਝੂਆਂ, ਹਉਕਿਆਂ, ਬੇਵਸੀਆਂ, ਪੀੜਾਂ ਦੀ ਬਾਤ ਪਾਉਂਦੀ ਆਈ ਹੈ। ਉਸਨੇ ਕਿਰਤੀਆਂ ਦੇ ਹੱਕੀ ਸੰਘਰਸ਼ਾਂ ਦੀ ਵੀ ਪੂਰੀ ਦ੍ਰਿੜਤਾ ਨਾਲ ਗੱਲ ਕੀਤੀ ਹੈ। ਉਹ ਉਦਾਸ ਹੋਈਆਂ ਸ਼ਾਮਾਂ ਵਿੱਚੋਂ ਆਉਣ ਵਾਲੇ ਸਵੇਰੇ ਦੀ ਆਹਟ ਸੁਣ ਲੈਂਦਾ ਹੈ, ਇਸੇ ਕਰਕੇ ਉਸਦੀ ਕਲਮ ਹਮੇਸ਼ਾ ਹਾਂ-ਪੱਖੀ ਰਹੀ ਹੈ। ਉਹ ਤਬਦੀਲੀ ਦਾ ਹਾਮੀ ਰਿਹਾ ਹੈ। ਉਸਦੀ ਕਲਮ ਨਵਾਂ ਸਮਾਜ ਸਿਰਜਣ ਲਈ ਤਾਂਘਦੀ ਰਹੀ ਹੈ।

ਜੁਰਿੰਦਰ ਸੰਧੂ ਭਾਵੇਂ ਲੰਮਾ ਸਮਾਂ ਪੱਤਰਕਾਰੀ ਨਾਲ ਜੁੜਿਆ ਰਿਹਾ ਹੈ ਪਰ ਕਵਿਤਾ ਹਮੇਸ਼ਾ ਉਸਦੇ ਅੰਗ-ਸੰਗ ਰਹੀ ਹੈ। ਬੇਸ਼ੱਕ ਪੱਤਰਕਾਰੀ ਨੇ ਉਸਦੇ ਅੰਦਰਲੀ ਸ਼ਾਇਰੀ ਨੂੰ ਉਭਰਨ ਤੋਂ ਰੋਕੀ ਰੱਖਿਆ, ਪਰ ਪੱਤਰਕਾਰੀ ਦੀ ਦੌੜ-ਭੱਜ ਵਾਲੀ ਜ਼ਿੰਦਗੀ ਉਸ ਅੰਦਰਲੇ ਕਵੀ ਨੂੰ ਮਾਰ ਨਹੀਂ ਸਕੀ। ਕਵਿਤਾ ਰਾਤ-ਬਰਾਤੇ ਸਹਿਜ ਚਾਲ ਚੱਲਦੀ ਉਸਦੀ ਸ਼ਾਇਰੀ ਦੇ ਪੰਨਿਆਂ 'ਤੇ ਆ ਬਹਿੰਦੀ ਸੀ। ਕਵਿਤਾ ਜਾਣਦੀ ਸੀ ਕਿ ਪੱਤਰਕਾਰੀ ਸੰਧੂ ਦੀ ਰੋਜ਼ੀ ਰੋਟੀ ਹੈ, ਰੂਹ ਦੀ ਖ਼ੁਰਾਕ ਨਹੀਂ। ਜਦੋਂ ਵੀ ਉਹ ਰੋਜ਼ੀ ਰੋਟੀ ਦੇ ਫਿਕਰ ਜਾਂ ਝੰਜਟ ਤੋਂ ਮੁਕਤ ਹੋਇਆ, ਮੈਨੂੰ ਮਹਿਬੂਬਾ ਵਾਂਗ ਗਲੇ ਲਗਾ ਲਵੇਗਾ।

ਤੇ ਵਾਪਰਿਆ ਵੀ ਇਵੇਂ ਹੀ, ਜਿਵੇਂ ਸੰਧੂ ਅੰਦਰਲੀ ਕਵਿਤਾ ਸੋਚਦੀ ਸੀ। ਉਹ ਆਪਣੀਆਂ ਰੀਝਾਂ ਦੀ ਪੂਰਤੀ ਕਰਨ ਲੱਗਾ ਹੈ। ਉਸਦੇ ਅੰਦਰਲੇ, ਸੁਲਗਦੇ ਜਜ਼ਬਾਤ ਨਜ਼ਮਾਂ ਬਣ ਕੇ ਵਹਿਣ ਲੱਗੇ ਹਨ:

ਸੁਣ ਨੀ ਜਿੰਦੇ,  
ਦਿਲ ਦੀ ਵੱਖੀ,  
ਨਾ ਰੀਝ ਟਿਕਾਵੀਂ।  
ਮਨ-ਮੰਦਰ ਵਿਹੜੇ,  
ਆਸਾਂ ਦਾ ਦੀਵਾ  
ਨਾ ਭੁੱਲ ਜਗਾਵੀਂ।

ਸੁਣ ਨੀ ਜਿੰਦੇ,  
ਏਸ ਗਲੀ ਵਿੱਚ,  
ਵੰਗਾਂ ਨਾ ਛਣਕਾਅ।  
ਘਰ-ਘਰ ਵਿਹੜੇ,  
ਸੱਥਰ ਵਿਛਿਆ,  
ਕਤਲ ਹੋਏ ਸਭ ਚਾਅ।

ਰੰਗਲੀ ਰੁੱਤੇ,  
ਮਹਿੰਦੀ ਉੱਜੜੀ,  
ਹੋ ਗਈ ਸੇਜ ਤਬਾਹ।  
ਅਣਕੀਤੇ ਅਪਰਾਧਾਂ ਦੀ,

ਇਥੇ ਮਿਲਦੀ ਨਿੱਤ ਸਜ਼ਾ।  
ਨੀਅਤਾਂ ਦੇ ਵਿੱਚ ਚੋਰ ਮੋਰੀਆਂ,  
ਸੱਚ ਨੂੰ ਰਹੀਆਂ ਖਾ।

ਬਹੁੜੀਂ ਆਣ ਤਬੀਬਾ ਛੇਤੀ,  
ਤਿੜਕੇ ਲੇਖੀਂ ਟਾਕੀ ਲਾ।  
ਉੱਡ ਗਿਐ ਜਦ ਪੰਛੀ ਕਿਧਰੇ,

ਬੇਸ਼ੱਕ ਦਿਓ ਆਲ੍ਹਣਾ ਢਾਹ।  
ਢਲ ਚੱਲਿਆ ਪ੍ਰਛਾਵਾਂ ਜਿੰਦੇ,  
ਹੁਣ ਤਾਂ ਘਰ ਵੱਲ ਮੋੜਾ ਪਾ,  
ਤਰਸ ਗਏ ਨੇ ਰਾਹ।

ਸੁਣ ਨੀ ਜਿੰਦੇ  
ਏਸ ਗਲੀ ਵਿੱਚ  
ਵੰਗਾਂ ਨਾ ਛਣਕਾਅ

ਬਿਰਹਾ 'ਚੋਂ ਕਿਰਦੇ,
ਤਪਦੇ ਹੰਝੂਆਂ ਦਾ,
ਪੀੜਾਂ ਨਾਲ ਲਿਖਿਆ,
ਕੋਈ ਗੀਤ ਬਣਾਵੀਂ।

ਸਮਕਾਲੀ ਸਮਾਜ ਦੇ ਕੋਝੇ ਵਰਤਾਰੇ ਜੁਗਿੰਦਰ ਸਿੰਘ ਸੰਧੂ ਨੂੰ ਦੁਖੀ ਕਰਦੇ ਹਨ। ਇਨਸਾਫ਼, ਧਰਮ ਤੇ ਫਰਜ਼ਾਂ ਤੋਂ ਹੀਣੇ ਹਾਕਮ, ਭੇਖਾਧਾਰੀ ਸਾਧੂ, ਧਰਮ ਅਸਥਾਨਾਂ ਦੀ ਦੁਰਵਰਤੋਂ ਰਾਹੀਂ ਭੋਲੀ-ਭਾਲੀ ਜਨਤਾ ਦੀ ਲੁੱਟ ਕਰਨ ਵਾਲੇ, ਪੈਸੇ ਖ਼ਾਤਰ ਰਿਸ਼ਤਿਆਂ ਦਾ ਹੋ ਰਿਹਾ ਘਾਣ, ਭ੍ਰਿਸ਼ਟਾਚਾਰ ਦੀ ਦਲਦਲ ਵਿੱਚ ਸਿਰ ਤੋਂ ਲੈ ਕੇ ਪੈਰਾਂ ਤੱਕ ਖੁੱਭੇ ਪਏ ਕਰਮਚਾਰੀ, ਵਿਕਾਊਹੋਈਆਂ ਪਈਆਂ ਕਲਮਾਂ, ਜ਼ਮੀਰਾਂ ਦੇ ਸੌਦੇ ਕਰਨ ਵਾਲੇ, ਮਾਸੂਮ ਪੰਛੀਆਂ ਦੇ ਪਰ ਨੋਚਣ ਵਾਲੇ, ਧਰਮ-ਜਾਤੀ ਦੇ ਰੌਲੇ ਪਵਾ ਕੇ ਕੁਰਸੀਆਂ ਮੱਲਣ ਵਾਲੇ, ਹੱਸਦੇ-ਵੱਸਦੇ ਲੋਕਾਂ ਨੂੰ ਸਿਵਿਆਂ ਦੀ ਰਾਖ ਬਣਾ ਦੇਣ ਵਾਲੇ ਅਤੇ ਮੀਸਣੀ ਹਾਸੀ ਹੱਸਦੇ ਮਕਾਰ ਕਿਸਮ ਦੇ ਰਹਿਨੁਮਾ ਜੁਗਿੰਦਰ ਸੰਧੂ ਦੀ ਕਲਮ ਦਾ ਨਿਸ਼ਾਨਾ ਬਣਦੇ ਹਨ। ਲੋਕ ਰਾਜ ਦੇ ਮਖੌਟੇ ਰਾਹੀਂ ਸਾਡੀ ਰਹਿਤਲ ਨੂੰ ਤਬਾਹ ਕਰਨ ਵਾਲੇ ਉਸ ਲਈ ਲੋਕ ਲਾਜ ਦੇ ਦੁਸ਼ਮਣ ਹਨ।ਉਹ ਆਖਦਾ ਹੈ :

ਲੋਕ ਰਾਜ ਅਤੇ ਲੋਕ ਲਾਜ ਦੇ ਨਿਯਮਾਂ/ਮਰਿਆਦਾਵਾਂ ਨੂੰ ਟੰਗ ਕੇ ਛਿੱਕੇ, ਤਖ਼ਤ ਦੀ ਬਦਨੀਤੀ, ਡੀਕ ਗਈ, ਮੇਰੇ ਪਿੰਡ ਦੇ ਬੁੱਢੇ ਛੱਪੜ ਦਾ ਨੀਰ।

ਰਾਵਣ ਨੇ ਰਾਜਧਾਨੀ ਤੋਂ ਫੂਕਾਂ ਮਾਰ ਕੇ,
ਮੇਟ ਦਿੱਤੀ ਲਛਮਣ ਦੀ ਲਾਲ-ਲਕੀਰ।
ਸ਼ਾਮਲਾਟ ਜਲ-ਭੰਡਾਰ, ਹੋ ਗਿਆ ਅਲਾਟ,
ਤਖ਼ਤ ਦੇ ਪਾਵੇ ਦੀ ਕਿਸੇ ਚੂਲ' ਦੇ ਨਾਂ।

ਬੇਜ਼ੁਬਾਨ ਜਾਨਵਰ ਕਿਵੇਂ ਸਮਝਣਗੇ,
ਤਖ਼ਤ ਵਾਲਿਆਂ ਦੀ ਕੀ ਹੈ
ਦੁਸ਼ਮਣੀ ਉਨ੍ਹਾਂ ਦੀ ਪਿਆਸ ਨਾਲ ।

ਖ਼ੂਨ 'ਚ ਰੰਗੀ ਆਦਮਖਾਣੀ,
ਨਿਯਮ ਕਾਨੂੰਨ ਭੁਲਾ ਕੇ ਬੈਠੀ,
ਜਰਵਾਣੀ-ਮਰਜਾਣੀ, ਜਿਹੀ ਉਹ ਦੀਵਾਰ।

ਕਿੰਝ ਜਾਵਾਂਗੀ ਪਰਲੇ ਪਾਰ।
ਉਹ ਗਰਾਂ ਤਾਂ ਲੱਗਦਾ ਮੈਨੂੰ,
ਜਾਨਵਰਾਂ ਦੀ ਬਸਤੀ ਵਰਗਾ।

ਘੁੱਗੀਆਂ, ਤਿਤਲੀਆਂ ਤੇ ਮਾਸੂਸ ਹਿਰਨੀਆਂ,
ਕਿੰਨੀਆਂ ਹੀ ਨੇ ਕੋਮਲ ਜਾਨਾਂ।

ਕਿਧਰ ਉੱਡਣ-ਕਿੱਥੇ ਭੱਜਣ,
ਦਹਿਸ਼ਤ ਬਣ-ਬਣ ਹੁਕਮ ਨੇ ਡਿੱਗਦੇ

ਜੁਗਿੰਦਰ ਸੰਧੂ ਚੇਤਨ ਲੇਖਕ ਹੈ, ਜਿਸਦੀ ਪ੍ਰਤੀਬੱਧਤਾ ਕਿਰਤੀ ਵਰਗ ਨਾਲ ਹੈ। ਉਹ ਖੇਤਾਂ ਵਿੱਚ ਉੱਗਦੀਆਂ ਖ਼ੁਦਕੁਸ਼ੀਆਂ ਪਿਛਲੇ ਕਾਰਨਾਂ ਨੂੰ ਜਾਣਦਾ ਹੈ।ਉਸਨੂੰ ਪਤਾ ਹੈ ਕਿ ਹਾਕਮ ਜਮਾਤ ਮਿਹਨਤਕਸ਼ ਲੋਕਾਂ ਦਾ ਘਾਣ ਕਰਕੇ, ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤਦੀ ਹੈ। ਇਹ ਲੋਟੂ ਢਾਣੀ ਹੀ ਕਿਰਤੀਆਂ ਦੇ ਸੋਨ ਸਵੇਰੇ ਲੁੱਟ ਕੇ ਉਨ੍ਹਾਂ ਨੂੰ ਡੂੰਘੇ ਹਨ੍ਹੇਰਿਆਂ ਵਿੱਚ ਧੱਕਣ ਲਈ ਜ਼ਿੰਮੇਵਾਰ ਹੈ। ਉਹ ਲੋਕਾਂ ਨੂੰ ਇਸ ਲੁੱਟ ਖਿਲਾਫ਼ ਜਥੇਬੰਦ ਹੋਣ ਅਤੇ ਸੰਘਰਸ਼ ਕਰਨ ਦੀ ਪ੍ਰੇਰਨਾ ਦਿੰਦਾ ਹੈ।

ਰੋਜ਼ ਪਰਖਿਆ ਜਾਵੇਗਾ ਹੁਣ,
ਸਬਰ-ਸਿਦਕ ਤੇ ਜੇਰਾ ਤੇਰਾ।
ਗੜ੍ਹ ਜ਼ੁਲਮ ਦਾ ਢਾਹਵੇਂਗਾ,
ਜਦ ਫੇਰ ਬਚੇਗਾ ਡੇਰਾ ਤੇਰਾ।
ਕਾਲੀ ਬੋਲੀ ਰਾਤ ਕਹਿਰ ਦੀ,
ਖਾਣਾ ਚਾਹੁੰਦੀ ਤੇਰੀਆਂ ਰਿਸ਼ਮਾਂ,
ਖੋਹਣਾ ਚਾਹੁੰਦੀ ਵਹਿਸ਼ੀ ਢਾਣੀ,
ਤੈਥੋਂ ਸੋਨ-ਸਵੇਰਾ ਤੇਰਾ।

ਸ਼ਾਇਰ ਜਿੱਥੇ ਲੋਕਾਂ ਨੂੰ ਚੇਤਨ ਕਰਨ ਲਈ ਹੋਕਾ ਦੇ ਰਿਹਾ ਹੈ, ਉਥੇ ਹਾਕਮਾਂ ਨੂੰ ਲਲਕਾਰਨ ਦਾ ਵੀ ਦਮ ਰੱਖਦਾ ਹੈ। 'ਕਿਉਂ ਬਣਦੀ ਮਤਰੇਈ ਦਿੱਲੀਏ' ਨਜ਼ਮ ਵਿੱਚ ਉਹ ਹਾਕਮ ਨੂੰ ਆਪਣਾ ਲੋਕ ਵਿਰੋਧੀ ਵਤੀਰਾ ਛੱਡ ਕੇ ਲੋਕਾਂ ਅੰਦਰਲੀ ਆਵਾਜ਼ ਸੁਣਨ ਲਈ ਫਿਟਕਾਰ ਪਾਉਂਦਾ ਹੈ।

ਕਿਹੜੀਆਂ ਸੋਚਾਂ ਦੇ ਵਿੱਚ ਪੈ ਗਈ,
ਕਿਹੜਾ ਕਰਦੀ ਫਿਰੇਂ ਹਿਸਾਬ।
ਕਿਉਂ ਬਣਦੀ ਮਤਰੇਈ ਦਿੱਲੀਏ,
ਕਿਉਂ ਕਰਦੀ ਘਰ-ਬਾਹਰ ਖ਼ਰਾਬ

ਬਣ ਸਿਆਣੀ ਸਾਂਭ ਵਕਤ ਨੂੰ,
ਖੇਤਾਂ ਦੇ ਪੁੱਤ ਗਲ ਨਾਲ ਲਾ ਲੈ।
ਇੱਜ਼ਤ ਅਤੇ ਵੱਕਾਰ ਆਪਣਾ,
ਸਾਰਾ ਘਰ ਪਰਿਵਾਰ ਬਚਾ ਲੈ।

ਇਸੇ ਤਰ੍ਹਾਂ ਦੀ ਫਿਟਕਾਰ ਉਹ 'ਖੇਤੀ ਬਿੱਲਾਂ ਦਾ ਕੋਹਲੂ' ਨਾਂ ਦੀ ਕਵਿਤਾ ਵਿੱਚ ਵੀਲਾਉਂਦਾ ਹੈ।

ਰਾਜਿਆਂ ਨੂੰ ਸ਼ੋਭਦੀ ਨਹੀਂ,
ਲੁੱਟ ਮਾਰ ਜਨਤਾ ਦੀ,
ਸਮਾਂ ਵੀ ਮਿਟਾਉਂਦਾ ਨਹੀਂ,
ਤਸ਼ੱਦਦਾਂ ਦੇ ਸੈੱਲ ਨੂੰ।
ਸਾਂਭ ਲਊ ਵਕਤ ਤੁਸੀਂ
ਅਜੇ ਵੀ ਸਿਆਣੇ ਬਣ,
ਖੁੰਝਿਆ ਜੇ ਸਮਾਂ,
ਪਛਤਾਉਣਾ ਪਊ ਕੱਲ੍ਹ ਨੂੰ।
ਸਾਰਿਆਂ ਦੀ ਸਾਂਝੀ ਗੱਲ,
ਮੈਨ ਲੈ ਹਕੂਮਤੇ ਨੀਂ,
ਹੱਕ ਸੱਚ ਲਈ,
ਇਹ ਤਾਂ ਵਾਰ ਦਿੰਦੇ ਜਾਨ ਨੇ। (ਸਿਰੜ ਦੇ ਪੱਕੇ)

ਜੁਗਿੰਦਰ ਸੰਧੂ ਲੋਕਪੱਖੀ ਅਤੇ ਲੋਕ-ਮੁਹਾਵਰੇ ਵਾਲੇ ਕਵੀ ਵਜੋਂ ਉੱਤਰਦਾ ਹੈ। ਉਹ, ਕਵਿਤਾਵਾਂ ਰਾਹੀਂ ਪਿਆਰ, ਮੁਹੱਬਤ, ਹੱਕ-ਸੱਚ, ਨਿਆਂ, ਕਿਰਤ, ਸਮਾਨਤਾ, ਨੇਕੀ, ਅਸੂਲ, ਰੋਸ਼ਨੀ ਤੇ ਆਸ਼ਾ ਦਾ ਸੁਨੇਹਾ ਦਿੰਦਾ ਹੈ। ਉਹ ਸਮਾਜ ਵਿੱਚ ਫੈਲੀ ਧੁੰਦ ਦੀ ਗੱਲ ਕਰਦਿਆਂ, ਇਸ ਬਦੂੰਕਾਰੇ ਤੋਂ ਨਿਕਲ ਆਉਣ ਲਈ ਪ੍ਰੇਰਨਾ ਦਿੰਦਾ ਹੈ। ਉਹ ਹਨ੍ਹੇਰੇ ਦੀ ਗੱਲ ਕਰਦਿਆਂ ਪਾਠਕ ਨੂੰ ਚਾਨਣ ਭਰੇ ਰਾਹ ਵੱਲ ਜਾਣ ਲਈ ਤਿਆਰ ਕਰਦਾ ਹੈ। ਉਹ ਵਿਤਕਰਿਆਂ, ਵੰਡਾਂ ਪ੍ਰਤੀ ਸੁਚੇਤ ਹੋ ਕੇ ਸਮਾਜਿਕ ਬਰਾਬਰੀ ਦਾ ਹੋਕਾ ਦਿੰਦਾ ਹੈ। ਉਸਦੀ ਸ਼ਾਇਰੀ ਆਸ਼ਾ ਦੀ ਸ਼ਾਇਰੀ ਹੈ।

ਧਰਤੀ ਦੇ ਪੁੱਤ ਅਸੀਂ ਖੇਤਾਂ ਦੀ ਲੜਾਈ ਸਾਡੀ,
ਬੀਜਦੇ ਵੀ ਜਿੱਤ ਹਾਂ ਤੇ ਜਿੱਤ ਹੀ ਹਾਂ ਵੱਢਦੇ।

ਜਿੱਤਾਂਗੇ ਜ਼ਰੂਰ ਅਸੀਂ ਹੌਸਲੇ ਦੇ ਨਾਲ ਵੇਖੀਂ,
ਭਾਵੇਂ ਇਹ ਲੜਾਈ 'ਸੰਧੂ' ਲੰਮੀ ਜਿਹੀ ਹੋ ਗਈ।

ਮੈਂ ਆਸ਼ਾ-ਉਮੀਦ ਨਾਲ ਭਰੀ ਤੇ ਲੋਕ ਪੱਖੀ ਮੁਹਾਵਰੇ ਵਾਲੀ ਸ਼ਾਇਰੀ ਨੂੰ ਜੀ ਆਇਆਂ ਆਖਦਾ ਹਾਂ।

—o—



# ਇਕ ਲੱਪ ਯਾਦਾਂ ਦੀ : ਭੁਪਿੰਦਰ ਉਸਤਾਦ

**ਭੁਪਿੰਦਰ ਉਸਤਾਦ ਇੱਕ ਅਣਗੌਲਿਆ ਪਰ ਸੰਜੀਦਾ ਗਲਪਕਾਰ ਹੈ ਉਸ ਨੇ ਬੜੀਆਂ ਖੂਬਸੂਰਤ ਕਹਾਣੀਆਂ ਪੰਜਾਬੀ ਗਲਪ ਨੂੰ ਦਿੱਤੀਆਂ ਹਨ। ਇਕ ਲੱਪ ਯਾਦਾਂ ਦੀ ਉਸਦਾ ਸਫ਼ਰਨਾਮਾ ਹੈ। ਜੋ ਜੋ ਅਨੁਭਵ ਉਸਨੇ ਅਰਬ ਦੇਸ਼ ਓਮਾਨ ਵਿਚ ਰਹਿ ਕੇ ਹੰਢਾਏ। ਉਹਨਾਂ ਦਾ ਬੜਾ ਦਿਲਚਸਪ ਵਰਣਨ ਇਸ ਸਫ਼ਰਨਾਮੇ ਵਿਚ ਪੜ੍ਹਣ ਨੂੰ ਮਿਲਦਾ ਹੈ। ਆਪਣੀ ਆਵਾਜ਼ ਦੇ ਪਾਠਕਾਂ ਲਈ ਇਹ ਸਫ਼ਰਨਾਮਾ ਲੜੀਵਾਰ ਛਾਪਣ ਦੀ ਅਸੀਂ ਖ਼ੁਸ਼ੀ ਲੈ ਰਹੇ ਹਾਂ। ਜਿਸ ਦਾ ਦੂਜਾ ਅੰਸ਼ ਇੱਥੇ ਪੇਸ਼ ਹੈ -**

**ਕਾਂਡ-2**

ਇਨਸਾਨ ਦੀ ਜ਼ਿੰਦਗੀ 'ਚ ਕਈ ਵਾਰੀ ਅਜਿਹਾ ਸਮਾਂ ਆਉਂਦਾ ਹੈ ਕਿ ਇਨਸਾਨ ਦਿਲੋਂ ਨਾਂ ਚਾਹੁੰਦਾ ਹੋਇਆ ਵੀ ਉਸ ਗੱਲ ਉਤੇ ਅਮਲ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ।

ਮੈਂ ਕਦੇ ਵੀ ਨਹੀਂ ਸੀ ਸੋਚਿਆ ਕਿ ਮੈਂ ਘਰ ਛੱਡ ਕੇ ਕਿਤੇ ਹੋਰ ਪਾਸੇ ਜਾਵਾਂਗਾ। ਪਰ ਹਾਲਾਤ ਅਜਿਹੇ ਬਣ ਗਏ ਕਿ ਮੈਨੂੰ ਬਾਹਰ ਜਾਣਾ ਪਿਆ। ਮੇਰੇ ਦੋਸਤ ਮਲਕੀਤ ਨੂੰ ਦੋ ਸਾਲ ਹੋ ਚੁੱਕੇ ਸਨ ਮਸਕਟ ਗਿਆਂ। ਦੋ ਸਾਲ ਬਾਅਦ ਜਦੋਂ ਉਹ ਛੁੱਟੀ ਆਇਆ ਤਾਂ ਉਸ ਨੇ ਮੈਨੂੰ ਵੀ ਮਸਕਟ ਚੱਲਣ ਲਈ ਕਿਹਾ।

ਤੂੰ ਮੈਨੂੰ ਆਪਣੇ ਪਾਸਪੋਰਟ ਦੀ ਫੋਟੋ ਕਾਪੀ ਦੇ ਦੇ। ਉਥੇ ਕੰਮ ਵਾਲਿਆਂ ਦੀ ਬਹੁਤ ਜ਼ਰੂਰਤ ਹੈ; ਕਿਤੇ ਚੰਗੇ ਥਾਂ ਗੱਲ ਬਣਦੀ ਹੋਏਗੀ ਤਾਂ ਮੈਂ ਵੀਜ਼ਾ ਲੈ ਕੇ ਤੈਨੂੰ ਭੇਜ ਦਿਆਂਗਾ। ਮਲਕੀਤ ਨੇ ਮੈਨੂੰ ਕਿਹਾ। ਅਸੀਂ ਆਪਸ ਵਿਚ ਕਦੇ ਇਕ ਦੂਜੇ ਦੀ ਕੀਤੀ ਗੱਲ ਨੂੰ ਕੱਟਿਆ ਨਹੀਂ ਸੀ।

ਠੀਕ ਐ ਜੇ ਤੂੰ ਚਾਹੁੰਦਾ ਹੈ ਕਿ ਮੈਂ ਮਸਕਟ ਚਲਾਂ, ਫਿਰ ਤੂੰ ਲੈ ਜਾਹ ਮੇਰੀ ਡੀਟੇਲ। ਫਿਰ' ਮੈਂ ਉਸਨੂੰ ਆਪਣੇ ਪਾਸਪੋਰਟ ਦੀ ਫੋਟੋ ਕਾਪੀ ਕਰਵਾ ਕੇ ਤੇ ਕੁਝ ਫੋਟੋਜ ਦੇ ਦਿੱਤੀਆਂ। ਪੰਜ ਛੇ ਮਹੀਨੇ ਲੱਗ ਗਏ ਸਾਨੂੰ ਵੀਜ਼ਾ ਮਿਲਣ ਵਿਚ। ਮੇਰੇ ਨਾਲ ਮਲਕੀਤ ਦਾ ਸਾਢੂ ਬਲਦੇਵ ਸਿੰਘ ਤੇ ਉਸਦੇ ਸਾਢੂ ਦਾ ਦੋਸਤ ਮੇਜਰ ਸਿੰਘ ਸੀ। ਵੈਸੇ ਮੇਜਰ ਸਿੰਘਰ ਨਾਲ ਮੁਲਾਕਾਤ ਤਾਂ ਮਸਕਟ ਜਾ ਕੇ ਹੀ ਹੋਈ।

ਉਸ ਦਿਨ 29 ਮਈ ਸੀ ਜਿਸ ਦਿਨ ਮਸਕਟ ਤੋਂ ਭੇਜੀ ਹੋਈ N.O.C ਸਾਨੂੰ ਮਿਲੀ। ਉਸ ਨਾਲ ਮਲੀਕਤ ਵਲੋਂ ਇਕ ਖਤ ਵੀ ਸੀ ਜਿਸ ਵਿਚ ਉਸਨੇ ਲਿਖਿਆ ਸੀ ਕਿ ਵੀਜ਼ਾ ਕਾਰਪੈਂਟਰ ਦੇ ਕੰਮ ਦਾ ਹੈ, ਇਸ ਕਰਕੇ ਪਾਸਪੋਰਟ ਉਤੇ ਵੀ ਕਾਰਪੈਂਟਰ ਹੀ ਲਿਖਵਾਉਣਾ ਪੈਣਾ ਹੈ, ਇਹ ਉਥੋਂ ਦਾ ਕਨੂੰਨ ਸੀ ਕਿ ਪਾਸਪੋਰਟ ਉਤੇ ਵੀ ਉਹੀ ਲਿਖਿਆ ਹੋਣਾ ਚਾਹੀਦਾ ਹੈ ਜੋ ਵੀਜ਼ੇ ਉਪਰ ਲਿਖਿਆ ਹੋਵੇ, ਨਹੀਂ ਤਾਂ ਆਦਮੀ ਲੰਘ ਨਹੀਂ ਸਕਦਾ। ਕੰਮ ਭਾਵੇਂ ਉਹ ਕੋਈ ਵੀ ਕਰੇ।

ਮੈਂ ਇਸ ਵਾਰੇ ਸੋਚ ਹੀ ਰਿਹਾ ਸਾਂ ਕਿ ਦੂਸਰੇ ਦਿਨ ਬਲਦੇਵ ਵੀ ਆ ਗਿਆ। ਉਸਦਾ ਵੀਜ਼ਾ ਵੀ ਮੇਰੇ ਵੀਜ਼ੇ ਦੇ ਨਾਲ ਹੀ ਆਇਆ ਸੀ। ਉਸ ਦਾ ਵੀ ਇਹੋ ਪੰਗਾ ਸੀ। ਸਾਨੂੰ ਵੀਜ਼ਾ ਔਣ ਦੀ ਅਜੇ ਕੋਈ ਉਮੀਦ ਨਹੀਂ ਸੀ, ਇਸ ਕਰਕੇ ਅਸੀਂ ਆਪਣੇ ਆਪਣੇ ਕੰਮਾਂ ਵਿਚ ਰੁੱਝੇ ਹੋਏ ਸਾਂ ਤੇ ਮੇਰਾ ਸਾਲਾ ਗਿਆਨ ਵੀ ਛੁੱਟੀ ਆਇਆ ਹੋਇਆ ਸੀ ਇੰਗਲੈਂਡ ਤੋਂ। ਅਜੇ ਉਸ ਦਾ ਕੰਮ



ਬਣਦਾ ਨਹੀਂ ਸੀ ਦਿਸਦਾ ਕਿ ਇਹ ਹੋਰ ਜਲਦੀ ਦਾ ਪੰਗਾ ਪੈ ਗਿਆ। ਵੀਜ਼ੇ ਦੀ ਡੇਟ ਖਤਮ ਹੋਣ ਵਿਚ ਸਿਰਫ ਪੰਜ ਦਿਨ ਬਾਕੀ ਸਨ, ਜਿਨਾਂ ਵਿਚ ਇਕ ਐਤਵਾਰ ਸੀ।

ਤਰਸੇਮ ਭਰਜਾਈ ਨੇ ਦੱਸਿਆ ਕਿ ਉਨਾਂ ਦੇ ਗੁਆਂਢੀ ਦਾ ਸਾਲਾ ਚੰਡੀਗੜ੍ਹ ਪਾਸਪੋਰਟਾਂ ਦਾ ਕੰਮ ਕਰਦਾ ਹੈ, ਮੇਰੀ ਉਸ ਨਾਲ ਗੱਲ ਹੋਈ ਸੀ ਤਾਂ ਉਸ ਨੇ ਕਿਹਾ ਹੈ ਕਿ ਉਹ ਆਪਣੇ ਸਾਲੇ ਨੂੰ ਖਤ ਲਿਖ ਦੇਵੇਗਾ ਤਾਂ ਕਿ ਸਾਡਾ ਕੰਮ ਜਲਦੀ ਹੋ ਜਾਏ। ਅਸੀਂ ਉਸਨੂੰ ਜਾ ਕੇ ਮਿਲੇ, ਉਹ ਥੋਹੜਾ ਜਿਹਾ ਮੇਰਾ ਵੀ ਵਾਕਫ ਸੀ, ਗਲੀ 'ਚ ਔਂਦੇ ਜਾਂਦੇ ਦੁਆ ਸਲਾਮ ਹੋ ਜਾਂਦੀ ਸੀ। ਮੈਂ ਉਸ ਨਾਲ ਗੱਲ ਕੀਤੀ ਕਿ ਸਾਡਾ ਕੰਮ ਬਹੁਤ ਜਲਦੀ ਦਾ ਹੈ। ਉਸ ਨੇ ਉਸੇ ਵੇਲੇ ਇਕ ਰੁੱਕਾ ਆਪਣੇ ਸਾਲੇ ਹਰੀਸ਼ ਦੇ ਨਾ ਲਿਖ ਕੇ ਮੈਨੂੰ ਦੇ ਦਿੱਤਾ। ਮੂੰਹ ਜੁਬਾਨੀ ਵੀ ਉਸ ਦੇ ਦਫਤਰ ਦਾ ਪਤਾ ਸਾਨੂੰ ਸਮਝਾ ਦਿੱਤਾ।

ਮੈਂ ਤੇ ਬਲਦੇਵ ਦੂਜੀ ਸਵੇਰ ਤੜਕੇ ਹੀ ਬੱਸ ਰਾਹੀਂ ਚੰਡੀਗੜ੍ਹ ਜਾ ਪਹੁੰਚੇ। ਹਰੀਸ਼ ਦਾ ਆਫਿਸ, ਪਾਸਪੋਰਟ ਆਫਿਸ ਦੇ ਬਿਲਕੁਲ ਸਾਹਮਣੇ ਹੀ ਸੀ। ਅਸੀਂ ਦਸ ਵਜੇ ਤੋਂ ਪਹਿਲਾਂ ਹੀ ਉਥੇ ਪਹੁੰਚ ਗਏ। ਹਰੀਸ਼ ਦਾ ਦਫਤਰ ਅਜੇ ਖੁੱਲਾ ਨਹੀਂ ਸੀ। ਅਸੀਂ ਉਥੇ ਨੇੜੇ ਹੀ ਇਕ ਚੱਕਰ ਮਾਰਿਆ ਤੇ ਪੰਦਰਾਂ ਵੀਹਾਂ ਮਿੰਟਾਂ ਬਾਅਦ ਮੁੜ ਦਫਤਰ ਆ ਗਏ। ਅੰਦਰ ਵੜੇ ਤਾਂ ਸਾਹਮਣੇ ਇਕ ਸੱਜਣ ਬੈਠੇ ਸਨ।

ਤੁਸੀਂ ਜਲੰਧਰੋਂ ਆਏ ਹੋ? ਉਸਨੇ ਸਾਨੂੰ ਸੁਆਲ ਕੀਤਾ।

ਜੀ ਹਾਂ ! ਮੈਂ ਜੁਆਬ ਦਿੱਤਾ।

ਮੇਰਾ ਨਾਮ ਹਰੀਸ਼ ਹੈ। ਮੈਨੂੰ ਰਾਤੀ ਭਾਜੀ ਦਾ ਜਲੰਧਰੋਂ ਫੋਨ ਆਇਆ ਸੀ ਤੇ ਤੁਹਾਡੇ ਵਾਰੇ ਦੱਸਿਆ ਸੀ। ਮੈਂ ਅੱਜ ਲੇਟ ਔਣਾ ਸੀ, ਤੁਹਾਡੇ ਕਰਕੇ ਜਲਦੀ ਆ ਗਿਆ ਹਾਂ।

ਮੈਂ ਉਸ ਨਾਲ ਹੱਥ ਮਿਲਾਇਆ ਤੇ ਧੰਨਵਾਦ ਕੀਤਾ। ਫਿਰ ਮੈਂ ਜਲੰਧਰੋਂ ਬਾਊ ਹੁਰਾਂ ਦੀ ਲਿਖੀ ਚਿੱਠੀ ਉਸਨੂੰ ਦੇ ਦਿੱਤੀ। ਤੇ ਨਾਲ ਹੀ ਆਪਣਾ ਕੰਮ ਵੀ ਦੱਸ ਦਿੱਤਾ।

ਚਿੰਤਾ ਨਾਂ ਕਰੋ, ਤੁਸੀਂ ਬੈਠ ਜਾਉ ਤੁਹਾਡਾ ਕੰਮ ਅੱਜ ਹੀ ਹੋ ਜਾਏਗਾ। ਅਸੀਂ ਬੈਠ ਗਏ। ਦਸ ਕੁ ਮਿੰਟ ਬਾਅਦ ਸਫਾਈ ਵਾਲਾ ਮੁੰਡਾ ਆਇਆ ਤਾਂ ਉਸਨੇ ਸਾਰੇ ਦਫਤਰ ਦੀ ਸਫਾਈ ਕੀਤੀ, ਮੇਜ ਕੁਰਸੀਆਂ ਝਾੜੀਆਂ ਤੇ ਬਾਹਰ ਹਲਕਾ ਜਿਹਾ ਪਾਣੀ ਛੜਕਾਇਆ। ਹਰੀਸ਼ ਨੇ ਉਸਨੂੰ ਤਿੰਨ ਕੱਪ ਚਾਹ ਤੇ ਵੱਡੇ ਬਿਸਕੁਟ ਲਿਆਉਣ ਲਈ ਕਿਹਾ। ਉਹ ਪੰਜਾਂ ਕੁ ਮਿੰਟਾਂ 'ਚ ਹੀ ਲੈ ਆਇਆ।

ਜਦ ਤੱਕ ਹਰੀਸ਼ ਨੇ ਦੋ ਤਿੰਨ ਪੇਪਰ ਤਿਆਰ ਕਰਕੇ ਸਾਡੇ ਸਾਇਨ ਕਰਵਾ ਲਏ ਸਨ। ਹਰੀਸ਼ ਨੇ ਸਾਡੇ ਪਾਸਪੋਰਟ ਤੇ ਨਾਲ 600 ਰੁ. ਲੈ ਕੇ ਤੇ ਉਹ ਸਾਇਨ ਕੀਤੇ ਫਾਰਮ ਪਾਸਪੋਰਟ ਦਫਤਰ ਭੇਜ ਦਿੱਤੇ ਤੇ ਸਾਡੇ ਅੱਗੇ ਚਾਹ ਕਰ ਦਿੱਤੀ। ਚਾਹ ਪੀਂਦਿਆ ਹਰੀਸ਼ ਨੇ ਪੁੱਛਿਆ ਕਿ ਚੰਡੀਗੜ੍ਹ ਪਹਿਲੀ ਵਾਰ ਹੀ ਆਏ ਹੋ ਜਾਂ ਪਹਿਲਾ ਵੀ ਆਏ ਹੋ।

ਹਾਂ ਅੱਗੇ ਵੀ ਇਕ ਵਾਰ ਆਏ ਸੀ ਪਾਸਪੋਰਟ ਦੇ ਹੀ ਕੰਮ।

ਠੀਕ ਹੈ। ਉਸ ਨੇ ਸਾਨੂੰ 100 ਰੁਪਿਆ ਦਿੰਦਿਆ ਕਿਹਾ। ਐ ਲਉ ਪੈਸੇ ਤੇ ਤਿੰਨ ਵਜੇ ਤੱਕ ਚੰਡੀਗੜ੍ਹ ਦੇਖੋ, ਰੋਟੀ ਪਾਣੀ ਖਾ ਕੇ ਤਿੰਨ ਵਜੇ ਆ ਜਾਣਾ, ਤੁਹਾਡਾ ਕੰਮ ਹੋਇਆ ਹੋਏਗਾ।

ਕੋਈ ਗੱਲ ਨਹੀਂ, ਪੈਸੇ ਤੁਸੀਂ ਰੱਖੋ, ਸਾਡੇ ਕੋਲ ਹੈਗੇ ਨੇ ਪੈਸੇ। ਪਰ ਹਰੀਸ਼ ਨਹੀਂ ਮੰਨਿਆ ਉਸ ਨੇ ਪੈਸੇ ਵਾਪਸ ਨਹੀਂ ਲਏ। ਅਸੀਂ ਅਜੇ ਇਹ ਗੱਲਾਂ ਕਰ ਹੀ ਰਹੇ ਸਾਂ ਕਿ ਇਕ ਹੋਰ ਸੱਜਣ ਆ ਗਏ। ਉਨ੍ਹਾਂ ਨੂੰ ਬਹੁਤ ਜਲਦੀ ਇਕ ਪਾਸਪੋਰਟ ਚਾਹੀਦਾ ਸੀ।

ਹਰੀਸ਼ ਨੇ ਪੁੱਛਿਆ ਕਦੋਂ ਚਾਹੀਦਾ ਜਨਾਬ। ਤੇ ਨਾਲ ਹੀ ਹਫਤੇ ਤੋਂ ਲੈ ਕੇ ਇਕ ਦਿਨ ਤੱਕ ਦੇ ਪੈਸੇ ਦੱਸ ਦਿੱਤੇ। ਉਸ ਸੱਜਣ ਨੇ ਇਕ ਦਿਨ ਦੇ ਪੈਸੇ ਕੱਢ ਕੇ ਹਰੀਸ਼ ਦੇ ਅੱਗੇ ਰੱਖ ਦਿੱਤੇ। ਹਰੀਸ਼ ਨੇ ਫਟਾ ਫਟ ਫਾਰਮ ਭਰੇ, ਫੋਟੋ ਲਈਆਂ ਤੇ ਮੁੰਡੇ ਨੂੰ ਦੁਬਾਰਾ ਉਹ ਸਾਰੇ ਕਾਗਜ਼ ਦੇ ਕੇ ਭੇਜ ਦਿੱਤਾ ਅਟੈਸਟ ਕਰਵਾਣ ਲਈ। ਮੁੰਡਾ ਪੰਦਰਾਂ ਕੁ ਮਿੰਟਾਂ 'ਚ ਹੀ ਆ ਗਿਆ। ਹਰੀਸ਼ ਨੇ ਉਨਾਂ ਨੂੰ ਵੀ ਤਿੰਨ ਵਜੇ ਦਾ ਟਾਇਮ ਦਿੱਤਾ। ਉਹ ਸੱਜਣ ਵੀ ਬਾਹਰ ਆ ਗਿਆ ਤੇ ਅਸੀਂ ਵੀ ਬਾਹਰ ਨਿਕਲ ਆਏ।

ਮੈਂ ਤੇ ਬਲਦੇਵ ਸੈਕਟ 17-18 'ਚ ਹੀ ਘੁੰਮਦੇ ਰਹੇ, ਬਹੁਤ ਦੂਰ ਜਾਣ ਦਾ ਸਾਡਾ ਹੌਸਲਾ ਨਾ ਪਿਆ, ਕਿਤੇ ਭੁੱਲ ਹੀ ਨਾਂ ਜਾਈਏ ਤੇ ਲੇਟ ਨਾਂ ਹੋ ਜਾਈਏ। ਅਸੀਂ ਰੋਟੀ ਖਾ ਕੇ ਤੇ ਚਾਹ ਪੀ ਕੇ ਤਿੰਨ ਵਜੇ ਦਫਤਰ ਪਹੁੰਚ ਗਏ, ਪਰ ਦਫਤਰ ਅਜੇ ਖੁੱਲਾ ਨਹੀਂ ਸੀ। ਅਸੀਂ ਫਿਰ ਇਕ ਚੱਕਰ ਉਨਾਂ ਹੀ ਦੁਕਾਨਾਂ ਤੇ ਮਾਰਿਆ ਤੇ ਫਿਰ ਦਫਤਰ ਵਲ ਮੋੜੇ ਪਾ ਲਏ। ਦਫਤਰ ਪਹੁੰਚਣ ਤੋਂ ਪਹਿਲਾਂ ਹੀ ਉਹੀ ਸੱਜਣ ਮਿਲ ਗਏ, ਜਿਨ੍ਹਾਂ ਨਵਾਂ ਪਾਸਪੋਰਟ ਲੈਣਾ ਸੀ। ਅਸੀਂ ਅੰਦਰ ਲੰਘੇ ਤਾਂ ਹਰੀਸ਼ ਹੁਰੀ ਸਾਹਮਣੇ ਬੈਠੇ ਸਨ।

ਆ ਗਏ ਤੁਸੀਂ? ਉਨਾਂ ਸਾਡੇ ਵਲ ਦੇਖਦਿਆਂ ਕਿਹਾ। ਬੱਸ

ਮੈਂ ਇਕ ਮਿੰਟ ਪਹਿਲਾ ਹੀ ਆਇਆ ਹਾਂ, ਤੁਹਾਡੇ ਪਾਸਪੋਰਟ ਲੈ ਕੇ। ਉਸਨੇ ਸਾਡੇ ਤਿੰਨਾਂ ਦੇ ਪਾਸਪੋਰਟ ਡਰਾਅ 'ਚੋਂ ਕੱਢ ਕੇ ਤੇ ਸਾਡੇ ਨਾਮ ਦੇਖ ਕੇ ਕੱਲੇ ਕੱਲੇ ਨੂੰ ਦੇ ਦਿੱਤੇ।

ਹੋਰ ਕੋਈ ਸੇਵਾ? ਹਰੀਸ਼ ਨੇ ਮੁਸਕੁਰਾਂਦਿਆਂ ਕਿਹਾ।

ਥੈਂਕਸ! ਜ਼ਰੂਰਤ ਪਈ ਤਾਂ ਜ਼ਰੂਰ ਦੱਸਾਂਗੇ। ਮੈਂ ਇੰਨੀ ਗੱਲ ਕਹਿੰਦਿਆਂ ਆਪਣਾ ਹੱਥ ਉਨਾਂ ਵੱਲ ਵਧਾਇਆ, ਉਨਾਂ ਵੀ ਬੜੀ ਗਰਮ ਜੋਸ਼ੀ ਨਾਲ ਮੇਰੇ ਹੱਥ ਨੂੰ ਸਾਭ ਲਿਆ।

ਹਾਂ ਸੱਚ ਤੁਹਾਨੂੰ ਅੱਜ ਹੀ ਦਿੱਲੀ ਜਾਣਾ ਪਏਗਾ। ਮੈਂ ਤੁਹਾਨੂੰ ਆਪਣੇ ਮਿੱਤਰ ਦਾ ਐਡਰੈਸ ਦੇ ਦਿੰਦਾ ਹਾਂ, ਤੇ ਲੈਟਰ ਵੀ ਲਿਖ ਦਿੰਦਾ ਹਾਂ ਕਿ ਜਲਦੀ ਤੋਂ ਜਲਦੀ ਉਹ ਤੁਹਾਡਾ ਕੰਮ ਕਰਵਾ ਦੇਵੇ। ਫਿਰ ਹਰੀਸ਼ ਨੇ ਫਟਾਫਟ ਐਡਰੈਸ ਤੇ ਖਤ ਲਿਖ ਕੇ, ਕਨਾਟ ਪਲੇਸ ਦਾ ਪਤਾ ਵੀ ਸਮਝਾ ਦਿੱਤਾ। ਤੁਸੀਂ ਸਿੱਧੇ ਇਸ ਪਤੇ ਤੇ ਚਲੇ ਜਾਣਾ। ਕਲ ਸ਼ਨੀਵਾਰ ਹੈ ਤੇ ਅੱਧਾ ਦਿਨ ਕੰਮ ਹੁੰਦਾ ਹੈ। ਪਰਸੋਂ ਨੂੰ ਐਤਵਾਰ ਬੰਦ ਹੈ ਤੇ ਮੰਗਲਵਾਰ ਤੁਹਾਡੀ ਫਲਾਇਟ ਹੈ। ਸਾਰੇ ਪੇਪਰ ਤੇ ਟਿਕਟਾਂ ਸਾਂਭ ਕੇ ਅਸੀਂ ਦਫਤਰੋਂ ਬਾਹਰ ਨਿਕਲ ਆਏ। ਅੱਡੇ ਤੋਂ ਬਸ ਫੜੀ ਤੇ ਉਸਨੇ ਸਾਢੇ ਅੱਠ ਵਜੇ ਸਾਨੂੰ ਜਲੰਧਰ ਆ ਲਾਹਿਆ। ਟਾਇਮ ਨਾਂ ਹੋਣ ਕਰਕੇ ਅਸੀਂ ਚੰਡੀਗੜ੍ਹ ਕੁਝ ਵੀ ਦੇਖ ਨਾਂ ਸਕੇ । ਇਸ ਅਫਸੋਸ ਨਾਲੋਂ ਸਾਨੂੰ ਇਸ ਗੱਲ ਦੀ ਖੁਸ਼ੀ ਜ਼ਿਆਦਾ ਸੀ ਕਿ ਸਾਡਾ ਕੰਮ ਵਾਕਫੀਅਤ ਕਰਕੇ ਜਲਦੀ ਅਤੇ ਸਸਤਾ ਹੋ ਗਿਆ।

ਅਸੀਂ ਆਪਣੇ ਆਪਣੇ ਘਰੀਂ ਚਲੇ ਗਏ। ਰੋਟੀ ਖਾ ਕੇ ਜਲਦੀ ਹੀ ਬਲਦੇਵ ਬੈਗ ਚੁੱਕੀ ਮੇਰੇ ਘਰ ਆ ਗਿਆ। ਮੈਂ ਵੀ ਜਦ ਨੂੰ ਤਿਆਰ ਹੀ ਸੀ, ਮੈਂ ਵੀ ਆਪਣਾ ਬੈਗ ਚੁੱਕਿਆ ਤੇ ਦੱਸ ਵਜੇ ਜਾਂਦੀ ਫਰੰਟੀਅਰ ਮੇਲ ਜਾ ਫੜੀ। ਉਸ ਨੇ ਸਵੇਰੇ ਸਾਨੂੰ ਨਵੀਂ ਦਿੱਲੀ ਜਾ ਲਾਹਿਆ। ਸਟੇਸ਼ਨ ਤੋਂ ਬਾਹਰ ਆ ਕੇ ਅਸੀਂ ਕਨਾਟ ਪਲੇਸ ਵਲ ਜਾਂਦੀ ਬੱਸ ਵਾਰੇ ਪੁੱਛਿਆ ਤਾਂ ਉਸ ਸੱਜਣ ਨੇ ਸਾਨੂੰ ਤਿੰਨ ਚਾਰ ਨੰਬਰ ਦੀਆਂ ਬੱਸਾਂ ਦੱਸੀਆਂ। ਅਸੀਂ ਇਕ ਹੋਰ ਸੱਜਣ ਨੂੰ ਵੀ ਪੁੱਛਿਆ ਤਾਂ ਉਸਨੇ ਵੀ ਉਹੀ ਨੰਬਰ ਦੱਸੇ ਤੇ ਨਾਲ ਹੀ ਬੱਸ ਸਟੈਂਡ ਵਲ ਵੀ ਇਸ਼ਾਰਾ ਕਰ ਦਿੱਤਾ ਕਿ ਉਸ ਸਟੈਂਡ ਤੋਂ ਮਿਲਣਗੀਆਂ। ਉਸ ਸਟੈਂਡ ਤੇ ਰਸ਼ ਸੀ ਪਰ ਜ਼ਿਆਦਾ ਨਹੀਂ। ਜਦੋਂ ਤੱਕ ਅਸੀਂ ਸਟੈਂਡ ਤੇ ਪਹੁੰਚੇ ਇਕ ਬੱਸ ਆ ਗਈ, ਉਸ ਉਤੇ ਕਨਾਟ ਪਲੇਸ ਹੀ ਲਿਖਿਆ ਹੋਇਆ ਸੀ। ਅਸੀਂ ਅਰਾਮ ਨਾਲ ਉਸ ਵਿਚ ਬੈਠ ਗਏ।

ਯਾਰ ਮਲਕੀਤ ਨੇ ਵੀ ਚੰਗਾ ਖੜੇ ਪੈਰ ਦੌੜ ਲੁਆ ਦਿੱਤੀ। ਬਲਦੇਵ ਨੂੰ ਜਿਵੇਂ ਕੋਈ ਹੋਰ ਗੱਲ ਕਰਨ ਨੂੰ ਨਾਂ ਮਿਲੀ।

ਯਾਰ ਉਸਨੇ ਲਿਖਿਆ ਤਾਂ ਹੈ ਚਿੱਠੀ ਵਿਚ ਕਿ ਜਿਸ ਬੰਦੇ ਕੋਲ N.O.C ਭੇਜਣੀ ਸੀ ਉਸ ਦੀ ਛੁੱਟੀ ਕੈਂਸਲ ਹੋ ਗਈ। ਚਲੋ ਫਿਰ ਵੀ ਵੇਲੇ ਨਾਲ ਸਾਰੇ ਕੰਮ ਹੋ ਜਾਣਗੇ। ਮੈਂ ਉਸ ਨੂੰ ਧੀਰਜ ਦੇਣੀ ਚਾਹੀ। ਫਿਰ ਏਧਰ ਓਧਰ ਦੇਖਦਿਆਂ ਤੇ ਗੱਲਾਂ ਕਰਦਿਆਂ ਨੂੰ ਕਨਾਟ ਪਲੇਸ ਆ ਗਿਆ। ਆਲਾ ਦੁਆਲਾ ਦੇਖ ਕੇ ਅਸੀਂ ਇਕ ਸੱਜਣ ਨੂੰ ਐਡਰੈਸ ਉੱਤੇ ਲਿਖੇ ਪਲਾਟ ਨੰਬਰ ਵਾਰੇ ਪੁੱਛਿਆ ਤਾਂ ਉਸਨੇ ਜਰਾ ਕੁ ਅੱਗੇ ਹੋ ਕੇ ਹੱਥ ਦੇ ਇਸ਼ਾਰੇ ਨਾਲ ਇਕ ਸਾਇਨ ਬੋਰਡ ਵਾਰੇ ਦੱਸਿਆ। ਉਥੋਂ ਪੰਜਾਹ ਕੁ ਗਜ ਹੋਏਗਾ। ਅਸੀਂ ਉਥੇ ਪਹੁੰਚ ਕੇ ਦੇਖਿਆ, ਤਿੰਨ ਚਾਰ ਫੁਕਰੇ ਕਿਸਮ ਦੇ ਮੁੰਡੇ ਬੈਠੇ ਸਨ। ਕੋਈ ਆਪਣੇ ਆਪ ਨੂੰ ਜਪਾਨੀ ਦਿਖਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਕੋਈ ਨਿਪਾਲੀ ਜਾਹਰ ਕਰ ਰਿਹਾ ਸੀ। ਉਹ ਇਕ ਟੂਰਿਜ਼ਮ ਵਾਲਿਆਂ ਦਾ ਦਫਤਰ ਸੀ। ਅਸੀਂ ਉਹ ਸਲਿਪ ਕੱਢ ਕੇ ਉਨਾਂ ਅੱਗੇ ਕਰ ਦਿੱਤੀ। ਤੁਸੀਂ ਬੈਠੋ ਉਹ ਹੁਣੇ ਆ ਜਾਂਦੈ। ਇਕ ਨੇ ਸਲਿਪ ਦੇਖਦਿਆਂ ਕਿਹਾ।

ਕਿੰਨੇ ਵਜੇ ਆਉਂਦੇ ਨੇ? ਮੈਂ ਉਸੇ ਮੁੰਡੇ ਨੂੰ ਪੁੱਛਿਆ।

ਬੱਸ ਔਣ ਹੀ ਵਾਲੇ ਨੇ, 9 ਵਜੇ ਤੱਕ ਆ ਹੀ ਜਾਂਦੇ ਨੇ।

ਦਸ ਕੁ ਮਿੰਟ ਪਏ ਸਨ 9 ਵਜਣ 'ਚ। ਚਲ ਆਪਾ ਚਾਹ ਪੀ ਆਈਏ। ਮੈਂ ਬਲਦੇਵ ਨੂੰ ਕਿਹਾ।

ਹਾਂ ਠੀਕ ਐ। ਬਲਦੇਵ ਨੇ ਤੁਰਦਿਆਂ ਕਿਹਾ।

ਬ੍ਰਦਰ ਅਸੀਂ ਆਏ ਦਸਾਂ ਮਿੰਟਾਂ 'ਚ। ਬਲਦੇਵ ਨੇ ਉਸੇ ਮੁੰਡੇ ਨੂੰ ਦੱਸਿਆ। ਅਸੀਂ ਬਾਹਰ ਆ ਗਏ। ਉਥੇ ਨੇੜੇ ਹੀ ਇਕ ਚਾਹ ਦੀ ਦੁਕਾਨ ਸੀ, ਉਥੋਂ ਅਸੀਂ ਦੋ ਕੱਪ ਚਾਹ ਬਣਵਾਈ ਤੇ ਨਾਲ ਇਕ ਇਕ ਬੰਦ ਲਿਆ । ਪਰ ਕੁਝ ਨਾਂ ਬਣਦਾ ਦੇਖ ਕੇ ਇਕ ਇਕ ਗਲਾਸ ਚਾਹ ਤੇ ਬੰਦ ਹੋਰ ਲਏ। ਫਿਰ ਕੁਝ ਤਸੱਲੀ ਜਿਹੀ ਹੋਈ।

ਨੌ ਵੱਜ ਹਟੇ ਸਨ, ਅਸੀਂ ਮੁੜ ਕੇ ਦਫਤਰ ਆ ਗਏ। ਉਹ ਸੱਜਣ ਵੀ ਆ ਗਿਆ ਸੀ। ਉਸ ਨੇ ਆਪਣਾ ਨਾਮ ਸੰਜੀਵ ਦੱਸਿਆ। ਅਸੀਂ ਉਸ ਨੂੰ ਆਪਣੇ ਪੇਪਰ ਤੇ ਹਰੀਸ਼ ਵਲੋਂ ਦਿੱਤਾ ਖਤ ਵੀ ਦਿੱਤਾ।

ਭਾਜੀ ਇਸ ਤਰ੍ਹਾਂ ਕਰਦੇ ਹਾਂ, ਇਕ ਥ?ਰੀ ਵੀਲਰ ਅੱਧੀ ਦਿਹਾੜੀ ਲਈ ਕਿਰਾਏ ਤੇ ਕਰ ਲੈਂਦੇ ਹਾਂ। ਕਈ ਪਾਸੇ ਜਾਣਾ ਪੈਣਾ ਹੈ, ਕਿਥੇ ਵਾਰ ਵਾਰ ਲੱਭਦੇ ਰਹਾਂਗੇ। ਹਰੀਸ਼ ਨੇ ਲਿਖਿਆ ਹੈ ਕਿ

ਕੰਮ ਅੱਜ ਹੀ ਹੋ ਜਾਣਾ ਚਾਹੀਦਾ ਹੈ।

ਠੀਕ ਐ, ਜਿਵੇਂ ਤੁਸੀਂ ਚਾਹੋ ਕਰ ਲਉ। ਮੈਂ ਹਾਮੀ ਭਰੀ। ਸੰਜੀਵ ਨੇ ਉਨਾਂ ਬੈਠੇ ਮੁੰਡਿਆਂ ਨੂੰ ਕੁਝ ਸਮਝਾਇਆ ਤੇ ਸਾਨੂੰ ਚੱਲਣ ਦਾ ਇਸ਼ਾਰਾ ਕਰਕੇ ਸਾਡੇ ਅੱਗੇ ਹੋ ਤੁਰਿਆ। ਸੜਕ ਉਤੇ ਪਹੁੰਚ ਕੇ ਉਸ ਨੇ ਇਕ ਜਾ ਰਹੇ ਆਟੋ ਨੂੰ ਖੜੇ ਹੋਣ ਦਾ ਇਸ਼ਾਰਾ ਕੀਤਾ ਤੇ ਉਸਨੂੰ ਜਿਥੇ ਜਿਥੇ ਜਾਣਾ ਸੀ ਦਸ ਕੇ ਪੈਸੇ ਪੁੱਛੇ ਤਾਂ ਉਸਨੇ ਸ਼ਾਇਦ ਸੱਤਰ ਰੁ. ਮੰਗੇ। ਗੱਲ ਪਚਵੰਜਾ ਉਤੇ ਮੁੱਕ ਗਈ। ਅਸੀਂ ਤਿੰਨੇ ਉਸ ਵਿਚ ਸਵਾਰ ਹੋ ਗਏ।ਸਭ ਤੋਂ ਪਹਿਲਾਂ ਕਚਹਿਰੀ ਗਏ, ਉਥੋਂ ਦੋ ਐਫੀਡੈਵਟ ਬਣਾਏ, ਫਿਰ ਸਟੇਟ ਬੈਂਕ ਗਏ, ਤਾਂ ਉਹ ਸੱਜਣ ਆਪਣੀ ਸੀਟ ਉਤੇ ਨਹੀਂ ਮਿਲਿਆ। ਸੰਜੀਵ ਨੇ ਸਾਰੇ ਬੈਂਕ ਦਾ ਚੱਕਰ ਮਾਰਿਆ ਪਰ ਉਹ ਸੱਜਣ ਨਾਂ ਮਿਲਿਆ। ਫਿਰ ਸੰਜੀਵ ਸਾਨੂੰ ਇਕ ਥਾਂ ਖੜੇ ਕਰਕੇ ਕਿਸੇ ਪਾਸੇ ਗਿਆ ਤਾਂ ਉਹ ਸੱਜਣ ਸੰਜੀਵ ਨੂੰ ਮਿਲ ਪਿਆ। ਸੰਜੀਵ ਦੇ ਹੱਥ ਵਿਚ ਦੋ ਫਾਰਮ ਸਨ ਜੋ ਮਜੈਸਟਰੇਟ ਤੋਂ ਟੈਸਟ ਕਰਵਾਉਣੇ ਸਨ। ਸਾਨੂੰ ਫਿਰ ਕਚਹਿਰੀ ਜਾਣਾ ਪਿਆ ਪਰ ਜੱਜ ਸਾਹਬ ਉਥੋਂ ਘਰ ਜਾ ਚੁੱਕੇ ਸਨ। ਸੰਜੀਵ ਨੇ ਉਥੋਂ ਉਨਾਂ ਦੀ ਕੋਠੀ ਦਾ ਪਤਾ ਲਿਆ ਤੇ ਆਟੋ ਵਾਲੇ ਨੂੰ ਉਥੇ ਚਲਣ ਲਈ ਕਿਹਾ। ਕੋਠੀ ਪਹੁੰਚੇ ਤਾਂ ਉਨਾਂ ਦਾ ਨੌਕਰ ਨੇੜੇ ਨਾਂ ਲੱਗਣ ਦੇਵੇ ਕਿ ਸਾਹਬ ਲੰਚ ਕਰ ਰਹੇ ਹਨ।

ਦੇਖ ਭਾਈ ਤੇਰੇ ਸਾਹਬ ਲੰਚ ਕਰ ਰਹੇ ਹਨ, ਪਰ ਜੇ ਬੈਂਕ ਬੰਦ ਹੋਣ ਤੋਂ ਪਹਿਲਾਂ ਤੇਰੇ ਸਾਹਬ ਦੇ ਸਾਇਨ ਕਰਵਾ ਕੇ ਅਸੀਂ ਨਾਂ ਬੈਂਕ ਪਹੁੰਚ ਸਕੇ ਤਾਂ ਇਨਾਂ ਦੇ ਗਰੀਬ ਬੰਦਿਆਂ ਦੀ ਸਦਾ ਲਈ ਰੋਟੀ ਮਾਰੀ ਜਾਏਗੀ। ਸੰਜੀਬ ਨੇ ਬੜੇ ਪਿਆਰ ਨਾਲ ਨੌਕਰ ਨੂੰ ਸਮਝਾਇਆ। ਸੰਜੀਵ ਦੀ ਗੱਲ ਸੁਣ ਕੇ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ ਕਿ ਉਹ ਝੱਟ ਦੇਣੀ ਫਾਰਮ ਲੈ ਕੇ ਅੰਦਰ ਚਲੇ ਗਿਆ ਤੇ ਪੰਜਾਂ ਮਿੰਟਾਂ 'ਚ ਹੀ ਸਾਇਨ ਕਰਵਾ ਕੇ ਵਾਪਸ ਆ ਗਿਆ।

ਇਨ੍ਹਾਂ ਨੂੰ ਦੋ ਰੁਪਏ ਦੇ ਦਿਉ। ਸੰਜੀਵ ਨੇ ਸਾਨੂੰ ਕਿਹਾ। ਸਾਡੇ ਦੋਹਾਂ ਕੋਲ ਨਾਂ ਤਾਂ ਦੋ ਰੁ . ਦਾ ਨੋਟ ਸੀ ਤੇ ਨਾਂ ਹੀ ਪੰਜਾਂ ਦਾ। ਉਸਦੀ ਕਿਸਮਤ ਵਿਚ ਸ਼ਾਇਦ ਦਸ ਲਿਖੇ ਸਨ। ਮੈਂ ਉਸਨੂੰ ਦਸਾਂ ਦਾ ਨੋਟ ਦੇ ਕੇ ਧੰਨਵਾਦ ਵੀ ਕੀਤਾ।

ਰੱਬ ਤੁਹਾਡਾ ਕੰਮ ਸਵਾਰੇ ਕਹਿ ਕੇ ਉਹ ਅੰਦਰ ਚਲੇ ਗਿਆ।

ਅਸੀਂ ਆਟੋ 'ਚ ਬਹਿੰਦਿਆਂ ਉਸ ਨੂੰ ਬੈਂਕ ਚਲਣ ਲਈ ਕਿਹਾ। ਜਦੋਂ ਬੈਂਕ ਪਹੁੰਚੇ ਤਾਂ ਦਸ ਮਿੰਟ ਉੱਪਰ ਹੋ ਗਏ ਸਨ ਸੰਜੀਵ ਨੇ ਸ਼ਾਇਦ ਉਸਨੂੰ ਇੰਤਜ਼ਾਰ ਕਰਨ ਲਈ ਕਿਹਾ ਹੋਇਆ ਸੀ। ਉਹ ਸੱਜਣ ਇਤਜ਼ਾਰ ਕਰ ਰਿਹਾ ਸੀ। ਉਸ ਨੇ ਸਾਡੇ ਕੋਲੋਂ 1700-1700 ਰੁ. ਲੈ ਕੇ ਜਮਾਂ ਕੀਤੇ ਤੇ ਰਸੀਦਾਂ ਸਾਨੂੰ ਦੇ ਦਿੱਤੀਆਂ ਮੈਂ ਧੰਨਵਾਦ ਸਹਿਤ 20 ਰੁ. ਉਸਨੂੰ ਨਾਂ-ਨਾਂ ਕਰਦਿਆਂ ਦਿੱਤੇ। ਸਾਡਾ ਸਾਰਾ ਕੰਮ ਹੁਣ ਹੋ ਗਿਆ ਸੀ। ਅਸੀਂ ਢਾਈ ਕੁ ਵਜੇ ਨਾਲ ਸੰਜੀਵ ਦੇ ਦਫਤਰ ਪਹੁੰਚੇ।

ਸੰਜੀਵ ਜੀ ਅੱਜ ਤੁਹਾਨੂੰ ਵੀ ਸਾਡੇ ਨਾਲ ਬਹੁਤ ਔਖਿਆ ਹੋਣਾ ਪਿਆ। ਹੁਣ ਆਪਾਂ ਫਰੀ ਹਾਂ, ਆਉ ਕਿਤੇ ਆਰਾਮ ਨਾਲ ਬਹਿ ਕੇ ਫਰੈਸ਼ ਹੋਈਏ। ਬਹੁਤ ਬਾਰੀ ਕਹਿਣ ਉਤੇ ਉਹ ਸਾਡੇ ਨਾਲ ਤੁਰਿਆ।

ਆਉ ਇਥੇ ਹੀ ਬੈਠ ਜਾਂਦੇ ਹਾਂ। ਉਸਨੇ ਇਕ ਰੈਸਟੋਰਾਂ 'ਚ ਵੜਦਿਆਂ ਕਿਹਾ।

ਕੀ ਲਉਗੇ? ਮੈਂ ਇਕ ਟੇਬਲ ਦੀ ਕੁਰਸੀ ਤੇ ਬੈਠਦਿਆਂ ਕਿਹਾ।

ਕਿਹਾ। ਇਥੇ ਤਾਂ ਰੋਟੀ ਦਾ ਹੀ ਜੁਗਾੜ ਲੱਗਦਾ। ਬਲਦੇਵ ਨੇ ਆਲਾ ਦੁਆਲਾ ਦੇਖਦਿਆਂ

ਹਾਂ ਏਥੇ ਸਿਰਫ ਰੋਟੀ ਹੀ ਮਿਲਦੀ ਹੈ। ਮੈਂ ਰੋਟੀ ਹੀ ਖਾਵਾਂਗਾ।

ਮੀਨੋ ਦੇਖ ਕੇ ਰੋਟੀ ਦਾ ਆਰਡਰ ਕਰ ਦਿੱਤਾ। ਜਦੋਂ ਤੱਕ ਰੋਟੀ ਆਈ ਅਸੀਂ ਕੰਮ ਵਾਰੇਗੱਲਾਂ ਕਰਦੇ ਰਹੇ।

ਰੋਟੀ ਖਾ ਕੇ ਅਸੀਂ ਪੈਸੇ ਦਿੱਤੇ ਤੇ ਆਟੋ ਫੜ ਕੇ ਅਸੀਂ ਸਟੇਸ਼ਨ ਵਲ ਆ ਗਏ ਤੇ ਸੰਜੀਵ ਆਪਣੇ ਆਫਿਸ ਚਲੇ ਗਿਆ।

ਸਾਨੂੰ ਜਲਦੀ ਹੀ ਉਥੋਂ ਇਕ ਗੱਡੀ ਮਿਲ ਗਈ ਜਿਸ ਨੇ ਸਵੇਰੇ ਚਾਰ ਵਜੇ ਨਾਲ ਸਾਨੂੰ ਜਲੰਧਰ ਆ ਲਾਹਿਆ।

ਹੁਣ ਸਾਡੇ ਕੋਲ ਐਤਵਾਰ ਤੇ ਸੋਮਵਾਰ ਦਾ ਦਿਨ ਬਚਿਆ ਸੀ। ਵੈਸੇ ਤਾਂ ਐਤਵਾਰ ਹੀ ਸੀ, ਸੋਮਵਾਰ ਫਲਾਇੰਗ ਫੜਨੀ ਸੀ ਕਿਉਂਕਿ ਮੰਗਲਵਾਰ ਸਵੇਰ ਦੀ ਫਲਾਇਟ ਬੰਬੇ ਵਾਸਤੇ ਲੈਣੀ ਸੀ ਤੇ ਸ਼ਾਮ ਨੂੰ ਬੰਬੇ ਤੋਂ ਮਸਕਟ। ਬੜੀ ਹਫੜਾ ਦਫੜੀ ਪਈ ਹੋਈ ਸੀ, ਪਤਾ ਨਹੀਂ ਸੀ ਲਗ ਰਿਹਾ ਕਿ ਕੀ ਚੱਕੀਏ ਤੇ ਕੀ ਰੱਖੀਏ? ਸਭ ਤੋਂ ਪਹਿਲਾਂ ਮੈਂ ਕੰਮ ਵਾਲੇ ਔਜਾਰ ਇਕੱਠੇ ਕੀਤੇ। ਹੌਲੀ ਹੌਲੀ ਕਈ ਕੁਝ ਇਕੱਠਾ ਹੋ ਗਿਆ। ਮਲਕੀਤ ਨੇ ਸਾਨੂੰ ਕੁਝ ਨਹੀਂ ਸੀ ਲਿਖਿਆ ਕਿ ਅਸੀਂ ਕੀ ਸਮਾਨ ਲੈ ਕੇ ਆਈਏ

ਤੇ ਕੀ ਨਾਂ ਲਿਆਈਏ।

ਬੱਸ ਅੰਦਾਜੇ ਨਾਲ ਹੀ ਸਮਾਨ ਬੰਨ ਲਿਆ। ਫਿਰ ਇਕ ਦੋ ਨੇੜਲੇ ਸੱਜਣਾਂ ਮਿੱਤਰਾਂ ਨੂੰ ਮਿਲੇ, ਕਰਦੇ ਕਰੌਂਦੇ ਰਾਤ ਦੇ ਬਾਰਾਂ ਵਜ ਗਏ ਨਾਂ ਤਾਂ ਬੀਵੀ ਨਾਲ ਹੀ ਕੋਈ ਪਿਆਰ ਦੀ ਗੱਲ ਹੋ ਸਕੀ ਤੇ ਨਾਂ ਬੱਚੀਆਂ ਨਾਲ ਤੇਹ ਸਾਂਝਾ ਹੋਇਆ।

ਸਵੇਰੇ ਉਠੇ ਤਾਂ ਮਨ ਬੜਾ ਪਰੇਸ਼ਾਨ ਸੀ। ਆਪਣਾ ਸਾਰਾ ਸਮਾਨ ਤੇ ਪਾਸਪੋਰਟ ਨਾਲ ਪੇਪਰ ਸੰਭਾਲ ਕੇ ਹੈਂਡ ਬੈਗ ਵਿਚ ਪਾ ਲਏ ਇਕ ਵਜੇ ਨਾਲ ਸਟੇਸ਼ਨ ਤੇ ਪਹੁੰਚੇ-ਬਲਦੇਵ ਵੀ ਆ ਮਿਲਿਆ। ਗੱਡੀ ਆਈ ਤਾਂ ਮੈਂ-ਬਲਦੇਵ ਤੇ ਗਿਆਨ, ਆਪਣਾ ਸਮਾਨ ਸੰਭਾਲ ਕੇ ਗੱਡੀ 'ਚ ਸਵਾਰ ਹੋ ਗਏ। ਸਾਰਿਆਂ ਨੂੰ ਅਲਵਿਦਾ ਕਹੀ ਤੇ ਗੱਡੀ ਚੱਲ ਪਈ। ਰਾਤੀ ਸਾਢੇ 9 ਵਜੇ ਨਾਲ ਗੱਡੀ ਨਵੀਂ ਦਿੱਲੀ ਪਹੁੰਚੀ। ਸਟੇਸ਼ਨ ਤੋਂ ਬਾਹਰ ਨਿਕਲ ਕੇ ਪਹਿਲਾਂ ਰੋਟੀ ਖਾਧੀ, ਫਿਰ ਆਟੋ ਲੈ ਕੇ ਏਅਰ ਪੋਰਟ ਪਹੁੰਚੇ। ਉਥੋਂ ਬੰਬਈ ਜਾਣ ਵਾਸਤੇ ਫਲਾਇਟ ਦਾ ਪਤਾ ਕੀਤਾ ਤਾਂ ਉਨਾਂ ਦੱਸਿਆ ਕਿ ਸਵੇਰੇ 6 ਵਜੇ ਜਾਣੀ ਹੈ। ਉਥੇ ਹੀ ਬੈਠੇ ਗੱਲਾਂ ਮਾਰਦੇ ਰਹੇ। ਕਰ ਕਰਾ ਕੇ ਰਾਤ ਦੇ ਤਿੰਨ ਵਜੇ ਤਾਂ ਸਮਾਨ ਜਮਾਂ ਕਰਾਉਣ ਦੀ ਲਾਇਨ 'ਚ ਲੱਗ ਗਏ, ਪਰ ਕਾਊਂਟਰ ਉਤੇ ਕੋਈ ਨਾਂ ਆਇਆ। ਦਸ ਪੁੱਛ ਕੀਤੀ ਤਾਂ ਪਤਾ ਲੱਗਾ ਕਿ ਫਲਾਇਟ ਲੇਟ ਹੈ।

ਜਹਾਜ ਆ ਗਿਆ, ਲਾਇਨ ਫਿਰ ਲੱਗ ਗਈ ਪਰ ਸਾਡੀ ਵਾਰੀ ਨਾਂ ਆਈ, ਕਹਿਣ ਲੱਗੇ ਸੀਟ ਕੋਈ ਨਹੀਂ, ਅਗਲੇ ਜਹਾਜ 'ਚ ਨੰਬਰ ਲਾਵਾਂਗੇ। ਅਸੀਂ ਉਨਾਂ ਨੂੰ N.O.C. ਦੀ ਡੇਟ ਵੀ ਦਿਖਾਈ ਪਰ ਉਨ੍ਹਾਂ, ਉਹੀ ਜੁਆਬ ਦਿੱਤਾ। ਕਰਦੇ ਕਰਦੇ ਸ਼ਾਮ ਦੇ ਚਾਰ ਵੱਜ ਗਏ। ਗਿਆਨ ਇਕ ਦੋ ਬੰਦਿਆਂ ਨੂੰ ਮਿਲਿਆ ਤਾਂ ਉਨ੍ਹਾਂ ਕਿਹਾ ਸਮਾਨ ਜਮਾਂ ਕਰਵਾ ਦਿਉ। ਜਦੋਂ ਸਮਾਨ ਤਲਵਾਇਆ ਤਾਂ ਭਾਰ 60 Kg ਹੋ ਗਿਆ। ਉਹ ਕਹਿਣ ਕਿ 20 Kg ਤੋਂ ਜ਼ਿਆਦਾ ਨਹੀਂ ਜਾਣ ਦੇਣਾ। ਪੈ ਗਿਆ ਪੰਗਾ। ਸਾਰਾ ਸਮਾਨ ਉਥੇ ਖੋਲ੍ਹਿਆ ਤੇ ਸਾਰੇ ਟੂਲ ਕੱਢ ਕੇ ਬਾਹਰ ਰੱਖ ਦਿੱਤੇ, ਹਲਕੇ ਹਲਕੇ ਦੋ ਤਿੰਨ ਸੰਦ ਹੀ ਰੱਖੇ। ਫਿਰ ਵੀ 25 Kg ਹੋ ਗਿਆ। ਉਸਨੇ ਉਹ ਸਮਾਨ ਜਮਾਂ ਕਰਕੇ ਟੈਂਗ ਸਮਾਨ ਨਾਲ ਲਾ ਦਿੱਤਾ ਤੇ ਬੋਰਡਿੰਗ ਕਾਰਡ ਸਾਨੂੰ ਦੇ ਦਿੱਤਾ। ਉਹ ਫਾਲਤੂ ਸਮਾਨ ਗਿਆਨ ਵਾਪਸ ਲੈ ਕੇ ਆਇਆ। ਗਿਆਨ ਬਾਹਰ ਆਗਿਆ ਤੇ ਅਸੀਂ ਦੋਵੇਂ ਅੱਗੇ ਸਕਿਉਰਿਟੀ ਵਲ ਹੋ ਗਏ। ਉਥੋਂ ਪਾਸਪੋਰਟ ਲੈ ਕੇ ਅਸੀਂ ਅੱਗੇ ਹਾਲ ਵਿਚ ਜਾ ਬੈਠੇ। ਛੇ ਵਜੇ ਗੇਟ ਖੁੱਲੇ ਤਾਂ ਅਸੀਂ ਵੀ ਉਠ ਕੇ ਤੁਰ ਪਏ। ਸਾਢੇ ਕੁ ਛੇ ਵਜੇ ਜਹਾਜ ਨੇ ਉਡਾਨ ਭਰ ਲਈ। ਇਹ ਮੇਰੀ ਪਹਿਲੀ ਹਵਾਈ ਯਾਤਰਾ ਸੀ । ਜਹਾਜ ਉਡਣ ਤੋਂ ਪਹਿਲਾਂ ਬਚਾਓ ਦੇ ਸਾਧਨ ਵੀ ਦੱਸੇ ਗਏ ਤੇ ਫਿਰ ਦੋ ਦੋ ਟਾਫੀਆਂ ਵਰਤਾਈਆਂ ਗਈਆਂ ਮੂੰਹ ਮਿੱਠਾ ਕਰਨ ਲਈ। ਫਿਰ ਪੇਟੀਆਂ ਬੰਨਣ ਦੀ ਅਨਾਊਸਮੈਂਟ ਹੋਈ। ਸਾਰਿਆਂ ਨੇ ਪੇਟੀਆਂ ਬੰਨ ਲਈਆਂ। ਕੁਝ ਕੁ ਐਸੇ ਵੀ ਸਨ, ਜਿਨਾਂ ਨੇ ਜਾਣ ਬੁਝ ਕੇ ਪੇਟੀਆਂ ਨਹੀਂ ਸਨ ਲਾਈਆਂ। ਉਨ੍ਹਾਂ ਦੀਆਂ ਪੇਟੀਆਂ ਏਅਰ ਹੋਸਟਸਾਂ ਨੇ ਲਾਈਆਂ। ਜਹਾਜ ਰਨਵੇ ਉਤੇ ਦੌੜ ਰਿਹਾ ਸੀ। ਪੰਜ ਸੱਤ ਮਿੰਟ ਦੌੜਣ ਤੋਂ ਬਾਅਦ ਜਹਾਜ ਨੇ ਇਕਦਮ ਸਪੀਡ ਫੜੀ ਤੇ ਉਪਰ ਉਠਣਾ ਸ਼ੁਰੂ ਹੋ ਗਿਆ। ਮੈਂ ਆਪਣੀ ਖਿੜਕੀ ਰਾਹੀਂ ਦੇਖ ਰਿਹਾ ਸਾਂ ਕਿ ਹੇਠਾਂ ਮਕਾਨ ਛੋਟੇ ਛੋਟੇ ਖਿਲੋਣਿਆਂ ਵਾਂਗ ਦਿਸ ਰਹੇ ਸਨ, ਤੇ ਕੁਤਬ ਮਿਨਾਰ ਇੰਝ ਲੱਗੀ ਜਿਵੇਂ ਕਿਸੇ ਨਿਆਣੇ ਨੇ ਪੈਂਸਿਲ ਜ਼ਮੀਨ ਵਿਚ ਗੱਡ ਦਿੱਤੀ ਹੋਵੇ।

ਰਾਤੀਂ ਸਾਢੇ ਕੁ ਅੱਠ ਵਜੇ ਨਾਲ ਸਾਡਾ ਜਹਾਜ ਬੰਬਈ ਸ਼ਾਂਤਾ ਕਰੂਜ ਹਵਾਈ ਅੱਡੇ ਉਤੇ ਜਾ ਉਤਰਿਆ। ਏਅਰ ਪੋਰਟ ਦਾ ਆਲਾ ਦੁਆਲਾ ਰੌਸ਼ਨੀ ਨਾਲ ਜਗਮਗਾ ਰਿਹਾ ਸੀ । ਦੁਲਹਨ ਦੀ ਚੁੰਨੀ ਦੇ ਸਿਤਾਰਿਆਂ ਵਾਂਗ, ਰੰਗ ਬਰੰਗੀਆਂ ਲਾਇਟਾਂ ਰੌਸ਼ਨੀ ਦੇ ਰਹੀਆਂ ਸਨ, ਝਿਲਮਿਲਾ ਰਹੀਆਂ ਸਨ। ਅਜਿਹਾ ਨਜ਼ਾਰਾ ਵੀ ਮੈਂ ਪਹਿਲੀ ਵਾਰ ਹੀ ਦੇਖਿਆ ਸੀ। ਮੁਸਾਫਿਰ ਖਾਨੇ 'ਚ ਆ ਕੇ ਅਸੀਂ ਆਪਣਾ ਸਾਮਾਨ ਸੰਭਾਲਿਆ। ਉਥੇ ਬੈਠੇ ਅਸੀਂ ਸੋਚ ਹੀ ਰਹੇ ਸਾਂ ਕਿ ਹੁਣ ਕੀ ਕੀਤਾ ਜਾਏ, ਬਲਦੇਵ ਦੇ ਕੰਨੀ ਕਿਸੇ ਦੀ ਗੱਲ ਪਈ। ਉਹ ਤੇਜ਼ੀ ਨਾਲ ਉਠ ਕੇ ਉਧਰ ਨੂੰ ਗਿਆ। ਜਦੋਂ ਉਹ ਵਾਪਸ ਆਇਆ ਤਾਂ ਉਸ ਦੇ ਹੱਥ ਵਿਚ ਇਕ ਸਲਿਪ ਸੀ। ਉਹ ਸਲਿਪ ਏਅਰ ਲਾਇਨ ਵਲੋਂ ਸਾਨੂੰ ਹੋਟਲ 'ਸੀ ਕਿੰਗ' ਵਿਚ ਠਹਿਰਨ ਵਾਸਤੇ ਸੀ। ਇਕ ਟੈਕਸੀ ਵਾਲੇ ਨੇ ਸਾਡੇ ਹੱਥ ਵਿਚ ਸਲਿਪ ਦੇਖੀ ਤਾਂ ਤੇਜ਼ੀ ਨਾਲ ਸਾਡੇ ਵੱਲ ਆਇਆ।

ਹੋਟਲ 'ਸੀ ਕਿੰਗ' ਚਲਣਾ? ਉਸ ਔਦਿਆਂ ਹੀ ਪੁੱਛਿਆ। ਹਾਂ ਬਲਦੇਵ ਨੇ ਜੁਆਬ ਦਿੱਤਾ। ਮੈਂ ਸੋਚ ਰਿਹਾ ਸਾਂ ਕਿ ਇਸਨੂੰ ਕਿਵੇਂ ਪਤਾ ਲੱਗਾ ਕਿ ਅਸੀਂ ਹੋਟਲ 'ਸੀ ਕਿੰਗ' ਜਾਣਾ ਏ।

ਆਉ ਆਉ ਸਰਦਾਰ ਜੀ ਮੇਰਾ ਹੀ ਨੰਬਰ ਹੈ ਤੁਸੀਂ ਚਿੰਤਾ ਨਾਂ ਕਰੋ। ਇਹ ਸਲਿਪ ਉਥੇ ਠਹਿਰਨ ਵਾਲਿਆਂ ਨੂੰ ਹੀ ਮਿਲਦੀ ਹੈ ਤੇ ਇਸ ਦਾ ਕਿਰਾਇਆ ਏਅਰ ਇੰਡੀਆ ਵਾਲੇ ਹੀ ਦਿੰਦੇ ਹਨ।

ਉਸ ਨੇ ਗੱਲ ਸਾਫ ਕੀਤੀ। ਅਸੀਂ ਉਸਦੇ ਮਗਰ ਮਗਰ ਹੋ ਤੁਰੇ। ਅਸੀਂ ਸਾਢੇ ਕੁ ਨੌਂ ਵਜੇ ਹੋਟਲ ਪਹੁੰਚੇ। ਹੋਟਲ ਸਮੁੰਦਰ ਕਿਨਾਰੇ ਜੂਹ ਦੇ ਨੇੜੇ ਹੀ ਸੀ। ਅਸੀਂ ਸਲਿਪ ਦਿਖਾਈ ਤਾਂ ਉਨਾਂ ਦਸ ਰੁਪਏ ਟੈਕਸੀ ਵਾਲੇ ਨੂੰ ਦਿੱਤੇ ਤੇ ਸਾਨੂੰ ਕਮਰੇ ਦੀ ਚਾਬੀ। ਸਾਡਾ ਰੂਮ ਪਹਿਲੀ ਮੰਜਲ ਉਤੇ ਸੀ, ਲਿਫਟ ਲੱਗੀ ਹੋਈ ਸੀ, ਗਰਮੀ ਨਾਲ ਬੁਰਾ ਹਾਲ ਹੋਇਆ ਪਿਆ ਸੀ। ਕਮਰੇ 'ਚ ਦਾਖਲ ਹੁੰਦਿਆਂ ਹੀ ਵੇਟਰ ਨੇ A/c on ਕਰ ਦਿੱਤਾ।

ਬਲਦੇਵ ਬਾਥਰੂਮ 'ਚ ਵੜ ਗਿਆ ਨਹਾਉਣ ਲਈ, ਤੇ ਮੈਂ ਖਿੜਕੀ ਦਾ ਪਰਦਾ ਚੁੱਕ ਕੇ ਬਾਹਰ ਦੇ ਨਜ਼ਾਰੇ ਦਾ ਅਨੰਦ ਲੈਣ ਲੱਗਾ ਤੇ ਇਹ ਅੰਦਾਜ਼ਾ ਵੀ ਲੌਣ ਲੱਗਾ ਕਿ 'ਸੀ-ਕਿੰਗ' ਹੋਟਲ ਸਾਡੇ ਬੰਬਈ ਵਾਲੇ ਘਰ ਤੋਂ ਹੈ ਕਿੰਨੀ ਦੂਰ। ਬੰਬਈ ਸ਼ਾਂਤਾ ਕਰੂਜ ਤੋਂ ਅੱਗੇ ਰੇਲਵੇਸਟੇਸ਼ਨ ਖਾਰ ਔਂਦਾ ਹੈ। ਖਾਰ ਤੋਂ ਉਤਰ ਕੇ 221 ਨੰਬਰ ਦੀ ਬੱਸ ਜਾਂਦੀ ਹੈ, ਖਾਰ ਤੋਂ ਬਾਂਦਰਾ ਵਲ। ਰਸਤੇ 'ਚ ਔਂਦਾ ਹੈ ਡਾਂਡਾ (ਪਾਲੀ ਹਿਲ ਦੇ ਪੈਰਾਂ ਵਿਚ ਸਾਡੇ ਘਰੋਂ ਜੂਹ ਵਿਚ ਦਾ ਨਜ਼ਾਰਾ ਸਾਫ ਦਿਸਦਾ ਹੁੰਦਾ ਸੀ ।ਹੁਣ ਤਾਂ ਮੈਨੂੰ ਉਹ ਘਰ ਛੱਡੇ ਨੂੰ ਕਈ ਸਾਲ ਹੋ ਗਏ ਹਨ।

ਦਰਵਾਜ਼ਾ ਖੜਕਿਆ ਤਾਂ ਮੇਰਾ ਧਿਆਨ ਓਧਰੋਂ ਟੁੱਟ ਗਿਆ ਮੈਂ ਆਵਾਜ਼ ਦਿੱਤੀ ਕਮ-ਇਨ੍ਹ ਦਰਵਾਜ਼ਾ ਖੁੱਲਿਆ ਤੇ ਵੇਟਰ ਅੰਦਰ ਆਇਆ, ਉਸ ਨੇ ਰੋਟੀ ਵਾਰੇ ਪੁੱਛਿਆ ਤਾਂ ਮੈਂ ਉਸ ਨੂੰ ਦਸ ਮਿੰਟ ਬਾਅਦ ਔਣ ਲਈ ਕਿਹਾ। ਉਹ ਵਾਪਸ ਚਲੇ ਗਿਆ। ਬਲਦੇਵ ਨਹਾ ਕੇ ਨਿਕਲਿਆ ਤਾਂ ਮੈਂ ਉਸਨੂੰ ਵੇਟਰ ਵਾਰੇ ਦੱਸਿਆ ਤੇ ਆਪ ਨਹਾਉਣ ਚਲੇ ਗਿਆ। ਜਦੋਂ ਮੈਂ ਨਹਾ ਕੇ ਨਿਕਲਿਆ ਤਾਂ ਬਲਦੇਵ ਆਰਡਰ ਦੇ ਚੁੱਕਾ ਸੀ।

ਪਹਿਲਾਂ ਤਾਂ ਮੈਂ ਸੋਚਿਆ ਸੀ ਕਿ ਰਾਤ ਘਰ ਹੀ ਚਲੇ ਚਲਾਂਗੇ, ਪਾਪਾ ਨੂੰ ਮਿਲ ਲਵਾਂਗੇ, ਪਰ ਜਦੋਂ ਟਾਇਮ ਜ਼ਿਆਦਾ ਹੋ ਗਿਆ ਤਾਂ ਸਲਾਹ ਬਦਲ ਲਈ। ਕਿਉਂਕਿ ਗਿਆਰਾ ਵੱਜਣ ਵਾਲੇ ਸਨ, ਮੰਮੀ ਪਾਪਾ ਸੌਂ ਚੁੱਕੇ ਹੋਣਗੇ ਤੇ ਫਿਰ ਰਾਤੀ ਦੋ ਵਜੇ ਵਾਪਸ ਮੁੜਨਾ ਪੈਣਾ ਸੀ।

ਰੋਟੀ ਆ ਗਈ ਸੀ, ਰੋਟੀ ਖਾ ਕੇ ਵਿਹਲੇ ਹੋਏ ਤਾਂ ਗਿਆਰਾਂ ਵਜ ਹਟੇ ਸਨ। ਵੇਟਰ ਭਾਂਡੇ ਲੈਣ ਆਇਆ ਤਾਂ ਅਸੀਂ ਉਸਨੂੰ ਦੋ ਸਟਰੋਂਗ ਕਾਫੀ ਦਾ ਆਰਡਰ ਦਿੱਤਾ। ਦੋਵੇਂ ਜਾਣੇ ਅਸੀਂ ਖਿੜਕੀ ਵਿਚਦੀ ਬਾਹਰ ਦੇਖਣ ਲੱਗ ਪਏ, ਬੰਬਈ ਆਪਣੇ ਜੋਬਨ ਉਤੇ ਸੀ। ਪੰਜਾਬ ਵਿਚ ਤਾਂ ਰਾਤੀ ਦੱਸ ਵਜੇ ਤੋਂ ਬਾਅਦ ਸੜਕਾਂ ਅਤੇ ਘਰਾਂ ਵਿਚ ਸੁੰਨ ਪੈਣ ਲੱਗ ਪੈਂਦੀ ਹੈ। ਪਰ ਇਥੇ ਕੰਮ ਉਲਟਾ ਸੀ।

ਕਾਫੀ ਪੀ ਕੇ ਅਸੀਂ ਸੋਚ ਰਹੇ ਸਾਂ ਕਿ ਹੁਣ ਕੀ ਕੀਤਾ ਜਾਏ? ਮੈਂ ਬਲਦੇਵ ਨੂੰ ਕਿਹਾ ਕਿ ਐਦਾਂ ਕਰਦੇ ਹਾਂ ਵੇਟਰ ਨੂੰ ਕਹਿ ਦਿੰਦੇ ਹਾਂ ਕਿ ਉਹ ਢਾਈ ਕੁ ਵਜੇ ਨਾਲ ਸਾਨੂੰ ਜਗਾ ਦੇਵੇ, ਉਠ ਕੇ ਸਿੱਧੇ ਏਅਰ ਪੋਰਟ ਪਹੁੰਚ ਜਾਵਾਂਗੇ।

ਨਾਂ ਓ, ਨਾਂ ਭਾ, ਉਸਨੇ ਹੋਕਾ ਜਿਹਾ ਭਰਦਿਆਂ ਕਿਹਾ।

ਕਿਉਂ ਕੀ ਹੋਇਆ? ਮੈਂ ਉਸਨੂੰ ਪੁੱਛਿਆ।

ਭਾ ਜੇ ਉਹ ਆਪ ਹੀ ਸੌਂ ਗਿਆ ਤਾਂ ਸਾਨੂੰ ਕਿਸ ਪੁੱਛਣਾ। ਕਲ ਤਾਂ ਤਰੀਖ ਵੀ ਅਖੀਰਲੀ ਹੈ। ਤੂੰ ਬੈਠਾ ਰਹਿ ਚੁੱਪ ਕਰਕੇ, ਹੋਰ ਦੋ ਘੰਟੇ ਹਨ, ਹੋਟਲ ਦੀ ਰੌਣਕ ਦੇਖਦੇ ਹਾਂ ਜਾਂ ਗੱਲਾਂ ਕਰਦੇ ਹਾਂ। ਸੌਣਾ ਨਹੀਂ, ਹੋਰ ਨਾਂ ਇਥੇ ਹੀ ਸੁੱਤੇ ਰਹਿ ਜਾਈਏ।

ਚਲ ਠੀਕ ਐ, ਜਿਵੇਂ ਤੂੰ ਕਹਿੰਦਾ, ਐਵੀ ਨਾਂ ਡਰੀ ਜਾਂਹ। ਮੈਂ ਉਸਦੀ ਠੀਕ ਸਲਾਹ ਮੰਨਦਿਆ ਕਿਹਾ।

ਘਰ ਦੇ ਤਾਂ ਸੁੱਤੇ ਪਏ ਹੋਣੇ ਨੇ ਆਰਾਮ ਨਾਲ, ਸਰਾਣਾ ਬਗਲ 'ਚ ਦੇ ਕੇ। ਬਲਦੇਵ ਨੇ ਹੋਕਾ ਜਿਹਾ ਭਰਦਿਆਂ ਕਿਹਾ।

ਨਾਂ ਉਹ ਖਾਹ-ਮਖਾ ਜਾਗਣ, ਸਫਰ ਤੇ ਤਾਂ ਅਸੀਂ ਹਾਂ। ਨਾਲੇ ਉਨ੍ਹਾਂ ਨੂੰ ਕੀ ਪਤਾ ਕਿ ਅਸੀਂ ਅਜੇ ਅੱਧ ਵਿਚਾਲੇ ਹੀ ਲਟਕੇ ਪਏ ਹਾਂ। ਸੁੱਤੇ ਹਾਂ ਜਾਂ ਜਾਗਦੇ । ਫਿਰ ਗੱਲਾਂ ਹੋਰ ਪਾਸੇ ਨੂੰ ਤੁਰ ਪਈਆਂ ਤੇ ਅਸੀਂ ਉਠ ਕੇ ਕਮਰੇ 'ਚੋਂ ਬਾਹਰ ਗਲੀ ਵਿਚ ਆ ਗਏ। ਬਾਹਰ ਇਕ ਰੈਕ ਵਿਚ ਕੁਝ ਅਖਬਾਰਾਂ ਤੇ ਮੈਗਜ਼ੀਨ ਪਏ ਸਨ, ਬਿਨਾਂ ਮਤਲਬ ਤੋਂ ਉਨਾਂ ਨੂੰ ਫਰੋਲਣ ਲਗ ਪਏ। ਐਨੇ ਨੂੰ ਇਕ ਲਪਟ ਜਿਹੀ ਅਤਰ ਦੀ ਆਈ। ਇਕ ਸੱਜਣ ਸਾਡੇ ਪਿਛੇ ਖੜਾ ਸੀ, ਹੈਲੋ ! ਕਹਿਕੇ ਉਸਨੇ ਸਾਡਾ ਧਿਆਨ ਆਪਣੇ ਵਲ ਖਿਚਿਆ।

ਜੈੱਸ। ਬਲਦੇਵ ਨੇ ਉਸ ਵਲ ਦੇਖਿਆ। ਮੇਰੀ ਨਜ਼ਰ ਵੀ ਉਸ ਸੱਜਣ ਦੇ ਪਿਛੇ ਖੜੀ ਇਕ ਸੋਹਣੀ ਜਿਹੀ ਕੁੜੀ ਉਤੇ ਪਈ।

ਕੀ ਤੁਸੀਂ ਇਸ ਨੂੰ ਮਿਲਣਾ ਪਸੰਦ ਕਰੋਗੇ। ਉਸ ਸੱਜਣ ਨੇ, ਕੁੜੀ ਵਲ ਦੇਖਦਿਆਂ ਸਾਨੂੰ ਪੁੱਛਿਆ। ਉਹ ਕੁੜੀ ਹੋਰ ਵੀ ਤਣ ਕੇ ਖੜੀ ਹੋ ਗਈ। ਹੁਣ ਤੰਗ ਲਿਬਾਸ ਵਿਚੋਂ ਉਸਦਾ ਸਰੀਰ ਬਾਹਰ ਨਿਕਲਣ ਨੂੰ ਕਰ ਰਿਹਾ ਸੀ।

ਨੋ ਥੈਂਕਸ, ਬਲਦੇਵ ਨੇ ਉਸ ਸੱਜਣ ਨੂੰ ਮੋੜ ਦਿੱਤਾ ਪਰ ਕੁੜੀ ਨੂੰ ਹਾਏ ਕਹਿਣਾ ਨਾਂ ਭੁਲਿਆ। ਉਹ ਦੋਵੇਂ ਜਾਣੇ ਚਲੇ ਗਏ। ਅਸੀਂ ਘੜੀ ਦੇਖੀ ਤਾਂ ਦੋ ਵਜਣ ਹੀ ਵਾਲੇ ਸਨ। ਅਸੀਂ ਕਮਰੇ 'ਚ

ਜਾ ਕੇ ਆਪਣਾ ਸਮਾਨ ਇਕੱਠਾ ਕੀਤਾ, ਬੈਗ ਚੁੱਕੇ, ਕਮਰੇ ਨੂੰ ਤਾਲਾ ਲਾਇਆ ਤੇ ਹੇਠਾਂ ਉਤਰ ਆਏ। ਰਿਸੈਪਸ਼ਨ 'ਚ ਸਲਿਪ ਦਿੱਤੀ ਤੇ ਉਸਨੂੰ ਟੈਕਸੀ ਮੰਗਵਾਉਣ ਲਈ ਕਿਹਾ। ਉਸਨੇ ਇਕ ਫਾਰਮ ਸਾਡੇ ਅੱਗੇ ਕਰ ਦਿੱਤਾ, ਉਹ ਰੋਟੀ ਦਾ ਬਿਲ ਸੀ, ਬਲਦੇਵ ਨੇ ਉਸ ਉਤੇ ਸਾਇਨ ਕਰਦਿਆਂ ਕਿਹਾ ਯਾਰ ਐਨੇ ਪੈਸੇ? ਇਸ ਰੋਟੀ 'ਚ 800 ਰੁ. ਦਾ ਸੀ ਹੀ ਕੀ? ਬਲਦੇਵ ਹੈਰਾਨ ਹੋਇਆ ਪੁੱਛ ਰਿਹਾ ਸੀ।

ਇਹ ਏਅਰ ਲਾਇਨ ਦਾ ਖਾਣਾ ਹੈ ਜਨਾਬ! ਅਗੋਂ ਉਸ ਨੇ ਹੱਸਦਿਆਂ ਕਿਹਾ।

ਚੰਗਾ ਫਿਰ ਹੁਣ ਟੈਕਸੀ ਬੁਲਾ, ਬਲਦੇਵ ਨੇ ਫਿਰ ਸੁਆਲ ਕੀਤਾ।

ਟੈਕਸੀ ਤਾਂ ਜੀ ਤੁਹਾਨੂੰ ਉਥੋਂ ਕਰਨੀ ਪਏਗੀ। ਅਗੋਂ ਜੁਆਬ ਮਿਲਿਆ।

ਕਿਉਂ? ਉਥੋਂ ਕਿਉਂ ਕਰਨੀ ਪਏਗੀ? ਮੈਨੂੰ ਗੁੱਸਾ ਆ ਗਿਆ। ਟੈਕਸੀ ਤੁਸੀਂ ਮੰਗਵਾ ਕੇ ਦਿਉਗੇ। ਅਸੀਂ ਏਅਰ ਲਾਇਨ ਦੇ ਪੈਸੰਜਰ ਹਾਂ ਜਨਾਬ।

ਉਹ ਸੱਜਣ ਡੋਰ ਭੋਰਾ ਹੋਇਆ ਮੇਰੀ ਵਲ ਦੇਖਣ ਲੱਗਾ। ਮੇਰੀ ਉਚੀ ਆਵਾਜ਼ ਬਾਹਰ ਖੜੇ ਇਕ ਟੈਕਸੀ ਵਾਲੇ ਨੇ ਸੁਣੀ ਤੇ ਉਹ ਅੰਦਰ ਆ ਗਿਆ।

ਤੁਸੀਂ ਕਿਉਂ ਦਸਾਂ ਰੁਪਿਆ ਲਈ ਕਸਟਮਰ ਨਾਲ ਝੂਠ ਬੋਲਦੇ ਹੋ। ਜਦ ਤੁਹਾਨੂੰ ਏਅਰ ਲਾਇਨ ਵਾਲੇ ਐਨੀ ਵੱਡੀ ਰਕਮ ਦਿੰਦੇ ਹਨ, ਫਿਰ ਵੀ ਤੁਹਾਡਾ ਢਿਡ ਨਹੀਂ ਭਰਦਾ। ਦਿਉ ਦਸਾ ਦਾ ਵੋਚਰ ਮੈਂ ਛਡ ਕੇ ਆਨਾ। ਸਾਰੀ ਗੱਲ ਖੁੱਲ ਚੁੱਕੀ ਸੀ, ਉਸਨੇ ਚੁੱਪ ਕਰਕੇ ਡਰਾਇਵਰ ਨੂੰ ਦਸ ਰੁ. ਦਾ ਵੋਚਰ ਦਿੱਤਾ ਤੇ ਅਸੀਂ ਟੈਕਸੀ ਵਿਚ ਬੈਠ ਗਏ। ਉਹ ਸਾਨੂੰ ਏਅਰ ਪੋਰਟ ਉਤੇ ਛੱਡ ਆਇਆ ਤੇ ਹੋਟਲਾਂ ਵਾਲਿਆਂ ਦੀ ਕਮੀਨਗੀ ਵੀ ਦੱਸਦਾ ਗਿਆ।

ਏਅਰ ਪੋਰਟ ਉਤੇ ਹੁਣ ਉਹ ਰਾਤ ਵਾਲੀ ਰੌਣਕ ਨਹੀਂ ਸੀ ਲੱਗ ਰਹੀ। ਅੰਦਰ ਲੰਘੇ ਤਾਂ ਪਤਾ ਲੱਗਾ ਕਿ ਅਜੇ ਤਾਂ ਔਣ ਵਾਲਾ ਜਹਾਜ ਹੀ ਨਹੀਂ ਆਇਆ। ਫਿਰ ਵੀ ਅਸੀਂ ਲਾਇਨ 'ਚ ਖੜੇ ਹੋ ਗਏ। ਉਸੇ ਵੇਲੇ ਪਤਾ ਲਗਾ ਕਿ ਜਹਾਜ ਲੈਂਡ ਕਰ ਗਿਆ ਹੈ। ਅਸੀਂ ਵਾਰੀ ਆਈ ਤੇ ਆਪਣਾ ਸਮਾਨ ਜਮਾਂ ਕਰਵਾ ਕੇ ਖਾਲੀ ਹੱਥ ਹੋ ਗਏ। ਸਕਿਉਰਿਟੀ 'ਚੋਂ ਹੁੰਦੇ ਹੋਏ ਅਸੀਂ ਹਾਲ ਵਿਚ ਜਾ ਬੈਠੇ। ਫਿਰ ਜਲਦੀ ਹੀ ਜਹਾਜ 'ਚ ਸਵਾਰ ਹੋਣ ਦਾ ਸੱਦਾ ਆ ਗਿਆ।

ਗੇਟ ਲੰਘਣ ਲੱਗਿਆ ਗੇਟਮੈਨ ਨੇ ਸਾਡੇ ਤੋਂ ਬੋਰਡਿੰਗ ਕਾਰਡ ਲਿਆ ਤੇ ਅੱਧ ਫਾੜ ਕੇ ਸਾਡੇ ਹੱਥ ਫੜਾ ਦਿੱਤਾ। ਅਸੀਂ ਧੱਕੇ ਖਾਂਦੇ ਗੇਟ ਦੇ ਅੱਗੇ ਖੜੀ ਬਸ ਵਿਚ ਜਾ ਕੇ ਸੁਆਰ ਹੋ ਗਏ। ਬੱਸ ਨੇ ਜਹਾਜ ਨਾਲ ਲੱਗੀ ਪੌੜੀ ਦੇ ਨੇੜੇ ਜਾ ਕੇ ਬਰੇਕ ਲਾਈ। ਹਾਲਾਂਕਿ ਬੋਰਡਿੰਗਕਾਰਡਾਂ ਉਤੇ ਸੀਟ ਨੰਬਰ ਲਿਖਿਆ ਹੁੰਦਾ ਹੈ ਤੇ ਜਹਾਜ ਤੱਕ ਪਹੁੰਚੇ ਬੰਦੇ ਨੂੰ ਜਹਾਜ ਲੈ ਕੇ ਹੀ ਜਾਂਦੇ ਹਨ। ਫਿਰ ਵੀ ਸਾਡੇ ਉਤ ਲੋਕ ਆਪਣੀ ਕਮ ਅਕਲੀ ਦਾ ਵਿਖਾਵਾ ਕਰਨੋ ਨਹੀਂ ਹਟਦੇ, ਤੇ ਧੱਕੇ ਮਾਰਨਾਂ ਆਪਣਾ ਫਰਜ ਸਮਝਦੇ ਹਨ।

ਬੱਸ ਖੜੀ ਹੁੰਦਿਆਂ ਹੀ ਸਵਾਰੀਆਂ ਨੇ ਪਹਿਲਾਂ ਤਾਂ ਬੱਸ ਵਿਚੋਂ ਉਤਰਨ ਲਈ ਤੇ ਫਿਰ ਪੌੜੀ ਚੜਦਿਆਂ ਜਹਾਜ ਦੇ ਅੰਦਰ ਜਾਣ ਲਈ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਜਹਾਜ ਦੇ ਗੇਟ ਵਿਚ ਖੜੀਆਂ ਦੋ ਮੁਟਿਆਰਾਂ ਸੁਆਗਤ ਲਈ ਆਈਆਂ ਸਨ, ਵਿਚਾਰੀਆਂ ਘਬਰਾ ਗਈਆਂ ਤੇ ਆਪਣੀ ਮਦਦ ਲਈ ਉਨਾਂ ਨੂੰ ਇਕ ਆਦਮੀ ਬੁਲਾਉਣਾ ਪਿਆ। ਮੇਰੀ ਨੰਬਰ ਵਾਲੀ ਸੀਟ ਨਾਲ ਜਹਾਜ ਦੀ ਖਿੜਕੀ ਸੀ, ਜਿਥੋਂ ਬਾਹਰ ਦਾ ਨਜ਼ਾਰਾ ਬਖੂਬੀ ਦਿਸ ਰਿਹਾ ਸੀ।

ਜਹਾਜ ਉਡਣ ਤੋਂ ਪਹਿਲਾਂ ਬਚਾਓ ਦੇ ਸਾਧਨ ਦਸੇ ਗਏ ਤੇ ਜੂਸ ਦੀਆਂ ਗਲਾਸੀਆਂ ਵਰਤਾਈਆਂ ਗਈਆਂ ਫਿਰ ਪੇਟੀਆਂ ਬੰਨਣ ਦੀ ਅਨਾਉਸਮੈਂਟ ਹੋਈ। ਸਾਰਿਆਂ ਨੇ ਪੇਟੀਆਂ ਬੰਨ ਲਈਆਂ। ਜਹਾਜ ਰਨ-ਵੇ ਤੇ ਦੌੜ ਰਿਹਾ ਸੀ। ਪੰਜ ਮਿੰਟ ਦੌੜਣ ਤੋਂ ਬਾਅਦ ਜਹਾਜ ਨੇ ਇਕਦਮ ਸਪੀਡ ਫੜੀ ਤੇ ਉਪਰ ਉਠਣਾ ਸ਼ੁਰੂ ਹੋ ਗਿਆ। ਮੈਂ ਆਪਣੀ ਖਿੜਕੀ ਰਾਹੀਂ ਦੇਖ ਰਿਹਾ ਸੀ ਹੇਠਾਂ ਮਕਾਨ ਵੱਡੇ ਛੋਟੇ ਖਲੋਣਿਆਂ ਵਾਂਗ ਦਿਸ ਰਹੇ ਸਨ, ਪਰ ਜਲਦੀ ਹੀ ਸਾਡਾ ਜਹਾਜ ਅਰਬ ਮਹਾਂ ਸਾਗਰ ਦੇ ਉਤੋਂ ਦੀ ਹੁੰਦਾ ਹੋਇਆ ਆਪਣੀ ਮੰਜ਼ਲ ਵਲ ਨੂੰ ਵਧਣ ਲੱਗ ਪਿਆ।

## — ਸੋਧ —

ਪਿਛਲੇ ਅੰਕ ਵਿਚ ਪ੍ਰਭਜੋਤ ਸੋਹੀ ਦੀਆਂ ਦੋ ਕਵਿਤਾਵਾਂ ਵਾਲੇ ਪੰਨੇ ਤੇ ਰਾਜਦੀਪ ਤੂਰ ਹੁਰਾਂ ਦੀ ਗ਼ਜ਼ਲ, '**ਇਹ ਗਣਿਤ ਨਾ ਸਮਝ ਸਾਡੀ ਆਇਆ ਕਦੇ**' ਦੁਬਾਰਾ ਛਪ ਗਈ ਹੈ। ਇਸਨੂੰ ਪ੍ਰਭਜੋਤ ਸੋਹੀ ਦੀਆਂ ਕਵਿਤਾਵਾਂ ਵਿਚ ਸ਼ਾਮਲ ਕਰਕੇ ਨਾ ਪੜ੍ਹਿਆ ਜਾਵੇ।



ਕਰਨਜੀਤ ਕੋਮਲ

# ਕਵਿਤਾਵਾਂ

## ਉਦੋਂ ਕੀ ਵਾਪਰਦਾ

ਉਦੋਂ ਕੀ ਵਾਪਰਦਾ ?
ਜਦੋਂ
ਛਲਿਆ ਮਨ
ਸਾਧ ਹੋਣ ਲਗਦਾ

ਤ੍ਰਿਸ਼ਨਾ
ਤਿਆਗ ਦੇ ਰਾਹ ਤੱਕਣ ਲਗ ਪੈਂਦੀ

ਕਾਹਲ
ਸ਼ਾਂਤ-ਇਕਾਂਤ ਥਾਂ ਭਾਲਦੀ

ਬੋਲ
ਮੌਨ ਹੋਣ ਲਗਦੇ
ਹਉਮੈਂ
ਸਮਰਪਣ ਦੀ ਸਾਖੀ ਸੁਣਦੀ

ਸ਼ਬਦ, ਧੁਨ, ਕਾਇਨਾਤ, ਪ੍ਰੇਮ
ਇਕ ਹੋਣ ਲਗਦੇ ਜਦੋਂ

ਉਦੋਂ ਕੀ ਵਾਪਰਦਾ ?

—o—

## ਸੁਪਨਿਆਂ ਦੀ ਵਹੀ

ਮੇਰੇ ਹਮਰਾਜ਼, ਮੇਰੇ ਹਮਦਮ
ਮੇਰੇ ਦੋਸਤਾ !

ਸਮੇਂ ਦੀ ਸਵਾਰੀ ਕਰਦਿਆਂ
ਆਪਾਂ ਕਿੱਥੇ ਆ ਪਹੁੰਚੇ ?
ਦਹਾੜਨਾ ਤਾਂ ਦੂਰ, ਬੋਲਣਾ ਭੁੱਲ ਬੈਠੇ
ਮੌਜ ਦੀਆਂ ਮਣੀਆਂ, ਠਹਾਕੇ, ਰੌਣਕਾਂ
ਛੱਡ ਆਏ ਹਾਂ ਕਿੱਥੇ ?
ਹੁਣ ਜਦੋਂ ਵੀ ਮਿਲਦੇ ਹਾਂ
ਦਿਲਾਂ ਦੇ ਨਿੱਘ ਵਰਗੀ ਸ਼ੈਅ
ਆਪੋ-ਆਪਣੀ ਚਾਰ-ਦਵਾਰੀ 'ਚ
ਕਿਤੇ ਲੁਕੋ ਆਉਂਦੇ ਹਾਂ
ਬਿਨ ਕਾਰਨ ਤੋਂ ਮਿਲਿਆਂ
ਬੜਾ ਚਿਰ ਹੋ ਗਿਐ !

ਵਕਤ ਦੀ ਕੈਸੀ ਸਾਜਿਸ਼
ਕਿ ਬੇਪਰਵਾਹੀਆਂ ਦੇ ਕਬੂਤਰ
ਉਡਾਉਣ ਵਾਲੇ ਮੁੰਡੇ
ਘਰਾਂ ਦਿਆਂ ਹਿਸਾਬਾਂ-ਕਿਤਾਬਾਂ 'ਚ ਉਲਝ ਜਾਂਦੇ
ਦੋਸਤੀ ਦੇ ਦਾਇਰੇ
ਮਿਣਨ-ਗਿਣਨ ਲਗਦੇ
ਹੋਸਟਲ ਦੇ ਕਮਰਿਆਂ ਦੇ ਬਾਦਸ਼ਾਹ
ਮੁਨੀਮ ਹੋ ਜਾਂਦੇ !

ਅੰਬਰ ਨੂੰ ਟਾਕੀਆਂ ਲਾਉਣ ਵਾਲੇ
ਆਪਾਂ
ਹੁਣ ਜਦੋਂ ਮਿਲਦੇ ਹਾਂ ਤਾਂ
ਨਫ਼ੇ-ਨੁਕਸਾਨ ਦੀਆਂ ਛਤਰੀਆਂ
ਤਾਣ ਮਿਲਦੇ

ਮਿਲਦੇ ਸਾਂ ਪਹਿਲਾਂ
ਤਾਂ ਸਾਡੇ ਦੋਹਾਂ ਕੋਲ
ਦੋਸਤੀ ਦੇ ਨਾਮ
ਇਕ ਲਿਸ਼ਕਦੀ ਵਹੀ ਹੁੰਦੀ ਸੀ
ਸੁਪਨਿਆਂ ਦੀ ਇਕ ਲੰਮੀ ਲੜੀ
ਸਾਂਭਦੇ ਸਾਂ ਆਪਾਂ
ਉਸ ਵਿਚ
ਸੰਜੋਦੇ ਸਾਂ ਘੜੀਆਂ, ਪਲਾਂ ਨੂੰ

ਜਦੋਂ ਮਿਲਾਂਗੇ ਹੁਣ ਆਪਾਂ
ਉਵੇਂ, ਜਿਵੇਂ ਮਿਲਦੇ ਸਾਂ ਉਦੋਂ
ਤਾਂ ਨਿਧੜਕ ਪੁੱਛਾਂਗੇ
ਇਕ-ਦੂਜੇ ਨੂੰ

ਕਿਧਰੇ ਤੂੰ
ਉਹ ਵਹੀ ਪਾੜ ਤਾਂ ਨਹੀਂ ਬੈਠਾ ?
ਕਿਧਰੇ ਮੈਂ
ਉਹ ਵਹੀ ਗਵਾ ਤਾਂ ਨਹੀਂ ਲਈ?
ਦੋਸਤਾ !

—o—

# ਸਬਰ, ਸ਼ੁਕਰ ਤੇ ਅਰਦਾਸ

**ਜਸਪ੍ਰੀਤ ਕੌਰ ਸੰਘਾ, ਹੁਸ਼ਿਆਰਪੁਰ**
(99150-33176)



ਸਬਰ, ਸ਼ੁਕਰ ਤੇ ਅਰਦਾਸ ਵੇਖਣ ਅਤੇ ਲਿਖਣ ਵਿੱਚ ਇਹ ਸ਼ਬਦ ਭਾਵੇਂ ਛੋਟੇ ਲੱਗਣ ਪਰ ਇਨ੍ਹਾਂ ਤਿੰਨਾਂ ਸ਼ਬਦਾਂ ਵਿੱਚ ਹੀ ਜ਼ਿੰਦਗੀ ਦਾ ਅਸਲੀ ਫਲਸਫ਼ਾ ਛੁਪਿਆ ਹੈ। ਜਿਸ ਇਨਸਾਨ ਨੇ ਇਨ੍ਹਾਂ ਤਿੰਨਾਂ ਸ਼ਬਦਾਂ ਦਾ ਮਹੱਤਵ ਸਮਝ ਲਿਆ ਤੇ ਆਪਣੇ ਜੀਵਨ 'ਚ ਇਨ੍ਹਾਂ ਨੂੰ ਲਾਗੂ ਕਰ ਲਿਆ ਉਸ ਤੋਂ ਸੁੱਖੀ ਇਨਸਾਨ ਕੋਈ ਨਹੀਂ ਹੋ ਸਕਦਾ। ਗੁਰਸਿੱਖ ਜੀਵਨ ਦਾ ਤਾਂ ਆਧਾਰ ਹੀ ਸਬਰ, ਸ਼ੁਕਰ ਤੇ ਅਰਦਾਸ ਹੈ। ਸਬਰ ਭਾਵ ਪ੍ਰਮਾਤਮਾ ਜੋ ਵੀ ਕਰ ਰਿਹਾ ਹੈ, ਜੋ ਵੀ ਦੇ ਰਿਹਾ ਹੈ ਸੁੱਖ ਚਾਹੇ ਦੁੱਖ ਉਸਦੀ ਰਜ਼ਾ ਸਮਝ ਖਿੜੇ ਮੱਥੇ ਕਬੂਲ ਕਰੋ। ਸ਼ੁਕਰ ਭਾਵ ਪ੍ਰਮਾਤਮਾ ਦੀ ਬਖਸ਼ੀ ਹਰ ਦਾਤ ਲਈ, ਹਾਰ ਸਾਹ ਲਈ ਉੱਠਦੇ ਬਹਿੰਦੇ ਉਸ ਮਾਲਕ ਦਾ ਸ਼ੁਕਰਾਨਾ ਕਰੋ। ਅਰਦਾਸ ਭਾਵ ਉਸ ਮਾਲਕ ਤੇ ਭਰੋਸਾ ਰੱਖ ਸੱਚੇ ਮਨੋ ਉਸ ਪ੍ਰਮਾਤਮਾ ਅੱਗੇ ਆਪਣੇ ਕਾਰਜ ਲਈ ਬੇਨਤੀ ਕਰੋ। ਅਸਲ ਵਿੱਚ ਸਬਰ ਪ੍ਰਮਾਤਮਾ ਦੀ ਬਖਸ਼ੀ ਉਹ ਦਾਤ ਹੈ ਜੋ ਭਿਖਾਰੀ ਨੂੰ ਵੀ ਰਾਜਾ ਬਣਾ ਦਿੰਦਾ ਹੈ ਤੇ ਜਿਸਦੇ ਅੰਦਰ ਸਬਰ ਨਹੀਂ ਉਹ ਰਾਜਾ ਹੋ ਕੇ ਵੀ ਸਾਰੀ ਉਮਰ ਭਿਖਾਰੀ ਹੀ ਬਣਿਆ ਰਹਿੰਦਾ ਹੈ।

ਅੱਜ ਸਾਡੇ ਕੋਲ ਮਹਿਲਾਂ ਵਰਗੇ ਘਰ ਨੇ, ਵੱਡੀਆਂ ਗੱਡੀਆਂ ਨੇ, ਦੌਲਤ-ਸ਼ੌਹਰਤ ਹੈ ਪਰ ਇਹ ਸਭ ਹੋਣ ਦੇ ਬਾਵਜੂਦ ਵੀ ਅਸੀਂ ਖ਼ੁਸ਼ ਨਹੀਂ ਹਾਂ। ਨਾ ਤਾਂ ਸਾਡੇ ਵਿਹੜਿਆਂ ਵਿੱਚ ਹਾਸੇ ਗੂੰਜਦੇ ਹਨ ਤੇ ਨਾ ਹੀ ਸਾਡੇ ਮੁੱਖ ਤੇ ਉਹ ਰੌਣਕ ਦਿਖਾਈ ਦਿੰਦੀ ਹੈ। ਇਸਦਾ ਇੱਕੋ-ਇੱਕ ਕਾਰਨ ਹੈ ਸਾਡੇ ਅੰਦਰ ਸਬਰ, ਸ਼ੁਕਰ ਦਾ ਨਾਂ ਹੋਣਾ। ਸਾਨੂੰ ਉਸ ਮਾਲਿਕ ਦਾ ਸ਼ੁਕਰਾਨਾ ਕਰਨਾ ਹੀ ਨਹੀਂ ਆਉਂਦਾ। ਪ੍ਰਮਾਤਮਾ ਸਾਡੀ ਝੋਲੀ ਖ਼ੁਸ਼ੀਆਂ ਨਾਲ ਭਰ ਦਿੰਦਾ ਹੈ ਪਰ ਫੇਰ ਵੀ ਅਸੀਂ ਉਨ੍ਹਾਂ ਚੀਜ਼ਾਂ, ਉਨ੍ਹਾਂ ਇਨਸਾਨਾਂ ਲਈ ਸਾਰੀ ਉਮਰ ਝੂਰਦੇ ਰਹਿੰਦੇ ਹਾਂ ਜੋ ਸਾਨੂੰ ਨਹੀਂ ਮਿਲੇ। ਅਸੀਂ ਮਾਲਿਕ ਦੀਆਂ ਦਿੱਤੀਆਂ ਦਾਤਾਂ ਲਈ ਉਸਦੇ ਸ਼ੁਕਰਗੁਜ਼ਾਰ ਨਹੀਂ ਹੁੰਦੇ ਸਗੋਂ ਬੇਲੋੜੀਆਂ ਚੀਜ਼ਾਂ ਲਈ ਉਸਨੂੰ ਹਮੇਸ਼ਾ ਕੋਸਦੇ ਰਹਿੰਦੇ ਹਾਂ। ਇਸਦਾ ਵੱਡਾ ਕਾਰਣ ਹੈ ਕਿ ਸਾਨੂੰ ਭਾਣਾ ਮੰਨਣਾ ਤੇ ਉਸਦੀ ਰਜ਼ਾ 'ਚ ਰਹਿਣਾ ਨਹੀਂ ਆਉਂਦਾ। ਜਿਸ ਇਨਸਾਨ ਨੂੰ ਮਾਲਿਕ ਦਾ ਭਾਣਾ ਮੰਨਣਾ ਤੇ ਉਸਦੀ ਰਜ਼ਾ ਵਿੱਚ ਰਹਿਣਾ ਆ ਜਾਵੇ ਉਹ ਇਨਸਾਨ ਜ਼ਿੰਦਗੀ 'ਚ ਕਦੇ ਦੁੱਖੀ ਹੋ ਹੀ ਨਹੀਂ ਸਕਦਾ।

ਅਸਲ ਵਿਚ ਸਬਰ ਤੋਂ ਵੱਡੀ ਕੋਈ ਚੀਜ਼ ਹੈ ਹੀ ਨਹੀਂ ਤੇ ਜਿਸ ਇਨਸਾਨ ਨੂੰ ਸਬਰ ਤੇ ਸ਼ੁਕਰਾਨਾ ਕਰਨਾ ਆ ਗਿਆ ਉਸ ਤੋਂ ਵੱਡਾ ਰਾਜਾ ਕੋਈ ਨਹੀਂ ਹੈ। ਜ਼ਿੰਦਗੀ ਤੋਂ ਜੇਕਰ ਸ਼ਿਕਾਇਤਾਂ ਵੱਧ ਜਾਣ ਤਾਂ ਹਮੇਸ਼ਾ ਆਪਣੇ ਤੋਂ ਨੀਵੇਂ ਵੱਲ ਵੇਖੋ। ਜੇਕਰ ਆਪਣੇ ਮਹਿਲ ਛੋਟੇ ਲੱਗਣ ਤਾਂ ਝੌਂਪੜੀ ਵਾਲੇ ਦਾ ਸਬਰ ਵੇਖੋ। ਆਪਣੀ ਗੱਡੀ ਜੇਕਰ ਛੋਟੀ ਲੱਗੇ ਤਾਂ ਸਾਈਕਲ ਵਾਲੇ ਦਾ ਸਬਰ ਵੇਖੋ। ਆਪਣੀਆਂ ਤਕਲੀਫ਼ਾਂ ਜੇਕਰ ਜ਼ਿਆਦਾ ਲੱਗਣ ਤਾਂ ਇੱਕ ਵਾਰ ਕਿਸੇ ਹਸਪਤਾਲ ਦਾ ਗੇੜਾ ਮਾਰ ਆਵੋ। ਪਰਿਵਾਰਿਕ ਝਗੜੇ ਜੇਕਰ ਤੰਗ ਕਰਨ ਤਾਂ ਇੱਕ ਵਾਰ ਅਨਾਥ ਆਸ਼ਰਮ, ਬਿਰਧ ਆਸ਼ਰਮ ਜਾਂ ਯਤੀਮ ਘਰ ਦਾ ਗੇੜਾ ਮਾਰ ਆਓ। ਤੁਹਾਨੂੰ ਜ਼ਿੰਦਗੀ ਦੇ ਅਸਲੀ ਅਰਥ ਅਤੇ ਉਸ ਮਾਲਿਕ ਦੀਆਂ ਦਾਤਾਂ ਦੀ ਸਮਝ ਆ ਜਾਵੇਗੀ।

ਸਮੱਸਿਆ ਸਿਰਫ਼ ਇਹੀ ਹੈ ਕਿ ਅਸੀਂ ਆਪਣੇ ਤੋਂ ਉੱਚੇ ਵੱਲ ਵੇਖ ਝੂਰਦੇ ਤਾਂ ਹਰ ਸਮੇਂ ਹਾਂ ਪਰ ਆਪਣੇ ਤੋਂ ਨੀਵੇਂ ਵੱਲ ਵੇਖ ਸ਼ੁਕਰਾਨਾ ਕਰਨਾ ਨਹੀਂ ਸਿੱਖਦੇ। ਜਿਸ ਇਨਸਾਨ ਕੋਲ ਦੋ ਵਕਤ ਦੀ ਰੋਟੀ ਹੈ, ਸਿਰ 'ਤੇ ਛੱਤ ਹੈ, ਤਨ ਢੱਕਣ ਲਈ ਕੱਪੜੇ ਹਨ ਤੇ ਸਭ ਤੋਂ ਜ਼ਰੂਰੀ ਤੰਦਰੁਸਤੀ ਹੈ ਉਹ ਖ਼ੁਸ਼ਨਸੀਬ ਹੈ। ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਜੇਕਰ ਪ੍ਰਮਾਤਮਾ ਕਰ ਰਿਹਾ ਹੈ ਤਾਂ ਉਸਦੇ ਸ਼ੁਕਰਗੁਜ਼ਾਰ ਹੋਵੋ ਨਾ ਕਿ ਦੂਸਰਿਆਂ ਦੀਆਂ ਖ਼ੁਸ਼ੀਆਂ ਵੇਖ ਕੇ ਉਸਨੂੰ ਕੋਸਣ ਲੱਗ ਜਾਵੋ। ਇੱਕ ਗੱਲ ਹਮੇਸ਼ਾ ਯਾਦ ਰੱਖੋ ਪੈਸਾ ਕਦੇ ਵੀ ਤੁਹਾਨੂੰ ਖ਼ੁਸ਼ੀ ਨਹੀਂ ਦੇ ਸਕਦਾ। ਸਿਰਫ਼ ਤੁਹਾਡੀਆਂ ਲੋੜਾਂ ਦੀ ਪੂਰਤੀ ਕਰ ਸਕਦਾ ਹੈ। ਇਨਸਾਨ ਖੁਸ਼ ਉਦੋਂ ਹੀ ਹੁੰਦਾ ਹੈ ਜਦੋਂ ਉਸਨੂੰ ਸਕੂਨ ਮਿਲੇ ਤੇ ਸਕੂਨ ਉਦੋਂ ਹੀ ਮਿਲਦਾ ਹੈ ਜਦੋਂ ਇਨਸਾਨ ਅੰਦਰ ਸਬਰ ਤੇ ਸ਼ੁਕਰ ਆ ਜਾਵੇ।

ਜ਼ਿੰਦਗੀ ਨੂੰ ਜੇਕਰ ਜਿਉਣਾ ਹੈ ਤਾਂ ਸਬਰ ਕਰਨਾ ਸਿੱਖੋ, ਉਸ ਮਾਲਿਕ ਦੀ ਰਜ਼ਾ 'ਚ ਖੁਸ਼ ਰਹਿਣਾ ਸਿੱਖੋ। ਈਰਖਾ ਤੇ ਨਫ਼ਰਤ ਕਰਨ ਵਾਲਾ ਇਨਸਾਨ ਕਦੇ ਖੁਸ਼ ਨਹੀਂ ਹੋ ਸਕਦਾ। ਅਜਿਹਾ ਇਨਸਾਨ ਸਾਹਮਣੇ ਵਾਲੇ ਦਾ ਤਾਂ ਨੁਕਸਾਨ ਕਰਦਾ ਹੀ ਹੈ ਸਗੋਂ ਸਭ ਤੋਂ ਵੱਧ ਨੁਕਸਾਨ ਆਪਣਾ ਕਰਦਾ ਹੈ। ਹਮੇਸ਼ਾ ਪਿਆਰ, ਮੁਹੱਬਤ, ਖੁਸ਼ੀਆਂ ਖੇੜੇ ਵੰਡੋ ਤੇ ਸਬਰ ਸਿਦਕ 'ਚ ਰਹਿਣਾ ਸਿੱਖੋ। ਜਿਸ ਦਿਨ ਤੁਹਾਡੇ ਮਨ ਦੀ ਭਟਕਣਾ ਖ਼ਤਮ ਹੋ ਜਾਵੇਗੀ ਉਸ ਦਿਨ ਹਰ ਖ਼ੁਸ਼ੀ ਤੁਹਾਨੂੰ ਤੁਹਾਡੇ ਅੰਦਰੋਂ ਮਿਲੇਗੀ। ਬੇਲੋੜੀਆਂ ਚਿੰਤਾਵਾਂ ਛੱਡ ਇੱਕ ਵਾਰ ਉਸ ਮਾਲਿਕ 'ਤੇ ਭਰੋਸਾ ਕਰਕੇ ਵੇਖੋ, ਸੱਚੇ ਦਿਲੋਂ ਅਰਦਾਸ ਕਰਕੇ ਵੇਖੋ ਤੁਹਾਡਾ ਹਰ ਕਾਰਜ ਉਹ ਆਪ ਪੂਰਾ ਕਰੇਗਾ। ਜ਼ਿੰਦਗੀ ਇੱਕ ਦਿਨ ਖੁਦ ਬਦਲ ਜਾਵੇਗੀ ਬੱਸ ਲੋੜ ਹੈ ਉਸਦੀ ਰਜ਼ਾ ਨੂੰ ਸਮਝਣ ਦੀ, ਉਸਦੇ ਭਾਣੇ ਨੂੰ ਮੰਨਣ ਦੀ, ਸਬਰ ਦਾ ਪੱਲਾ ਫੜ ਹਾਰ ਸਾਹ ਲਈ ਉਸਦਾ ਸ਼ੁਕਰਾਨਾ ਕਰਨ ਦੀ ਅਤੇ ਸੱਚੇ ਦਿਲੋਂ ਸਰਬੱਤ ਦੇ ਭੱਲੇ ਦੀ ਅਰਦਾਸ ਕਰਨ ਦੀ।

***

# ਸ਼ਬਦ ਸੁਨੇਹੇ ਨੂੰ ਸਮਝਦੇ ਨਹੀਂ ਤੇ ਨਾ ਹੀ ਅਮਲ ਚ ਗੁੰਦਦੇ ਗੁੰਨ੍ਹਦੇ ਹਾਂ



- ਡਾ ਅਮਰਜੀਤ ਸਿੰਘ ਟਾਂਡਾ

ਆਪਣੀ ਆਪੇ ਕੀਤੀ ਹੋਈ ਵਡਿਆਈ ਖੁਸ਼ੀ ਤਾਂ ਦਿੰਦੀ ਹੈ ਪਲ ਦੋ ਪਲ ਦੀ ਪਰ ਸਿਰਫ਼ ਆਪਣੇ ਆਪ ਲਈ। ਉਹ ਖੁਸ਼ੀ ਕੋਈ ਸਿਫਾਰਸ਼ ਨਹੀਂ ਬਣਦੀ ਨਾ ਹੀ ਹੁੰਦੀ ਹੈ। ਲੋਕ ਸਭ ਜਾਣਦੇ ਹੁੰਦੇ ਹਨ, ਪਹਿਚਾਣਦੇ ਨੇ ਹਰੇਕ ਦੀਆਂ ਮਾਰੀਆਂ ਮੱਲਾਂ।

ਆਪਣੀਆਂ ਆਪੇ ਵਡਿਆਈਆਂ ਕਰਕੇ ਫਿਰ ਰੱਬ ਦੀ ਨਾਲ ਸਿਫਾਰਸ਼ ਗੰਢ ਦੇਣਾ ਕਿ ਉਸਦੀ ਮਿਹਰਬਾਨੀ ਹੀ ਇੰਨੀ ਹੈ ਕਿ ਮੈਂ ਚਮਤਕਾਰ ਵੀ ਕਰ ਦਿੰਦਾ ਹਾਂ।

ਅਸਲ ਵਿੱਚ ਸਭ ਕੁਝ ਆਪ ਕਰਨਾ ਹੁੰਦਾ ਹੈ ਸੋਚਣਾ ਸਮਝਣਾ ਉਸਾਰਨਾ।

ਆਈਡੀਏ ਵਿਚਾਰ ਉੱਚੀ ਸੋਚ ਸਮਝ ਨਾਲ ਪ੍ਰਗਤੀਵਾਦੀ ਮਾਡਲ ਦੀ ਤਰ੍ਹਾਂ ਕ੍ਰੀਏਟਿਵ ਐਕਟੀਵਿਟੀ ਕਰਨਾ ਹੁੰਦਾ ਹੈ।

ਦਾਰਸ਼ਨਿਕ ਲੋਕ ਕਦੇ ਆਪਣੀਆਂ ਵਡਿਆਈਆਂ ਨਹੀਂ ਕਰਦੇ, ਉਹ ਤਾਂ ਸਿਧਾਂਤਕ ਸੋਚ ਨਾਲ ਫਿਲੋਸਫੀਕਲ ਉੱਤਮ ਉਮਦਾ ਵਿਚਾਰ ਮੱਥਿਆ ਵਿੱਚ ਚਿਣਦੇ ਹੀ ਰਹਿੰਦੇ ਹਨ।

ਆਪਣੀ ਵਡਿਆਈ ਕਰਕੇ ਆਪੇ ਹੀ ਖੁਸ਼ ਹੋਣਾ - ਇੱਕ ਅਨਾਥ ਸੰਤੋਖ ਜਾਂ ਅਹੰਕਾਰ ਦੀ ਝਲਕ ਹੁੰਦੀ ਹੈ

ਅੱਜ ਦੇ ਸਮਾਜ ਵਿੱਚ "ਆਪਣੀ ਵਡਿਆਈ ਕਰਕੇ ਆਪੇ ਹੀ ਖੁਸ਼ ਹੋਣਾ" ਇੱਕ ਆਮ ਰਵੱਈਆ ਬਣ ਗਿਆ ਹੈ।

ਕਈ ਉਹ ਲੋਕ ਜੋ ਆਪਣੇ ਕੰਮ ਜਾਂ ਲਾਭ ਦੀ ਸਿਰਫ਼ ਆਪਣੀ ਹੀ ਨਿੱਜੀ ਗੱਲ ਕਰਦੇ ਹਨ, ਨਾ ਫਿਰ ਕਿਸੇ ਦੀ ਤਾਰੀਫ਼ ਨੂੰ ਮੀਨਤ ਦੀ ਮਾਨਤਾ ਦਿੰਦੇ ਹਨ ਅਤੇ ਨਾ ਕਿਸੇ ਦੀ ਰਾਏ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ। ਇਹ ਵਿਅਕਤੀ ਸੰਤੋਖ ਦੇ ਰੂਪ ਵਿੱਚ ਲੋਕ ਆਤਮ-ਤਾਰੀਫ਼ ਨੂੰ ਸਵੀਕਾਰ ਕਰਦੇ ਹਨ, ਪਰ ਇਹ ਕਿੰਨਾ ਸਹੀ ਹੈ? ਕੀ ਇਹ ਇਕ ਚੰਗਾ ਗੁਣ ਹੈ ਜਾਂ ਅਹੰਕਾਰ ਦੀ ਸ਼ੁਰੂਆਤ ?

**1. ਆਤਮ-ਸੰਤੋਖ ਜਾਂ ਅਹੰਕਾਰ**

ਆਪਣੀ ਵਿਦਿਆ, ਕੰਮ ਜਾਂ ਸਫਲਤਾ 'ਤੇ ਗਰਵ ਕਰਨਾ ਕੁਝ ਹੱਦ ਤੱਕ ਠੀਕ ਹੈ, ਪਰ ਜਦੋਂ ਇਹ ਵਡਿਆਈ ਇਕ ਆਦਤ ਬਣ ਜਾਂਦੀ ਹੈ ਤਾਂ ਇਹ ਵਿਅਕਤੀ ਨੂੰ ਬਾਕੀ ਲੋਕਾਂ ਤੋਂ ਵੱਖਰਾ ਕਰ ਦਿੰਦੀ ਹੈ। ਅਜਿਹਾ ਵਿਅਕਤੀ ਸੋਚਦਾ ਹੈ ਕਿ ਉਹ ਸਭ ਤੋਂ ਸਿਆਣਾ ਹੈ ਅਤੇ ਉਸਨੂੰ ਕਿਸੇ ਹੋਰ ਦੀ ਲੋੜ ਨਹੀ। ਪਰ, ਅਸਲ ਸਫਲਤਾ ਤਾਂ ਉਦੋਂ ਆਉਂਦੀ ਹੈ ਜਦੋਂ ਨਿਮਰਤਾ ਨਾਲ ਤਜਰਬਾ ਸਾਂਝਾ ਕੀਤਾ ਜਾਏ।

**2. ਸਮਾਜਿਕ ਪ੍ਰਭਾਵ**

ਜੇਕਰ ਹਰ ਵਿਅਕਤੀ ਆਪਣੀ ਹੀ ਵਡਿਆਈ ਕਰਕੇ ਸੁਖੀ ਹੋਣ ਦੀ ਕੋਸ਼ਿਸ਼ ਕਰੇ, ਤਾਂ ਸਮਾਜ ਵਿਚ ਸਹਿਯੋਗੀ ਭਾਵਨਾ ਥੱਲੇ ਜਾਂਦੀ ਹੈ। ਓਹ ਨੀਵਾਂ ਹੁੰਦਾ ਹੈ ਸਮਾਜ ਵਿੱਚ। ਇੰਝ ਲੱਗਣ ਲੱਗ ਪੈਂਦਾ ਹੈ ਕਿ ਹਰ ਕੋਈ ਸਿਰਫ਼ ਆਪਣੇ ਆਪ ਨੂੰ ਓਹਲਾ ਸਾਬਤ ਕਰਨ ਵਿਚ ਲੱਗਾ ਹੋਇਆ ਹੈ। ਇਸ ਨਾਲ ਅਕੀਲ, ਮਿੱਤਰਤਾ ਤੇ ਭਾਈਚਾਰਾ ਘਟਦਾ ਹੈ। ਤੇ ਉਹ ਆਪਣੇ ਆਪ ਵਿੱਚ ਹੀ ਰਹਿ ਕੇ ਇਕੱਲਾ ਹੋ ਜਾਂਦਾ ਹੈ ਖਤਮ ਹੋ ਜਾਂਦਾ ਹੈ।

**3. ਨਕਲੀ ਖੁਸ਼ੀ ਦਾ ਭਾਣਾ**

ਆਪਣੀ ਵਡਿਆਈ ਕਰਨਾ ਅਕਸਰ ਓਦੋ ਆਉਂਦਾ ਹੈ ਜਦੋਂ ਅੰਦਰੋਂ ਅਧੂਰਾਪਣ ਹੋਵੇ। ਵਿਅਕਤੀ ਦਿਖਾਉਂਦਾ ਤਾਂ ਐਵੇ ਕਿ ਓਹ ਖੁਸ਼ ਹੈ, ਪਰ ਅਸਲ ਵਿੱਚ ਓਹ ਲੋਕਾਂ ਦੇ ਮਨ ਦੀ ਪ੍ਰਸ਼ੰਸਾ ਚਾਹੁੰਦਾ ਹੈ। ਇਹ ਇਕ ਤਰ੍ਹਾਂ ਦੀ ਨਕਲੀ ਖੁਸ਼ੀ ਹੁੰਦੀ ਹੈ ਜੋ ਅਸਲੀ ਸੰਤੋਖ ਦਾ ਦਿੱਖ ਹੀ ਨਹੀਂ ਲੈਂਦੀ।

**4. ਸਤਿਕਾਰ ਜਿੱਤਿਆ ਜਾਂ ਲਿਆ ਨਹੀਂ ਜਾਂਦਾ**

ਕਦੇ ਵੀ ਆਪਣੀ ਵਡਿਆਈ ਕਰਕੇ ਕਿਸੇ ਦਾ ਸਤਿਕਾਰ ਨਹੀਂ ਮਿਲਦਾ। ਲੋਕ ਉਸ ਵਿਅਕਤੀ ਨੂੰ ਮਹੱਤਵ ਨਹੀਂ ਦਿੰਦੇ ਜੋ ਹਰ ਸਮੇਂ ਆਪਣੀ ਗੱਲ ਨੂੰ ਉੱਪਰ ਰੱਖਦਾ ਹੋਵੇ। ਸਤਿਕਾਰ ਉਹਨਾਂ ਨੂੰ ਮਿਲਦਾ ਹੈ ਜੋ ਨਿਮਰਤਾ ਨਾਲ ਆਪਣੀ ਕਾਬਲੀਅਤ ਸਾਬਤ ਕਰਦੇ ਹਨ।

**5. ਸੱਚੀ ਖੁਸ਼ੀ - ਨਿਰਅਹੰਕਾਰ ਹੋਣ ਵਿਚ**

ਸੱਚੀ ਖੁਸ਼ੀ ਤਾਂ ਉਦੋਂ ਮਿਲਦੀ ਹੈ ਜਦੋਂ ਅਸੀਂ ਆਪਣੇ ਅੰਦਰ ਦੇ ਗੁਣਾਂ ਨੂੰ ਸਮਝ ਕੇ, ਉਹਨਾਂ ਨਾਲ ਗੁਮਾਨ ਨਹੀਂ ਕਰਦੇ, ਸਗੋਂ ਹੋਰਾਂ ਲਈ ਭਲਾ ਕਰਦੇ ਹਾਂ। ਆਪਣੇ ਕੰਮ ਦਾ ਗੁਣਗਾਨ

ਦੁਨੀਆ ਕਰੇ, ਅਸੀਂ ਨਹੀਂ - ਇਹੀ ਅਸਲ ਨਿਮਰਤਾ ਹੈ।

**ਨਿਸ਼ਕਰਸ਼ :**

ਆਪਣੀ ਕਾਬਲੀਅਤ ਜਾਂ ਪ੍ਰਯਾਸਾਂ ਦੀ ਮਾਨਤਾ ਲੈਣੀ ਚੰਗੀ ਗੱਲ ਹੈ। ਪਰ ਜਦੋਂ ਅਸੀਂ ਆਪਣੇ ਆਪ ਨੂੰ ਹੀ ਵਧ ਚੜ੍ਹ ਕੇ ਪੇਸ਼ ਕਰਦੇ ਹਾਂ ਅਤੇ ਦੁਨੀਆਂ ਤੋਂ ਵੱਖਰਾ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਇਹ ਅਹੰਕਾਰ ਦੀ ਲਕੀਰ ਪਾਰ ਕਰ ਜਾਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਨਿਮਰਤਾ ਨਾਲ ਜੀਵਨ ਜਿਉਂਦੇ ਹੋਏ ਆਪਣੇ ਅੰਦਰ ਦੀ ਖ਼ੁਸੀ ਲੱਭੀਏ - ਕੋਈ ਵਿਖਾਵਾ ਨਹੀਂ, ਕੋਈ ਵਡਿਆਈ ਨਹੀਂ।

ਮਿਹਨਤ ਸੱਚੀ ਕਮਾਈ ਫੁੱਲਾਂ ਦੀ ਖੁਸ਼ਬੂ ਵਰਗੀ ਕਰੀ ਜਾਣਾ ਆਪੇ ਹੀ ਆਲੇ ਦੁਆਲੇ ਖਿੰਡ ਜਾਂਦੀ ਹੈ।

ਦੂਰੋਂ ਹੀ ਮਹਿਕਾਂ ਆ ਜਾਂਦੀਆਂ ਨੇ ਫੁੱਲਾਂ ਦੀਆਂ ਜਾਂ ਪੌਣਾਂ ਵੰਡ ਦਿੰਦੀਆਂ ਹਨ ਹਰ ਰੁੱਖ ਪੱਤੇ ਦਰ ਨੂੰ।

ਤਿਤਲੀਆਂ ਭੰਵਰਿਆਂ ਨੂੰ ਫੁੱਲ ਪੱਤੀਆਂ ਸੱਦਾ ਨਹੀਂ ਦੇਣ ਜਾਂਦੀਆਂ ਉਹਨਾਂ ਦੀਆਂ ਸੁਗੰਧੀਆਂ ਹੀ ਉਹਨਾਂ ਨੂੰ ਘੇਰ ਲਿਆਉਂਦੀਆਂ ਹਨ।

ਤੂੰ ਆਪਣੇ ਵਿੱਚ ਮਹਿਕਾਂ ਸੁਗੰਧੀਆਂ ਖੁਸ਼ਬੂਆਂ ਭਰ ਆਪੇ ਹੀ ਖਿੰਡ ਜਾਣਗੀਆਂ ਹਰ ਪਾਸੇ।

ਬਾਬੇ ਨਾਨਕ ਨੇ ਕਿਤੇ ਨਹੀਂ ਆਪਣੀ ਵਡਿਆਈ ਕੀਤੀ, ਪਰ ਸਾਰੇ ਆਲਮ ਤੇ ਹੀ ਮਹਿਕਾਂ ਖਲਾਰ ਗਿਆ ਸ਼ਬਦਾਂ, ਰਾਗਾਂ ਦੀਆਂ।

ਕੋਈ ਆਹੁਦਾ ਉਪਾਧੀ ਨਹੀਂ ਸੀ ਉਸ ਕੋਲ ਪਰ ਉਹ ਸਾਰੇ ਸੰਸਾਰ ਦਾ ਡਾਇਰੈਕਟਰ ਸੀ ਨਿਰਮਾਤਾ ਸੀ ਉਸਰਈਆ ਸੀ।

ਅਸੀਂ ਸਾਰੀ ਉਮਰ ਉਸ ਨੂੰ ਪੜ੍ਹਦੇ ਹਾਂ ਵਾਰ ਵਾਰ। ਉਹਦੇ ਦਰ ਤੇ ਵੀ ਜਾਂਦੇ ਹਾਂ ਪਰ ਉਹਦੇ ਸ਼ਬਦ ਸੁਨੇਹੇ ਨੂੰ ਸਮਝਦੇ ਨਹੀਂ ਤੇ ਨਾ ਹੀ ਅਮਲ ਚ ਗੁੰਦਦੇ ਗੁਨ੍ਹਦੇ ਹਾਂ।

*****

# ਕਵਿਤਾ



ਮੇਰਾ ਤਰਲਾ ਸਿਰਜਣਹਾਰ ਨੂੰ,
ਤੂੰ ਆਪਣੀ ਕਲਾ ਵਰਤਾ।
ਅੱਜ ਕੁੱਲ ਲੁਕਾਈ ਰੋਂਦੀ,
ਤੈਨੂੰ ਰਹੀਂ ਵਾਸਤੇ ਪਾ।

ਦਰਦਮੰਦਾਂ ਦਿਆ ਦਰਦੀਆਂ,
ਅੱਜ ਤੱਕ ਆਪਣਾ ਪੰਜਾਬ।
ਪਸ਼ੂ ਪੰਛੀ ਸਭ ਮਰ ਰਹੇ,
ਕੁੱਲ ਲੁਕਾਈ ਰਹੀ ਕੁਰਲਾ।

ਧਰਤੀ ’ਤੇ ਲਾਸ਼ਾਂ ਵਿਛੀਆਂ,
ਸਭ ਖੇਤ ਗਏ ਮੁਰਝਾ।
ਕਿਸ ਨੇ ਧਰਤ ਪੰਜਾਬ ਨੂੰ,
ਦਿੱਤੀ ਨਜ਼ਰ ਲਗਾ?

ਇਸ ਜਰਖੇਜ਼ ਜ਼ਮੀਨ ’ਤੇ,
ਕਿਉਂ ਗਏ ਹੜ੍ਹ ਆ।
ਹਰੀਆਂ ਭਰੀਆਂ ਫਸਲਾਂ,
ਬਣ ਗਈਆਂ ਨੇ ਦਰਿਆ।

ਸਿਰ ਤੇਰੇ ਕਦਮਾਂ ’ਤੇ ਰੱਖ ਕੇ,
ਕਿਸਾਨ ਰਿਹਾ ਕੁਰਲਾ।
ਤੇਰੇ ਬੱਚੇ ਫਿਰਦੇ ਵਿਲਕਦੇ,
ਦੁੱਖ ਪਿੰਡੇ ਤੇ ਰਹੇ ਹੰਢਾ।

ਬਜ਼ੁਰਗ ਧਾਹਾਂ ਮਾਰਦੇ,
ਤੂੰ ਆਪਣੀ ਬਾਂਹ ਫੜਾ।
ਤੂੰ ਹੀ ਸਹਾਰਾ ਜਗਤ ਦਾ,
ਆ ਕੇ ਵਾਰਸ ਬੰਨ੍ਹਾ।

ਸਭ ਆਸਾਂ ਤੇਰੇ ’ਤੇ ਮਾਲਕਾ,
ਕੋਈ ਅਸਚਰਜ ਕੌਤਕ ਵਰਤਾ।
ਮੌੜ ਦੇ ਸਭ ਦਰਿਆ ਤੂੰ,
ਤੂੰ ਹੀ ਵਰਖਾ ਨੂੰ ਠੱਲ ਪਾ।

ਗੁਰੂਆਂ ਪੈਗੰਬਰਾਂ ਦੀ ਧਰਤੀ ਨੂੰ,
ਮੁੜ ਫਿਰ ਸਵਰਗ ਬਣਾ।
ਰਹਿਮ ਕਰੀਂ ਹੁਣ ਮਾਲਕਾ,
ਦੁੱਖ ਰੋਗ ਤੋਂ ਲਈ ਬਚਾਅ।

ਹਰਨਿੰਦਰ ਨੇ ਮਨ ਦੇ ਵਲਵਲੇ,
ਵਾਹਿਗੁਰੂ ਜੀ ਤੁਹਾਨੂੰ ਦਿੱਤੇ ਸੁਣਾ।

**- ਪ੍ਰਿੰਸੀਪਲ ਹਰਨਿੰਦਰ ਕੌਰ**

# ਬੰਦੇ ਦਾ ਮੁੱਲ

ਰੀਵਿਊਕਾਰ : ਬਲਜਿੰਦਰ ਮਾਨ
98150- 18947



ਲੇਖਕ : ਡਾ. ਕੇਵਲ ਰਾਮ ਨਵਾਂ ਸ਼ਹਿਰ ਪ੍ਰਕਾਸ਼ਕ: ਸਹਿਜ ਪਬਲੀਕੇਸ਼ਨ ਸਮਾਣਾ, ਪੰਨੇ: 90, ਮੁੱਲ: 200 ਰੁਪਏ

ਮਿਹਨਤੀ ਅਤੇ ਹਿਮਤੀ ਅਧਿਆਪਕ ਡਾ. ਕੇਵਲ ਰਾਮ ਨਵਾਂ ਸ਼ਹਿਰ ਵਲੋਂ ਨਿਸਵਾਰਥੀ ਭਾਵਨਾ ਨਾਲ ਪਰਉਪਕਾਰੀ ਕਾਰਜਾਂ ਵਿੱਚ ਸ਼ਮੂਲੀਅਤ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਕਿਸੇ ਲੋਭ ਲਾਲਚ ਤੋਂ ਬਗੈਰ ਉਹ ਡਿਗਰੀਆਂ ਨਾਲ ਵੀ ਆਪਣੀ ਝੋਲੀ ਭਰ ਰਿਹਾ ਹੈ। ਸਾਹਿਤ ਅਤੇ ਸਿੱਖਿਆ ਨੂੰ ਸਮਰਪਿਤ ਹੋ ਕੇ ਕਾਰਜ ਕਰਨ ਵਾਲੇ ਇਸ ਸਾਹਿਤਕਾਰ ਨੇ ਸਾਂਝੇ ਕਾਵਿ ਸੰਗ੍ਰਹਿਆਂ ਅਤੇ ਹੋਰ ਪੁਸਤਕਾਂ ਵਿੱਚ ਆਪਣਾ ਸ਼ਾਨਦਾਰ ਯੋਗਦਾਨ ਪਾਇਆ ਹੈ। ਹਥਲੀ ਪੁਸਤਕ 'ਬੰਦੇ ਦਾ ਮੁੱਲ' ਉਸ ਦਾ ਮੌਲਿਕ ਮਿੰਨੀ ਕਹਾਣੀ ਸੰਗ੍ਰਹਿ ਹੈ। ਜਿਸ ਵਿੱਚ 35 ਮਿੰਨੀ ਕਹਾਣੀਆਂ ਦਰਜ ਹਨ। ਜਦੋਂ ਕਹਾਣੀ ਕਲਾ ਦੀ ਗੱਲ ਕਰਦੇ ਹਾਂ ਤਾਂ ਵਿਦਵਾਨ ਲੋਕ ਇੰਝ ਆਖਦੇ ਹਨ ਕਿ ਨਾਵਲ ਕਲਾਵਾ ਭਰਦਾ ਹੈ, ਕਹਾਣੀ ਬੁੱਕ ਹੈ ਅਤੇ ਮਿੰਨੀ ਕਹਾਣੀ ਚੂੰਢੀ ਵੱਢਦੀ ਹੈ। ਇਸ ਸਿਧਾਂਤ ਅਨੁਸਾਰ ਜਿਸ ਮਿੰਨੀ ਕਹਾਣੀ ਵਿੱਚ ਚੂੰਢੀ ਵੱਡੀ ਜਾਂਦੀ ਹੈ ਉਸ ਕਹਾਣੀ ਨੂੰ ਪ੍ਰਵਾਨ ਕੀਤਾ ਜਾਂਦਾ ਹੈ। ਭਾਵ ਇਹ ਕਿ ਮਿੰਨੀ ਕਹਾਣੀ ਦੁਖਦੀ ਰਗ ਤੇ ਉਂਗਲੀ ਰੱਖਦੀ ਹੋਈ ਸਾਨੂੰ ਉਸਦੇ ਹਲ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਭਾਵੇਂ ਮਿੰਨੀ ਕਹਾਣੀ ਦੇ ਆਕਾਰ ਬਾਰੇ ਵੱਖ ਵੱਖ ਵਿਦਵਾਨਾਂ ਦੇ ਭਿੰਨ ਭਿੰਨ ਵਿਚਾਰ ਹਨ ਪਰ ਇਸ ਬਾਰੇ ਇਹ ਕਿਹਾ ਜਾਣਾ ਸੁਭਾਵਿਕ ਲੱਗਦਾ ਹੈ ਕਿ ਮਿੰਨੀ ਕਹਾਣੀ ਵਿੱਚ ਕਥਾ ਰਸ ਦੇ ਨਾਲ ਨਾਲ ਘਟਨਾ ਦਾ ਹੋਣਾ ਵੀ ਜ਼ਰੂਰੀ ਹੈ। ਕਿਸੇ ਇੱਕ ਘਟਨਾ ਤੇ ਲਿਖੀ ਕਹਾਣੀ ਸਾਨੂੰ ਉਸ ਘਟਨਾ ਦੇ ਅੱਗੜ ਪਿੱਛੜ ਵਾਪਰ ਰਹੇ ਵਰਤਾਰਿਆਂ ਬਾਰੇ ਗਿਆਨ ਕਰਵਾ ਦੇਵੇ ਉਸਨੂੰ ਅਸੀਂ ਸਫ਼ਲ ਮਿਨੀ ਕਹਾਣੀ ਮੰਨ ਸਕਦੇ ਹਾਂ।

ਅਜਿਹੇ ਗੁਣਾਂ ਨਾਲ ਭਰਪੂਰ ਮਿੰਨੀ ਕਹਾਣੀਆਂ ਦਾ ਇਹ ਸੰਗ੍ਰਹਿ ਡਾਕਟਰ ਕੇਵਲ ਰਾਮ ਨਵਾਂ ਸ਼ਹਿਰ ਨੂੰ ਮਿੰਨੀ ਕਹਾਣੀ ਦੇ ਸਥਾਪਿਤ ਲੇਖਕਾਂ ਦੀ ਕਤਾਰ ਵਿੱਚ ਖੜੇ ਹੋਣ ਦਾ ਬਲ ਬਖਸ਼ਦਾ ਹੈ। ਭਾਵੇਂ ਕੁਝ ਕਹਾਣੀਆਂ ਅਜੇ ਕਥਾ ਰਸ ਨਾਲ ਭਰਪੂਰ ਹੋਣੀਆਂ ਹਨ ਪ੍ਰੰਤੂ ਕੁਝ ਕਹਾਣੀਆਂ ਇੰਨੀਆ ਪਾਏਦਾਰ ਹਨ ਕਿ ਉਹ ਮੁਕਾਬਲਿਆਂ ਵਿੱਚ ਇਨਾਮ ਜੇਤੂ ਵੀ ਬਣ



ਸਕਦੀਆਂ ਹਨ। ਡਾ. ਕੇਵਲ ਰਾਮ ਨੇ ਆਪਣੇ ਜੀਵਨ ਦੇ ਤਜਰਬਿਆਂ ਨੂੰ ਇਹਨਾਂ ਕਹਾਣੀਆਂ ਵਿੱਚ ਭਰਨ ਦਾ ਸਫ਼ਲ ਯਤਨ ਕੀਤਾ ਹੈ। ਖਾਸ ਕਰ ਸਮਾਜਿਕ, ਰਾਜਸੀ, ਆਰਥਿਕ ਅਤੇ ਧਾਰਮਿਕ ਮਸਲਿਆਂ ਨੂੰ ਇਹਨਾਂ ਕਹਾਣੀਆਂ ਵਿੱਚ ਉਭਾਰਿਆ ਗਿਆ ਹੈ। ਇਹਨਾਂ ਵਿੱਚੋਂ ਸਮਾਜਿਕ ਮਨੋਵਿਗਿਆਨ ਵੀ ਉਪਜਦਾ ਹੈ। ਖਾਸ ਕਰਕੇ ਅਧਿਆਪਕ ਵਰਗ ਦੇ ਵਰਤਾਰਿਆਂ ਨੂੰ ਕੁਝ ਕਹਾਣੀਆਂ ਵਿੱਚ ਚਿਤਰਿਆ ਗਿਆ ਹੈ। ਭਰਿਸ਼ਟਾਚਾਰੀ ਦੇ ਆਲਮ ਵਿੱਚ ਇੱਕ ਇਮਾਨਦਾਰ ਨੌਕਰੀ ਪੇਸ਼ਾ ਵਿਅਕਤੀ ਦਾ ਜੀਣਾ ਕਿਵੇਂ ਮੁਹਾਲ ਹੋ ਜਾਂਦਾ ਹੈ? ਉਹ ਵੀ ਇਹਨਾਂ ਕਹਾਣੀਆਂ ਵਿੱਚ ਪ੍ਰਗਟ ਹੋਇਆ ਹੈ। ਲੇਖਕ ਨੂੰ ਨਵੀਂ ਪੀੜੀ ਦੀ ਚਿੰਤਾ ਹੈ ਜੋ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣਾ ਆਪ ਅਤੇ ਘਰ ਬਾਰ ਸਭ ਕੁਝ ਤਬਾਹ ਕਰੀ ਜਾ ਰਹੀ ਹੈ। ਇਸੇ ਤਰ੍ਹਾਂ ਸਰਕਾਰ ਵਿੱਚ ਫੈਲੇ ਭਰਿਸ਼ਟਾਚਾਰ ਅਤੇ ਲੋਕਾਂ ਨੂੰ ਲਾਰਿਆਂ ਨਾਲ ਮਾਰਨ ਦੀ ਨੀਤੀ ਦੀ ਲੇਖਕ ਨੂੰ ਚਿੰਤਾ ਹੈ। ਇਹਨਾਂ ਚਿੰਤਾਵਾਂ ਨੂੰ ਪ੍ਰਗਟ ਕਰਦੀਆਂ ਇਹ ਕਹਾਣੀਆਂ ਸਾਨੂੰ ਚਿੰਤਨ ਕਰਨ ਦੀ ਨਸੀਹਤ ਵੀ ਕਰਦੀਆਂ ਹਨ। ਸਧਾਰਨ ਭਾਸ਼ਾ ਵਿੱਚ ਸਿਰਜੀ ਇਹ ਪੁਸਤਕ ਹਰ ਪਾਠਕ ਦੀ ਸਮਝ ਵਿੱਚ ਆਉਣ ਵਾਲੀ ਹੈ। ਉੱਘੇ ਅਲੋਚਕ ਡਾ. ਜੇ.ਬੀ. ਸੇਖੋਂ ਅਨੁਸਾਰ 'ਉਸ ਦੀ ਕਥਾ ਦ੍ਰਿਸ਼ਟੀ ਆਪਣੇ ਆਲੇ ਦੁਆਲੇ ਦੇ ਵਰਤ ਵਰਤਾਰਿਆਂ ਵਿੱਚ ਫੈਲੀਆਂ ਬੇਤਰਤੀਬੀਆਂ ਨੂੰ ਸਮਝਣ ਤੇ ਇਹਨਾਂ ਦੇ ਹੱਲ ਲਈ ਬਿਹਬਲ ਹੈ। ਇਹਨਾਂ ਰਚਨਾਵਾਂ ਵਿੱਚ ਲੇਖਕ ਦੇ ਸਮਾਜਿਕ ਫਿਕਰ ਕਿਤੇ ਚਿੰਤਾ ਦੇ ਰੂਪ ਵਿੱਚ ਕਿਤੇ ਚਿੰਤਨ ਦੇ ਰੂਪ ਵਿੱਚ ਉਜਾਗਰ ਹੋਏ ਹਨ'।

ਔਰਤਾਂ ਪ੍ਰਤੀ ਸਮਾਜਿਕ ਨਜ਼ਰੀਏ ਨੂੰ ਤਬਦੀਲ ਕਰਨ ਦਾ ਸੁਨੇਹਾ ਦਿੰਦੀਆਂ ਕਹਾਣੀਆਂ ਮੋੜਾ, ਬਸ ਹੋਰ ਨੀ, ਅਸਲੀ ਥਾਂ, ਰੰਗ ਦਾ ਮੁੱਲ, ਕਾਬਲੇ ਗੌਰ , ਕਹਾਣੀਆਂ ਹਨ। ਵਿਦੇਸ਼ੀ ਚਾਹਤ ਨਾਲ ਬਰਬਾਦ ਅਤੇ ਨਸ਼ਿਆਂ ਦੀ ਦਲਦਲ ਵਿੱਚ ਫਸ ਰਹੇ ਲੋਕਾਂ ਦੀ ਕਹਾਣੀ ਡਿਪੋਰਟ ਅਤੇ ਸੁਪਨਿਆਂ ਦੀ ਪਰਵਾਜ਼ ਹੈ। ਮਾਪਿਆਂ ਵੱਲੋਂ ਬਾਲ ਮਾਨਸਿਕਤਾ ਦਾ ਅਧਿਐਨ ਕੀਤੇ ਬਗੈਰ ਉਹਨਾਂ ਨੂੰ ਡਾਕਟਰੀ ਵਰਗੇ ਵਿਸ਼ੇ ਪੜ੍ਹਾਉਣ ਨਾਲ ਵਿਦਿਆਰਥੀਆਂ ਦੀਆਂ ਹੋ ਰਹੀਆਂ ਮੌਤਾਂ ਅਤੇ ਮਾਨਸਿਕ ਪਰੇਸ਼ਾਨੀਆਂ ਨੂੰ ਕਹਾਣੀ ਅਧੂਰੇ ਸੁਪਨੇ ਵਿੱਚ ਪੇਸ਼ ਕੀਤਾ ਗਿਆ ਹੈ। ਪੁਸਤਕ ਵਿੱਚ ਦਰਜ ਮਿੰਨੀ ਕਹਾਣੀਆਂ ਪੁਖਤਾ ਪ੍ਰਬੰਧ, ਸ਼ਬਦਾਂ ਦਾ ਜਾਦੂ, ਗੁਡ ਬਾਏ ਲਾਈਫ, ਮਿਸ ਯੂ ਯਾਰ, ਡਬੋਲੀਏ ਦੀ ਮੌਤ, ਅਸਲੀ ਚਿਹਰਾ, ਆਜ਼ਾਦੀ ਦੀ ਚਿਣਗ, ਦਰਵੇਸ਼ ਬੰਦਾ, ਤਲਾਕ, ਖੁਸ਼ੀਆਂ, ਕਰਜਾਈ, ਅਧੂਰੇ ਸੁਪਨੇ, ਅੰਤਿਮ ਸਸਕਾਰ, ਕੋਰਟ ਕੇਸ, ਭਵਿੱਖ ਅਤੇ ਸਮੇਂ ਦਾ ਚੱਕਰਵਿਊ ਸਮਾਜਿਕ ਸਰੋਕਾਰਾਂ ਨਾਲ ਸਬੰਧਤ ਸਮੱਸਿਆਵਾਂ ਨੂੰ ਪੇਸ਼ ਕਰਦੀਆਂ ਹੋਈਆਂ ਇਹਨਾਂ ਦੇ ਹੱਲ ਵੀ ਸੁਝਾ ਰਹੀਆਂ ਹਨ। ਇਸ ਪਲੇਠੇ ਮਿੰਨੀ ਕਹਾਣੀ ਸੰਗ੍ਰਹਿ ਬਾਰੇ ਇੰਝ ਕਿਹਾ ਜਾ ਸਕਦਾ ਹੈ ਕਿ ਡਾ. ਕੇਵਲ ਰਾਮ ਨਵਾਂ ਸ਼ਹਿਰ ਕੋਲ ਸਾਹਿਤ ਸਿਰਜਣਾ ਦੀਆਂ ਅਸੀਮ ਸੰਭਾਵਨਾਵਾਂ ਪਈਆਂ ਹਨ। ਜਿਨ੍ਹਾਂ ਦੀ ਬਦੌਲਤ ਇਸ ਤੋਂ ਵੀ ਵਧੀਆ ਕਹਾਣੀਆਂ ਦੀ ਭਵਿੱਖ ਵਿੱਚ ਸਿਰਜਣਾ ਕਰੇਗਾ।

ਸੰਪਾਦਕ : ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)



# ਡਾ. ਗੁਰਚਰਨ ਕੌਰ ਕੋਚਰ ਦੀਆਂ ਦੋ .ਗਜ਼ਲਾਂ



## .ਗਜ਼ਲ

ਜ਼ਿੰਦਗੀ ਨੇ ਜਦ ਵੀ ਮੈਨੂੰ 'ਵਾਜ਼ ਮਾਰੀ ਤੁਰ ਪਈ।
ਲੈ ਕੇ ਅਪਣੇ ਨਾਲ ਫ਼ਰਜ਼ਾਂ ਦੀ ਪਟਾਰੀ ਤੁਰ ਪਈ।

ਤੂੰ ਚੁਕਾਈ .ਗਮ, ਉਦਾਸੀ, ਹਿਜਰ ਤੇ ਪੀੜਾਂ ਦੀ ਪੰਡ,
ਵਾਂਗ ਤਿਨਕੇ ਚੁੱਕ ਲਈ ਗੱਠੜੀ ਇਹ ਭਾਰੀ ਤੁਰ ਪਈ।

ਜ਼ਿੰਦਗੀ ਮੈਂ ਨਾਲ ਤੇਰੇ ਕਿਉਂ ਨਾ ਤੁਰਦੀ ਹਰ ਸਮੇਂ?
ਤੇਰੇ ਵੀ ਅਹਿਸਾਨ ਨੇ ਮੇਰੇ 'ਤੇ ਭਾਰੀ ਤੁਰ ਪਈ।

ਵੇਖ ਕੇ ਅਧਨੰਗੀਆਂ ਦਾ ਨਾਚ ਮੈਂ ਹਾਂ ਸੋਚਦੀ,
ਕਿਉਂ ਗਲੈਮਰ ਵੱਲ ਆਕਰਸ਼ਕ ਹੋ ਕੇ ਨਾਰੀ ਤੁਰ ਪਈ।

ਉਹ ਗਿਆ ਪਰਦੇਸ, ਫਿਰ ਨਾ ਪਰਤਿਆ ਉਹ ਉਮਰ ਭਰ,
ਪੁੱਤ ਬਿਨਾਂ ਮਾਂ ਤੜਫ਼ਦੀ ਜਗ ਤੋਂ ਵਿਚਾਰੀ ਤੁਰ ਪਈ।

ਸੱਚ ਦਾ ਤਾਂ ਸਾਥ ਦਿੱਤਾ ਇੱਕੋ ਇਕ ਸੁਕਰਾਤ ਨੇ,
ਝੂਠ ਪਿੱਛੇ ਭੇਡਾਂ ਵਾਂਗੂ ਭੀੜ ਸਾਰੀ ਤੁਰ ਪਈ।

ਹਾਰ ਨਾ ਜਾਵੇ ਇਹ ਕਿਧਰੇ ਮੌਤ ਵਾਲੇ ਖੇਲ ਤੋਂ,
ਜ਼ਿੰਦਗੀ ਵੀ ਜੀਣ ਦੀ ਕਰ ਕੇ ਤਿਆਰੀ ਤੁਰ ਪਈ।

ਉਹ ਕਦੇ ਆਉਂਦਾ ਨਹੀਂ ਫਿਰ ਮੈਂ ਕਿਉਂ ਜਾਵਾਂ ਉਸ ਦੇ ਵੱਲ,
ਇਸ ਤਰ੍ਹਾਂ ਦੀ ਸੋਚ 'ਕੋਚਰ' ਮੈਂ ਨਕਾਰੀ ਤੁਰ ਪਈ।

****

## .ਗਜ਼ਲ

ਤੂੰ ਨਹੀਂ ਬਣਿਆਂ ਮੁਸੀਬਤ ਵਿੱਚ ਸਹਾਰਾ ਵੇਖ ਲੈ।
ਕਰ ਲਿਆ ਏ ਫਿਰ ਵੀ ਮੈਂ ਆਪਣਾ ਗੁਜ਼ਾਰਾ ਵੇਖ ਲੈ।

ਇਕ ਸਿਤਾਰਾ ਹੋ ਗਿਆ ਓਝਲ ਤਾਂ ਕਿਉਂ ਤੂੰ .ਗਮ ਕਰੇਂ ?
ਚਮਕਦੈ ਹੁਣ ਵੀ ਗਗਨ ਸਾਰੇ ਦਾ ਸਾਰਾ ਵੇਖ ਲੈ।

ਸਹਿ ਲਿਆ ਨਾਰੀ ਨੇ ਹੁਣ ਤਕ ਸਹਿ ਲਿਆ ਤੇਰਾ ਸਿਤਮ,
ਹੁਣ ਨਹੀਂ ਉਸ ਨੇ ਸਿਤਮ ਕਰਨਾ ਗਵਾਰਾ ਵੇਖ ਲੈ।

ਲੁੱਟ ਰਿਹਾ ਕਮਜ਼ੋਰ ਨੂੰ ਬਲਵਾਨ ਹੀ ਹੁਣ ਹਰ ਜਗ੍ਹਾ,
ਤੇ ਚਲੇ ਨਾ ਨਿਰਧਨਾਂ ਦਾ ਕੋਈ ਚਾਰਾ ਵੇਖ ਲੈ।

ਜਿਸ ਨੂੰ ਸੀ ਜਨਤਾ ਨੇ ਚੁਣਿਆਂ ਤੇ ਬਿਠਾਇਆ ਤਖਤ 'ਤੇ,
ਓਹੀ ਹੁਣ ਲੋਕਾਂ ਤੋਂ ਕਰਦਾ ਹੈ ਕਿਨਾਰਾ ਵੇਖ ਲੈ।

ਹਰ ਗਲੀ, ਹਰ ਮੋੜ 'ਤੇ, ਹਰ ਪਿੰਡ ਤੇ ਹਰ ਸ਼ਹਿਰ ਵਿੱਚ,
ਰਿਸ਼ਵਤਾਂ, ਬੇਈਮਾਨੀਆਂ ਦਾ ਹੈ ਪਸਾਰਾ ਵੇਖ ਲੈ।

ਝੂਠ ਦੀ ਗਾਥਾ ਨੂੰ ਸੁਣਦੇ ਨੇ ਮਜ਼ੇ ਲੈ-ਲੈ ਕੇ ਸਭ,
ਸੱਚ ਨੂੰ ਮਿਲਦਾ ਨਾ ਕਿਧਰੋਂ ਵੀ ਹੁੰਗਾਰਾ ਵੇਖ ਲੈ।

ਪੈ ਗਈ ਹੈ ਸਾਂਝ 'ਕੋਚਰ' ਹਿਜਰ ਸੰਗ ਕੁਝ ਇਸ ਤਰ੍ਹਾਂ,
ਵਸਲ ਵਾਂਗੂ ਹਿਜਰ ਵੀ ਲਗਦਾ ਹੈ ਪਿਆਰਾ ਵੇਖ ਲੈ।

****

# ਕਵਿਤਾ



ਰੋਹਿਤ ਸਿੱਧੂ ‘ਅਲਗ’

## ਸਾਕ...

ਉਹ ਮੈਨੂੰ ਡਰਦੀ ਡਰਦੀ ਆਖਦੀ,
ਘਰ ਗੱਲ ਤੁਰੀ ਮੇਰੇ ਸਾਕ ਦੀ।
ਕਿਸੇ ਹੋਰ ਦੀ ਮੈਂ ਹੋ ਸਕਦੀ ਨਹੀਂ,
ਬਿਨ ਤੇਰੇ ਬਣ ਜਾਂਗੀ ਢੇਰੀ ਰਾਖ ਦੀ।
ਤੇਰੇ ਨਾਲ ਹੀ ਪੈਣਾ ਮੁੱਲ ਮੇਰਾ,
ਕਦਰ ਪੈਣੀ ਨੀ ਕੱਲੀ ਮੇਰੀ ਲਾਸ਼ ਦੀ।
ਉਹ ਮੈਨੂੰ ਡਰ ਦੀ ਡਰਦੀ ਆਖਦੀ...

ਕੋਈ ਸਾਕ ਮੇਰਾ ਜੋ ਲੈ ਗਿਆ,
ਫਿਰ ਹੱਥ ਪੱਲੇ ਕੁਝ ਰਹਿਣਾ ਨਹੀਂ।
ਕੱਲਾ ਮੱਥਾ ਮਾਰੇਗਾ ਕੰਧਾਂ ਨੂੰ,
ਮੁੱਲ ਤੇਰਾ ਵੀ ਕਿਤੇ ਫੇਰ ਪੈਣਾ ਨਹੀਂ।
ਮੈਂ ਵੀ ਉਂਝ ਲੁੱਟੀ-ਪੁੱਟੀ ਜਾਣਾ ਏ,
ਜਿਵੇਂ ਹੱਥੋਂ ਖੁੰਝੀ ਬਾਜੀ ਤਾਸ਼ ਦੀ।
ਉਹ ਮੈਨੂੰ ਡਰਦੀ ਡਰਦੀ ਆਖਦੀ...

ਜੀਣ ਮਰਨ ਹੁਣ ਸਾਂਝਾ ਹੈ ਸਾਡਾ,
ਮੈਨੂੰ ਦੁਨੀਆ ਨਾਲ ਤੇਰੇ ਪਛਾਣ ਦੀ।
ਮੈਂ ਤੁਪਕਾ-ਤੁਪਕਾ ਹੋ ਘੁਲ ਜਾਣਾ,
ਨਹੀਂ ਬਲਣਾ ਬਣ ਛਮਾਂ ਕਿਸੇ ਹੋਰ ਦੀ।
ਤੇਰੇ ਪਿਆਰ ਨੇ ਮੈਨੂੰ ਇੰਝ ਸਵਾਰ ਦਿੱਤਾ,
ਜਿਵੇਂ ਘੜੀ ਕੋਈ ਮੂਰਤ ਹੋਏ ਤਰਾਸ਼ਤੀ।
ਉਹ ਮੈਨੂੰ ਡਰਦੀ ਡਰਦੀ ਆਖਦੀ...

ਕੋਈ ਪੀੜ ਨਾ ਜਾਣੇ ਟੁੱਟੇ ਦਿਲ ਦੀ,
ਬਸ ਰਾਹ ਪਿਆ ਕੋਈ ਵਿਰਲਾ ਜਾਣਦਾ।
ਡੁਬ ਇਸ਼ਕ ਸਮੁੰਦਰ ਹੁੰਦੇ ਪਾਰ ਨੇ,
ਬੜੀ ਔਖੀ ਪੈੜ ਹੈ ਮਸਾਣ ਦੀ।
ਟੁੱਟੇ ਦਿਲਾਂ ਚ ਭਾਂਬੜ ਮੱਚਦੇ ਰਹਿਣਗੇ,
ਜਿਵੇਂ ਕ੍ਰਾਂਤੀਕਾਰੀ ਕਵਿਤਾ ਕੋਈ ਪਾਸ਼ ਦੀ।
ਉਹ ਮੈਨੂੰ ਡਰ ਦੀ ਡਰਦੀ ਆਖਦੀ...

ਹੀਰ ਵਾਂਗ ਚੂਰੀ ਕੁੱਟੀ ਤੇਰੇ ਲਈ,
ਸੋਹਣੀ ਬਾਣ ਕੱਚਿਆਂ ਤੇ ਤਰ ਲਿਆ।
ਲੈਲਾ ਬਣ ਦੁੱਖ ਸਹੇ ਕਈ ਵਾਰ ਮੈਂ,
ਸਸੀ ਬਣ ਮਾਰੂਥਲਾਂ ਚ ਵੀ ਸੜ ਲਿਆ।
ਹੁਣ ਬਸ ਤੇਰੀ ਬਣ ਰਹਿਣਾ ਚਾਹੁੰਦੀ ਹਾਂ,
ਹੋ ਇੱਕ-ਮਿਕ ਬਣ ਜੋੜੀ ਜਿਵੇਂ ਨੌਂ-ਮਾਸ ਦੀ।
ਉਹ ਮੈਨੂੰ ਡਰਦੀ ਡਰਦੀ ਆਖਦੀ...

‘ਅਲਗ’ ਕੀ ਕਹਿੰਦਾ ਹੈ ਸੁਣ...
ਹੱਥ ਤੇਰਾ ਜੋ ਫੜ ਲਿਆ,
ਹੁਣ ਪਿੱਛੇ ਪੈਰ ਮੈਂ ਪੁੱਟਦਾ ਨਹੀਂ।
ਨਾ ਘਬਰਾ ਤੂੰ ਜਾਨੇ ਮੇਰੀਏ,
ਤੈਨੂੰ ਕੋਈ ਹੋਰ ਲਿਜਾ ਸਕਦਾ ਨਹੀਂ।
ਹਿੱਕ ਤਾਣ ਸਾਰੇ ਜਗ ਨੂੰ ਆਖ ਦੇਵੀਂ,
ਤੇਰਾ ਅਲਗ ਹੀ ਸਾਕ ਲੈਕੇ ਜਾਊਗਾ।
ਦੇਖੀਂ ਫੇਰ ਰਹਿ ਜਾਣੀ ਏ ਦੁਨੀਆ ਝਾਕਦੀ।
ਰਹਿ ਜਾਣੀ ਫੇਰ ਦੁਨੀਆਂ ਸਾਰੀ ਝਾਕਦੀ।

# ਪੰਜਾਬੀ ਅਤੇ ਸੰਸਕ੍ਰਿਤ-1



**ਨਾਜਰ ਸਿੰਘ**

**ਪੰਜਾਬੀ ਅਤੇ ਸੰਸਕ੍ਰਿਤ ਬੋਲਣ ਵਾਲਿਆਂ ਦੀਆਂ ਨਸਲਾਂ :** ਪੰਜਾਬੀ ਬੋਲੀ ਦਾ ਸਬੰਧ ਹੜੱਪਾ ਕਲਚਰ ਨਾਲ ਹੈ, ਜਿਹੜਾ ਕਿ ਸਿੰਧ ਘਾਟੀ ਦੀ ਸੱਭਿਅਤਾ ਨਾਲ ਸਬੰਧਤ ਹੈ। ਹੜੱਪਣ ਕਲਚਰ ਦੀਆਂ ਹੱਦਾਂ ਪਾਕਿਸਤਾਨ ਅਤੇ ਭਾਰਤ ਵਿੱਚ ਢੋਲਵੀਰਾ (ਗੁਜਰਾਤ) ਤੱਕ ਫੈਲੀਆਂ ਹੋਈਆਂ ਹਨ ਜਿਸ ਦਾ ਖੇਤਰਫਲ 1.5 ਮਿਲੀਅਨ ਕਿ.ਮੀ. ਹੈ। ਇੰਨੀ ਵਿਸ਼ਾਲ ਖੇਤਰ ਵਿੱਚ ਫੈਲੀ ਹੋਈ ਸੱਭਿਅਤਾ ਨੂੰ ਅੱਖਿਓਂ ਉਹਲੇ ਕਰਨਾ ਇਤਿਹਾਸ ਨਾਲ ਨਿਆਂ ਨਹੀਂ ਹੈ। ਹੜੱਪਣ ਲੋਕਾਂ ਨੇ ਸੰਸਾਰ ਵਿੱਚ ਸਭ ਤੋਂ ਪਹਿਲਾਂ ਇੱਕ ਲਿੱਪੀ ਦਾ ਵਿਕਾਸ ਕੀਤਾ, ਜਿਹੜੀ ਧੁਨੀਆਤਮਕ ਅਤੇ Ideographic ਹੈ ਅਤੇ ਹੜੱਪਾ ਲਿੱਪੀ ਅੱਜ ਤੱਕ ਸੰਸਾਰ ਵਿੱਚ ਪੜ੍ਹੀ ਨਹੀਂ ਗਈ। ਅਜਿਹਾ G.R. Hunter ਦਾ ਵਿਚਾਰ ਹੈ ਕਿ ਉਸ ਦੀ ਕਿਤਾਬ ਹੜੱਪਾ ਅਤੇ ਮੋਇੰਜਦੜੋ ਲਿੱਪੀ (Harappa and Mohenjodaro script and it's Connection with Scripts) ਤੇ 1929 ਵਿੱਚ ਪੀਐੱਚ.ਡੀ. ਕੀਤੀ। ਉਸਦਾ ਮੰਨਣਾ ਹੈ ਕਿ ਹੜੱਪਣ ਦੀ ਸੀਲ ਸੂਸਾ ਦੇ ਇਲਾਕੇ 'ਚੋਂ ਮਿਲੀ ਹੈ ਜੋ ਕਿ ਸੁਮੇਰੀਆ 2750 B.C. ਦੀ ਹੈ। ਇੱਕ ਹੋਰ ਸੀਲ ਜਮਦਾਤ ਨਾਸਰ ਤੋਂ ਮਿਲੀ ਹੈ, ਜਿਹੜੀ ਕਿ ਸੁਮੇਰੀਅਨ ਸੱਭਿਅਤਾ ਨਾਲ ਸਬੰਧਤ ਹੈ, ਜੋ ਕਿ ਅੱਜ ਕੱਲ੍ਹ ਇਰਾਕ 'ਚ ਹੈ) ਜਿਸ ਦਾ ਸਮਾਂ 4000 B.C. ਹੈ। ਸੁਮੇਰੀਅਨ ਲਿੱਪੀ ਦੇ ਚਿੰਨ੍ਹਾਂ ਦਾ ਮਿਲਣਾ ਦੱਸਦਾ ਹੈ ਕਿ ਹੜੱਪਾ ਲਿੱਪੀ ਤੋਂ ਉਹਨਾਂ ਨੇ ਕੁਝ ਚਿੰਨ੍ਹ ਉਧਾਰ ਲਏ ਹਨ। ਇਸ ਤਰ੍ਹਾਂ ਸਿੱਟਾ ਨਿਕਲਦਾ ਹੈ ਕਿ ਸੰਸਾਰ ਨੂੰ ਪਹਿਲੀ ਲਿੱਪੀ ਦੇਣ ਵਾਲੇ ਲੋਕ ਹੜੱਪਣ ਲੋਕ ਹੀ ਹਨ। ਇਸ ਸੱਭਿਅਤਾ ਨੂੰ ਬਾਹਰੋਂ ਆਏ ਆਰੀਆ ਨਸਲ ਨੇ ਅਤੇ ਦ੍ਰਾਵਿੜ ਨਸਲ ਨੇ ਹੜੱਪਾ ਸੱਭਿਅਤਾ ਨੂੰ ਤਬਾਹ ਕੀਤਾ। ਇਸ ਦਾ ਸਬੂਤ ਹੈ ਕਿ ਬਲੋਚਿਸਤਾਨ 'ਚ ਮਿਲੀ ਬਰੂਹੀ ਬੋਲੀ ਅਤੇ ਇੱਕ ਪੱਟੀ ਜਿਹੜੀ ਕਿ Central Asia ਤੱਕ ਜਾਂਦੀ ਹੈ, ਵਿੱਚ ਮਿਲਦਾ ਹੈ। ਇਸ ਨੂੰ ਤੁਸੀਂ ਬਰੂਹੀ ਭਾਸ਼ਾ ਦੀ ਕਿਤਾਬ ਵਿੱਚ ਦੇਖ ਸਕਦੇ ਹੋ। **Grierson** ਕਿਤਾਬ **Linguistic Survey of India** ਅਨੁਸਾਰ ਦ੍ਰਾਵਿੜੀਅਨ ਦੂਰ ਦੱਖਣ ਦੇ ਰਹਿਣ ਵਾਲੇ ਹਨ। ਇਹ ਇੱਥੇ ਦੇ ਹੀ ਵਸਨੀਕ ਹਨ। ਕਈ ਸੱਜਣਾਂ ਨੇ ਕਿਤਾਬਾਂ ਵਿੱਚ ਜ਼ਿਕਰ ਕੀਤਾ ਹੈ ਕਿ ਇਹ ਹੜੱਪਣ ਸੱਭਿਆਚਾਰ ਦੇ ਸਿਰਜਣਹਾਰੇ ਸਨ । ਜਦ ਅਸੀ ਦਰਾਵਿੜੀਅਨ ਅਤੇ ਹੜੱਪੇ ਦੀ ਪੰਜਾਬੀ ਨਾਲ ਤੁਲਨਾ ਕਰਦੇ ਹਾਂ ਅਤੇ ਇਹਨਾਂ ਵਿੱਚ ਭਾਸ਼ਾਈ ਤੌਰ 'ਤੇ ਕੁਝ ਵੀ ਸਾਂਝਾ ਨਹੀਂ ਹੈ। ਜਿਵੇਂ ਕਿ:

**ਮਲਿਆਲਮ** ਵਿੱਚ ਪ ਧਾਤੂ ਤੋਂ ਬਣੇ ਰੂਪ : **ਪੋ - ਪੋਏ - ਪੋਇਮ**

**ਪੰਜਾਬੀ** ਵਿੱਚ ਇਹ ਰੂਪ ਇਸ ਤਰ੍ਹਾਂ ਹਨ :

**ਗਿਆ/ਗਈ,**

**ਜਾਂਦਾ/ਜਾਂਦੀ,**

**ਜਾਵੇਗਾ/ਜਾਵੇਗੀ ਹੈ**

ਪੋ ਦਾ ਅਰਥ ਜਾ (Go) ਹੈ। **An Essay on Indian Antiqui-ties; Historic and Numismatic** ਦੀ ਭੂਮਿਕਾ ਵਿੱਚ ਲਿਖਿਆ ਹੈ ਕਿ ਆਰੀਅਨਾਂ ਨੇ ਜਦੋਂ ਭਾਰਤ 'ਤੇ ਹਮਲਾ ਕੀਤਾ ਅਤੇ ਦਾਖ਼ਲ ਹੋਏ ਤਾਂ ਇਹਨਾਂ ਦੀ ਗਿਣਤੀ ਜੱਦੀ ਲੋਕਾਂ ਦੇ ਮੁਕਾਬਲੇ ਬਹੁਤ ਘੱਟ ਸੀ। ਇਨ੍ਹਾਂ ਆਰੀਆ ਲੋਕਾਂ ਦੀ ਬੋਲੀ ਵੈਦਿਕ ਤੋਂ ਸੰਸਕ੍ਰਿਤ ਅਖਵਾਈ। ਪਾਨਿਨੀ ਦੀ ਪੁਸਤਕ **ਅਸ਼ਟਅਧਿਆਇ** ਅਨੁਸਾਰ ਪਾਨਿਨੀ ਤੋਂ ਪਹਿਲਾਂ 60 ਗਰੈਮੇਰੀਅਨ ਹੋਏ ਸਨ। ਆਰੀਅਨ ਲੋਕਾਂ ਨੇ ਇੱਥੇ ਦੇ ਲੋਕਾਂ ਤੋਂ ਰਾਜ ਖੋਹ ਲਿਆ ਅਤੇ ਆਪਣੀਆ ਨੀਤੀਆਂ ਲਾਗੂ ਕੀਤੀਆਂ। ਇਹਨਾਂ ਦਾ ਮਾਧਿਅਮ ਸੰਸਕ੍ਰਿਤ ਨੂੰ ਬਣਾਇਆ ਅਤੇ ਸੰਸਕ੍ਰਿਤ ਵਿੱਚ ਉੱਚ ਪੱਧਰ ਦੀ ਸਾਹਿਤ ਰਚਨਾ ਵੀ ਕੀਤੀ। ਡਾ. ਸ਼ਰਨ ਦੀ ਕਿਤਾਬ **"Punjab Tribe and Coins"** ਅਨੁਸਾਰ ਸਭਤੋਂ ਪਿੱਛੋਂ ਆਰੀਆ ਨੇ ਦ੍ਰਾਵਿੜਾਂ 'ਤੇ ਜਿੱਤ ਹਾਸਲ ਕੀਤੀ। ਆਰੀਅਨਾਂ ਨੇ ਦ੍ਰਾਵਿੜਾਂ ਨੂੰ ਹਰਾਉਣ ਲਈ Mugoloid ਲੋਕਾਂ

ਦਾ ਸਹਾਰਾ ਲਿਆ, ਜੋ ਕਿ ਦ੍ਰਾਵਿੜਾਂ ਨਾਲੋਂ ਅੱਡ ਨਸਲ ਦੇ ਸਨ। ਜਿਵੇਂ ਉਹਨਾਂ ਨੂੰ ਵਾਨਰ ਆਦਿ ਨਾਂ ਦੇਣਾ ਤਾਂ ਕਿ ਆਰੀਆ ਨਾਲ ਮੁਗਲਾਂ ਦਾ ਫਰਕ ਅੱਡ ਨਜ਼ਰ ਆਵੇ।

ਸੰਸਕ੍ਰਿਤ ਅਤੇ ਪੰਜਾਬੀ ਦੇ ਰੂਪਾਂ ਵਿੱਚ ਭਿੰਨਤਾਂ ਜਾਂ ਫਰਕ ਹੈ:

ਜਿਵੇਂ ਸੰਸਕ੍ਰਿਤ ਵਿੱਚ : ਗਸ਼ਤਹ – ਗਸ਼ਤਿ ਗਮਸ਼ੇਅਤਿ

ਪੰਜਾਬੀ ਵਿੱਚ ਇਸ ਦਾ ਉਲੱਥਾ ਇਸ ਪ੍ਰਕਾਰ ਹੈ :

**ਗਿਆ/ਗਈ,**

**ਜਾਂਦਾ/ਜਾਂਦੀ,**

**ਜਾਵੇਗਾ/ਜਾਵੇਗੀ।**

ਸੋ **ਦ੍ਰਾਵਿੜਅਨ** ਅਤੇ **ਸੰਸਕ੍ਰਿਤ** ਵਿੱਚ **Single Gender** ਕ੍ਰਿਆ ਹੈ ਜਦ ਕਿ **ਪੰਜਾਬੀ ’ਚ Double Gender** ਕ੍ਰਿਆ ਹੈ।

ਨਸਲੀ ਤੌਰ ’ਤੇ ਪੰਜਾਬੀ, Viceroy Lord Curzon ਅਨੁਸਾਰ ਸਭ ਤੋਂ ਪਹਿਲਾਂ ਆਰੀਆ ਦੀ ਮੁੱਠਭੇੜ ਸ਼ੂਦਰ ਕਬੀਲੇ ਨਾਲ ਹੋਈ। ਆਰੀਆ ਨੇ ਸ਼ੂਦਰ ਕਬੀਲੇ ਨੂੰ ਹਰਾ ਦਿੱਤਾ ਅਤੇ ਬਾਕੀ ਦੇ ਰਹਿੰਦੇ ਹੋਰ ਕਬੀਲਿਆਂ ਨੂੰ ਵੀ ਹਰਾ ਦਿੱਤਾ। ਆਰੀਆ ਨੇ ਇਹਨਾਂ ਸਾਰਿਆ ਕਬੀਲਿਆ ਦਾ ਨਾਂ ਸੂਦਰ ਰੱਖਿਆ। ਜੇਤੂ ਹੋਣ ਕਾਰਣ ਇੱਥੇ ਦੇ ਵਾਸੀ ਉਹ ਇੱਕ ਆਰੀਆ ਦੀ ਪਰਜਾ ਬਣ ਗਈ। ਆਰੀਆ ਨੇ ਆਪਣੀ ਭਾਸ਼ਾ ਇੱਥੇ ਦੇ ਲੋਕਾਂ ਤੇ ਠੋਸ ਦਿੱਤੀ। ਜਿਵੇਂ ਵਿਦੇਸ਼ੀ ਸ਼ਾਸਕ ਕਰਿਆ ਕਰਦੇ ਸਨ। ਲੋਕਾਂ ਦਾ ਹਰ ਪੱਖ ਸ਼ੋਸ਼ਣ ਕੀਤਾ ਅਤੇ ਹਰ ਵੇਲੇ ਆਪਣੇ ਦਾਬੇ ਹੇਠਾਂ ਰੱਖਦੇ ਸਨ ।ਕਾਨੂੰਨ ਵੀ ਉਹ ਬਣਾਉਂਦੇ ਜਿਹੜੇ ਸ਼ਾਸਕਾਂ ਦੇ ਹੱਕਾਂ ’ਚ ਅਤੇ ਪਰਜਾ ਦੇ ਉਲਟ ਹੁੰਦੇ ਸਨ। ਇਸ ਤਰ੍ਹਾਂ ਉਹ ਆਪਣੀ ਗੱਦੀ ਲੋਕਾਂ ’ਚ ਫੱਟ ਪੁਆ ਕੇ ਅਤੇ ਦਬਾਅ ਪਾ ਕੇ ਕਾਇਮ ਰੱਖਦੇ ਸਨ।

ਜਿੱਥੋਂ ਤੱਕ ਆਰੀਆ ਨਸਲ ਦਾ ਸਬੰਧ ਹੈ ਉਹ ਆਪਣੀ ਨਸਲ ਮੁਕਾ ਚੁੱਕੀ ਹੈ। ਇਸ ਦਾ ਸਬੂਤ ਹੈ ਕਿ ਸੰਸਕ੍ਰਿਤ Indian Sub Contiment ਵਿੱਚ ਕਿਤੇ ਵੀ ਬੋਲੀ ਨਹੀ ਜਾਂਦੀ ਹੈ। ਬਹਾਨਾ ਇਹ ਬਣਾਇਆ ਜਾਂਦਾ ਹੈ ਕਿ Indian Sub-Continent ਦੀਆਂ ਭਾਸ਼ਾਵਾਂ ਆਰੀਅਨ ਵਿੱਚੋਂ ਵਿਕਸਿਤ ਹੋਈਆਂ ਹਨ। ਸੰਸਕ੍ਰਿਤ ਦੇ ਸਮਾਨਅਰਥ (Synonymous) ਸ਼ਬਦਾਂ ਦੀ ਕਾਫੀ ਭਰਮਾਰ ਹੈ, ਜਿਹੜੇ ਕਿ ਦੇਸੀ ਬੋਲੀਆਂ ਦੇ ਸ਼ਬਦ ਹਨ। ਇਸ **ਦਾ ਸਬੂਤ John Beam ਦੀ ਕਿਤਾਬ Arian Language Comparitive Grammer ਵਿੱਚ ਮਿਲਦਾ ਹੈ ਅਤੇ Earnest Trumph ਨੇ ਆਪਣੀ ਸਿੰਧੀ ਗਰੈਮਰ ਵਿੱਚ ਆਪਣੇ ਵਿਚਾਰ ਰੱਖੇ ਹਨ, ਕਿ ਉੱਤਰੀ ਭਾਰਤੀ ਬੋਲੀਆਂ ’ਚ ਗੈਰ-ਆਰੀਆ ਸ਼ਬਦ ਹਨ, ਜੋ ਕਿ ਦੇਸੀ ਕਹੇ ਜਾਂਦੇ ਹਨ।**

ਰਿਗਵੇਦ ਦੀ ਸ਼ਬਦਾਵਲੀ ਦੇ ਵਿੱਚ ਅਨੇਕਾਂ ਦੇਸੀ ਸ਼ਬਦ ਵਰਤੇ ਹਨ। ਇਨ੍ਹਾਂ ਦਾ ਵੇਰਵਾ ਅਸੀ **ਅਸ਼ਟਅਧਿਆਇ** ਵਿੱਚ ਦੇਖ ਸਕਦੇ ਹਾਂ। ਆਰੀਆ ਪਿੱਛੋਂ ਹੋਰ ਵੀ ਨਸਲਾਂ ਦੇ ਸ਼ਾਸਕ ਇੱਥੇ ਆਏ ਹਨ। ਜਿਵੇਂ **ਹੈਬਰੂ** ਬੋਲੀ ਦੇ ਸ਼ਬਦਾਂ ਦਾ ਭਾਰਤੀ ਬੋਲੀ ਵਿੱਚ ਆਉਣਾ। ਉਨ੍ਹਾਂ ਦੇ ਸ਼ਬਦਾਂ ਦਾ ਆਉਣਾ ਦੱਸਦਾ ਹੈ ਕਿ ਵਿਦੇਸ਼ੀਆਂ ਨੇ ਆਪਣਾ ਭਾਸ਼ਾਈ ਅਸਰ ਵੀ ਛੱਡਿਆ ਹੈ ਅਤੇ ਸੱਭਿਆਚਾਰਕ ਪ੍ਰਭਾਵ ਵੀ ਪਾਇਆ ਹੈ। ਉਹਨਾਂ ਦੇ ਧਰਮ ਦੇ ਅੰਸ਼ ਵੀ ਮਿਲਦੇ ਹਨ। ਉਨ੍ਹਾਂ ਦੀਆਂ ਲਿੱਪੀਆਂ ਵੀ ਆਈਆਂ ਹਨ, ਜਿਵੇਂ ਗ੍ਰੀਕ ਦੀ ਲਿੱਪੀ, ਅਰਬੀ ਲਿੱਪੀ ਅਤੇ ਈਰਾਨੀ ਲਿੱਪੀ। ਇਹ ਸਾਰੀਆਂ ਲਿੱਪੀਆਂ ਮਾਨਕੇਆਲ ਨੇੜੇ ਟੈਕਸਲਾ ਵਿੱਚ **ਮਹਾਰਾਜਾ ਰਣਜੀਤ ਸਿੰਘ ਦੇ ਜਨਰਲ ਵੈਂਤੂਰਾ** ਨੂੰ ਖੋਜ ਦੌਰਾਨ ਮਿਲੀਆਂ ਹਨ। ਭਾਰਤ ਵਿੱਚ ਜਦੋਂ ਸਮਰਾਟ ਅਸ਼ੋਕ ਦਾ ਰਾਜ ਆਇਆ ਤਾਂ ਉਸ ਨੇ ਰਾਜ ਦਾ ਧਰਮ ਬੁੱਧ ਐਲਾਨ ਕਰ ਦਿੱਤਾ ਅਤੇ ਬੋਲੀ ਸੰਸਕ੍ਰਿਤ ਦੀ ਥਾਂ ਪਾਲੀ ਬੋਲੀ ਰਾਜ ਬਲੀ ਬਣਾ ਦਿੱਤੀ, ਜਿਸਦਾ ਪ੍ਰਮਾਣ Archaeology ਦੀਆਂ ਖੋਜਾਂ ਤੋਂ ਪਤਾ ਚੱਲਦਾ ਹੈ। ਅਸ਼ੋਕ ਦੀ ਲਿੱਪੀ ਪੜ੍ਹਨ ਵਿੱਚ James Prinsep ਦਾ ਭਰਪੂਰ ਯੋਗਦਾਨ ਹੈ। ਉਹ ਸਾਰੀ ਹੀ ਲਿੱਪੀ ਪੜ੍ਹਨ ਵਿੱਚ ਕਾਮਯਾਬ ਹੋ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਰਤ ਦੀਆ ਹੋਰ ਕਈ ਅਗਿਆਤ ਲਿੱਪੀਆਂ ਪੜ੍ਹਨ ਵਿੱਚ ਸਹਾਇਤਾ ਮਿਲੀ। ਇਤਿਹਾਸ ਵਿੱਚ ਕਈ ਤੱਥ ਸਹੀ ਰੂਪ ਵਿੱਚ ਸਾਹਮਣੇ ਆਏ। ਪੰਜਾਬ ਦੇ ਲੋਕਾਂ ਨੇ ਵੱਖਰੇ ਤੌਰ ’ਤੇ ਆਪਣੀ ਲਿੱਪੀ ਵਿਕਸਿਤ ਕੀਤੀ। ਇਸਨੂੰ **ਟੱਕ ਦੇਸ਼ ਦੇ ਨਾਂ ’ਤੇ ਟਾਕਰੀ** ਦਾ ਨਾਮ ਦਿੱਤਾ ਗਿਆ। ਟੈਕਸਲਾ ਵੀ ਇਹਨਾਂ ਲੋਕਾਂ ਦਾ ਹੀ ਵਸਾਇਆ ਹੋਇਆ ਸ਼ਹਿਰ ਹੈ। ਅੱਜ ਵੀ ਸਾਨੂੰ ਪੰਜਾਬ ਅਤੇ ਹਿਮਾਚਲ ਵਿੱਚ ਤੱਖੀ ਨਾਂ ਦੇ ਗੋਤ ਦੇ ਲੋਕ ਮਿਲਦੇ ਹਨ। ਤੱਖ ਸ਼ਬਦ ਪਾਲੀ ਭਾਸ਼ਾ ਦਾ ਸ਼ਬਦ ਹੈ, ਜਿਸ ਤੋਂ ਤੱਖੀ ਸ਼ਬਦ

ਬਣਾਇਆ ਹੈ। ਅੰਗਰੇਜ਼ੀ ਬਸਤੀ ਪੰਜਾਬ ਦੇ ਰਾਜਿਆਂ ਨੇ ਟਾਕਰੀ ਲਿੱਪੀ ਨੂੰ ਰਾਜ ਲਿੱਪੀ ਦੇ ਤੌਰ 'ਤੇ ਵਰਤਿਆ। ਪੰਜਾਬ ਵਿੱਚ ਇੱਕ ਹੋਰ ਲਿੱਪੀ ਚੱਲਦੀ ਸੀ ਜਿਸਨੂੰ **ਭੱਠਸ੍ਰੀ** ਕਿਹਾ ਜਾਂਦਾ ਸੀ। ਇਸ ਦਾ ਜ਼ਿਕਰ Al-Bruni ਦੀ ਕਿਤਾਬ Qitab-Al-Hind ਵਿੱਚ ਅਰਧ ਨਾਕਰੀ (ਅਰਧ ਨਾਗਰੀ) ਦੇ ਰੂਪ ਵਿੱਚ ਮਿਲਦਾ ਹੈ। ਇਸ ਤੋਂ ਇਲਾਵਾ ਪੰਜਾਬ ਵਿੱਚ ਇੱਕ ਹੋਰ ਰੂਪ ਮਿਲਦਾ ਹੈ ਜਿਸ ਨੂੰ **ਲੰਡੇ** ਕਿਹਾ ਜਾਂਦਾ ਸੀ। ਇਸ ਨੂੰ **ਬਾਣੀਏ** ਅਤੇ **ਮਹਾਜਨ ਬਹੀ ਖਾਤਿਆਂ** ਵਿੱਚ ਵਰਤਦੇ ਸਨ । ਇੱਕ ਲਿੱਪੀ ਗੁਰਮੁਖੀ ਹੈ ਜਿਸਨੂੰ ਅੱਜ ਪੰਜਾਬੀ ਦੀ ਮਿਆਰੀ (Standard) ਲਿੱਪੀ ਕਿਹਾ ਜਾਂਦਾ ਹੈ। ਜਿਸਨੂੰ ਸਿੱਖ ਗੁਰੂਆਂ ਨੇ ਪੰਜਾਬ ਦੀ ਟਾਕਰੀ ਲਿੱਪੀ ਨੂੰ ਸੁਧਾਰ ਕੇ ਨਵਾਂ ਰੂਪ ਦਿੱਤਾ ਹੈ ਅਤੇ ਸੁਧਾਰ ਕੇ ਆਪਣੀਆਂ ਪੋਥੀਆਂ ਲਿਖਣ ਦਾ ਮਾਧਿਅਮ ਬਣਾਇਆ। ਗੁਰਸਿੱਖਾਂ ਦੇ ਅਪਣਾਉਣ ਕਰਕੇ ਇਸ ਦਾ ਨਾਂ ਗੁਰਮੁਖੀ ਪੈ ਗਿਆ। ਪੰਜਾਬ ਦੇ ਬਹੁਤ ਸਾਰੇ ਮੁਸਲਮਾਨ ਕਿੱਸੇਕਾਰਾਂ ਨੇ ਪੰਜਾਬੀ ਲਿਖਣ ਵਾਸਤੇ ਅਰਬੀ ਲਿੱਪੀ ਨੂੰ ਮਾਧਿਅਮ ਅਪਣਾਇਆ। ਉਹਨਾਂ ਅਨੇਕਾਂ ਕਿੱਸੇਕਾਰਾਂ ਦੀਆ ਰਚਨਾਵਾਂ ਵਿੱਚ ਕਈ ਗਲਤੀਆਂ ਦੇਖੀਆ ਜਾ ਸਕਦੀਆਂ ਹਨ, ਕਿਉਂਕਿ **ਅਰਬੀ ਲਿੱਪੀ ਵਿੱਚ ਪੰਜਾਬੀ ਦੀਆਂ ਸਿਰਫ 10 ਧੁਨੀਆਂ ਹੀ ਸਹੀ ਢੰਗ ਨਾਲ ਲਿਖੀਆਂ** ਜਾ ਸਕਦੀਆਂ ਹਨ। ਅਰਬੀ ਲਿੱਪੀ ਮੰਨਣ ਵਾਲਿਆਂ ਦਾ ਕਹਿਣਾ ਹੈ ਕਿ ਇਹ ਸ਼ਾਹਮੁਖੀ ਲਿੱਪੀ ਹੈ। ਇਸ ਤਰ੍ਹਾਂ ਇਹ ਲੋਕਾਂ ਨੂੰ ਮਿਸ ਗਾਇਡ ਕਰ ਰਹੇ ਹਨ। **ਸੰਸਕ੍ਰਿਤ ਵਿੱਚ ਪਾਣਿਨੀ ਨੇ 42 ਧੁਨੀਆਂ ਨੂੰ ਮੰਨਿਆ ਹੈ ਅਤੇ ਉਹਨਾਂ ਨੂੰ 14 ਸੂਤਰਾਂ ਵਿੱਚ ਬੰਨ੍ਹ ਦਿੱਤਾ ਤਾਂ ਕਿ ਸੰਸਕ੍ਰਿਤ ਵਿੱਚ ਕੋਈ ਮਿਲਾਵਟ ਨਾ ਕਰ ਸਕੇ। ਇਸੇ ਤਰ੍ਹਾਂ ਬਾਬੇ ਨਾਨਕ ਨੇ ਵੀ ਗੁਰਮੁਖੀ ਦੇ 35 ਅੱਖਰ ਬੰਨ੍ਹ ਦਿੱਤੇ ਅਤੇ ਇਸੇ 35 ਅੱਖਰਾਂ ਦੇ ਹਵਾਲੇ ਨਾਲ ਆਪਣੀ ਬਾਣੀ ਦੀ ਰਚਨਾ ਕੀਤੀ ਜਿਸਨੂੰ ਪੱਟੀ ਬਾਣੀ ਕਿਹਾ ਜਾਂਦਾ ਹੈ।**






# ਡਾਕਟਰ ਕੀਰਤੀ ਕੇਸਰ : ਕੁਝ ਯਾਦਾਂ



**ਪ੍ਰੋਫੈਸਰ ਸੀਮਾ ਜੈਨ**

ਦੋਭਾਸ਼ੀ ਕਵਿਤਰੀ, ਅਨੁਵਾਦਕ, ਸੰਪਾਦਕ ਤੇ ਸਮੀਖ਼ਕ

(ਪੂਰਵ ਮੁਖੀ, ਅੰਗਰੇਜ਼ੀ ਵਿਭਾਗ, ਕੰਨਿਆ ਮਹਾਵਿਦਿਆਲਯ, ਜਲੰਧਰ)



ਡਾਕਟਰ ਕੀਰਤੀ ਕੇਸਰ ਦੇ ਦੇਹਾਂਤ ਦੀ ਖ਼ਬਰ ਜਦੋਂ ਅਚਾਨਕ ਮਿਲੀ ਤਾਂ ਦਿਲ ਨੂੰ ਇਕ ਝਟਕਾ ਜਿਹਾ ਲੱਗਾ। ਅਤੀਤ ਵਿਚ ਉਨ੍ਹਾਂ ਨਾਲ ਬਿਤਾਏ ਪਲਾਂ ਦੀਆਂ ਅਨੇਕਾਂ ਯਾਦਾਂ ਮਨ ਵਿਚ ਤਰੋਤਾਜ਼ਾ ਹੋ ਗਈਆਂ।

ਮੈਨੂੰ ਉਹ ਦਿਨ ਯਾਦ ਆ ਰਿਹਾ ਹੈ ਜਦੋਂ ਪਹਿਲੀ ਵਾਰ ਉਨ੍ਹਾਂ ਨੇ ਮੈਨੂੰ ਸੰਪਰਕ ਕਰਦੇ ਹੋਏ ਪੁੱਛਿਆ ਸੀ, "ਸੀਮਾ, ਅਹਿਮਦਾਬਾਦ ਚੱਲੋਗੀ? ਉੱਥੇ ਵਰਲਡ ਪੋਇਟਰੀ ਕਾਨਫਰੰਸ ਹੈ। ਤੇਰਾ ਨਾਮ ਦੇ ਦਿਆਂ?""

ਤੇ ਮੈਂ ਖ਼ੁਸ਼ੀ ਨਾਲ ਕਿਹਾ, "ਜ਼ਰੂਰ, ਕਿਉਂ ਨਹੀਂ।""

ਇਸੇ ਤਰ੍ਹਾਂ ਗੱਲਾਂ-ਗੱਲਾਂ ਵਿਚ ਅਹਿਮਦਾਬਾਦ ਜਾਣ ਦਾ ਪ੍ਰੋਗਰਾਮ ਬਣ ਗਿਆ।

ਫਿਰ ਸ਼ੁਰੂ ਹੋਇਆ ਇਕ ਹੋਰ ਸਿਲਸਿਲਾ। ਅਹਿਮਦਾਬਾਦ ਦੀ ਪੋਇਟਰੀ ਕਾਨਫਰੰਸ ਵਿਚ 14 ਦੇਸ਼ਾਂ ਤੋਂ ਕਵੀ ਆ ਰਹੇ ਸਨ, ਇਸ ਲਈ ਨਿਯਮ ਬਣਾਇਆ ਗਿਆ ਸੀ ਕਿ ਤੁਸੀਂ ਕਿਸੇ ਵੀ ਭਾਸ਼ਾ ਵਿਚ ਆਪਣੀ ਕਵਿਤਾ ਪੜ੍ਹ ਸਕਦੇ ਹੋ, ਪਰ ਉਸਦਾ ਅੰਗਰੇਜ਼ੀ ਅਨੁਵਾਦ ਨਾਲ ਲਿਆਉਣਾ ਲਾਜ਼ਮੀ ਹੋਵੇਗਾ।

ਡਾ. ਕੀਰਤੀ ਕੇਸਰ ਨੇ ਮੈਨੂੰ ਕਿਹਾ ਕਿ ਮੈਂ ਉਨ੍ਹਾਂ ਦੀਆਂ ਦੋ ਹਿੰਦੀ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰ ਦਿਆਂ। ਉਨ੍ਹਾਂ ਨੇ ਆਪਣੀਆਂ ਕਵਿਤਾਵਾਂ ਦੀਆਂ ਕਿਤਾਬਾਂ ਮੈਨੂੰ ਭੇਜੀਆਂ ਅਤੇ ਮੈਂ ਉਨ੍ਹਾਂ ਵਿਚੋਂ ਦੋ ਚੁਣ ਕੇ ਅੰਗਰੇਜ਼ੀ ਵਿਚ ਤਰਜ਼ਮਾ ਕਰ ਦਿੱਤਾ।

ਕਿਉਂਕਿ ਮੈਂ ਦੋਵੇਂ ਭਾਸ਼ਾਵਾਂ ਵਿਚ ਕਵਿਤਾ ਲਿਖਦੀ ਹਾਂ, ਇਸ ਲਈ ਮੈਂ ਆਪਣੀਆਂ ਦੋ ਅੰਗਰੇਜ਼ੀ ਅਤੇ ਦੋ ਹਿੰਦੀ ਕਵਿਤਾਵਾਂ ਉੱਥੇ ਭੇਜੀਆਂ। ਹਿੰਦੀ ਕਵਿਤਾਵਾਂ ਦਾ ਅਨੁਵਾਦ ਮੈਂ ਖ਼ੁਦ ਕੀਤਾ।

ਫਿਰ ਉਸ ਤੋਂ ਬਾਅਦ ਡਾ. ਕੀਰਤੀ ਕੇਸਰ ਨਾਲ ਜਲੰਧਰ ਤੋਂ ਦਿੱਲੀ ਤੱਕ ਵੋਲਵੋ ਬੱਸ ਦਾ ਸਫ਼ਰ, ਫਿਰ ਦਿੱਲੀ ਤੋਂ ਉਡਾਨ ਭਰਕੇ ਅਹਿਮਦਾਬਾਦ ਜਾਣਾ, ਉੱਥੇ ਤਿੰਨ ਦਿਨ ਉਨ੍ਹਾਂ ਦੇ ਨਾਲ ਰਹਿਣਾ, ਪੋਇਟਰੀ ਕਾਨਫਰੰਸ ਵਿਚ ਭਾਗ ਲੈਣਾ, ਅਹਿਮਦਾਬਾਦ ਦੇ ਵੱਖ-ਵੱਖ ਸਥਾਨਾਂ ਦਾ ਦੌਰਾ ਕਰਨਾ, ਉਨ੍ਹਾਂ ਦੇ ਨਾਲ ਗਾਂਧੀ ਆਸ਼ਰਮ ਜਾਣਾ — ਇਹ ਸਭ ਉਨ੍ਹਾਂ ਨਾਲ ਬਿਤਾਏ ਕੀਮਤੀ ਤੇ ਸੁਖਦ ਪਲਾਂ ਦੀਆਂ ਮਿੱਠੀਆਂ ਯਾਦਾਂ ਹਨ।

ਡਾ. ਕੀਰਤੀ ਕੇਸਰ ਦੇ ਨਾਲ ਉਨ੍ਹਾਂ ਦੀ ਦੋਹਤੀ ਰੂਹਨ ਵੀ ਸੀ ਜੋ ਉਸ ਸਮੇਂ ਡੈਂਟਲ ਕਾਲਜ ਵਿਚ ਪੜ੍ਹਾਈ ਕਰ ਰਹੀ ਸੀ।

ਇੱਕ ਸਾਹਿਤਕ ਮਿੱਤਰ ਹੋਣ ਦੇ ਨਾਲ-ਨਾਲ ਕੀਰਤੀ ਜੀ ਇੱਕ ਸਰਪਰਸਤ ਦੀ ਭੂਮਿਕਾ ਵਿਚ ਵੀ ਰਹਿੰਦੇ ਸਨ। ਉਨ੍ਹਾਂ ਨਾਲ ਬਿਤਾਏ ਸਮੇਂ ਦੌਰਾਨ ਮੈਂ ਜਾਣ ਲਿਆ ਸੀ ਕਿ ਉਹ ਬਹੁਤ ਹੀ ਮਜ਼ਬੂਤ, ਸਵਭਿਮਾਨੀ ਤੇ ਨਿਡਰ ਔਰਤ ਸਨ। ਉਹ ਇੱਕ ਉੱਤਮ ਕਵਿਤਰੀ ਤਾਂ ਸੀ ਹੀ, ਉਨ੍ਹਾਂ ਦੀ ਸ਼ਖਸੀਅਤ ਵੀ ਬਹੁਤ ਪ੍ਰਬੁੱਧ ਸੀ।

ਇਤਿਹਾਸ ਹੋਵੇ ਜਾਂ ਧਰਮ, ਸਾਹਿਤ ਹੋਵੇ ਜਾਂ ਰਾਜਨੀਤੀ — ਹਰ ਵਿਸ਼ੇ 'ਤੇ ਖੁਲ੍ਹ ਕੇ ਤੇ ਨਿਰਭੀਕਤਾ ਨਾਲ ਆਪਣੇ ਵਿਚਾਰ ਪ੍ਰਗਟ ਕਰਦੇ ਸਨ। ਕਿਹਾ ਜਾ ਸਕਦਾ ਹੈ ਕਿ ਉਹ ਅਭਿਵਿਅਕਤੀ ਦੀ ਆਜ਼ਾਦੀ ਦੇ ਵੱਡੇ ਹਿਮਾਇਤੀ ਸਨ। ਇਸਦੇ ਨਾਲ-ਨਾਲ ਉਨ੍ਹਾਂ ਦਾ ਮਨੁੱਖੀ ਸੰਵੇਦਨਾਵਾਂ 'ਤੇ ਵੀ ਡੂੰਘਾ ਕਬਜ਼ਾ ਸੀ।

ਉਨ੍ਹਾਂ ਦੀ ਇੱਕ ਕਵਿਤਾ "ਇਕ ਖ਼ਤ ਮਿਰਜ਼ਾ ਗ਼ਾਲਿਬ ਦੇ ਨਾਮ" ਜਿਸਦਾ ਮੈਂ ਅੰਗਰੇਜ਼ੀ ਅਨੁਵਾਦ ਕੀਤਾ ਸੀ, ਬਹੁਤ

ਪ੍ਰਸਿੱਧ ਹੋਈ ਸੀ ਅਤੇ ਅਹਿਮਦਾਬਾਦ ਵਿਚ ਵੀ ਇਸਦੀ ਬਹੁਤ ਪ੍ਰਸ਼ੰਸਾ ਹੋਈ।

ਜਲੰਧਰ ਵਿਚ ਰਹਿੰਦੇ ਹੋਏ ਵੀ ਕਈ ਵਾਰ ਉਨ੍ਹਾਂ ਨਾਲ ਆਕਾਸ਼ਵਾਣੀ 'ਤੇ ਕਾਵਿ ਗੋਸ਼ਠੀਆਂ ਵਿਚ ਇਕੱਠੇ ਭਾਗ ਲੈਣ ਦਾ ਮੌਕਾ ਮਿਲਿਆ। ਇੱਕ ਵਾਰ ਕਾਵਿ ਗੋਸ਼ਠੀ ਦੇ ਬਾਅਦ ਅਸੀਂ ਆਕਾਸ਼ਵਾਣੀ ਦੇ ਨੇੜੇ ਡੋਸਾ ਖਾਣ ਚਲੇ ਗਏ। ਸ਼ਾਇਦ ਉਸ ਗਰੁੱਪ ਵਿਚ ਉਹ ਸਾਡੇ ਸਭ ਤੋਂ ਵੱਡੀ ਸਨ, ਇਸ ਕਰਕੇ ਉਨ੍ਹਾਂ ਨੇ ਸਾਨੂੰ ਕਿਸੇ ਨੂੰ ਵੀ ਬਿਲ ਭਰਨ ਨਹੀਂ ਦਿੱਤਾ।

ਇੱਕ ਵਾਰ ਜਦੋਂ ਡਾ. ਨਰਿੰਦਰ ਮੋਹਨ ਦਿੱਲੀ ਤੋਂ ਜਲੰਧਰ ਆਏ ਤਾਂ ਉਨ੍ਹਾਂ ਨੇ ਆਪਣੇ ਘਰ ਕੁਝ ਕਵੀਆਂ ਨੂੰ ਸੱਦਾ ਦਿੱਤਾ। ਵੇਖਦੇ ਹੀ ਵੇਖਦੇ ਉਨ੍ਹਾਂ ਦੇ ਘਰ ਵਿਚ ਇੱਕ ਸਾਹਿਤਕ ਮਹਿਫ਼ਲ ਜਮ ਗਈ, ਜਿਸ ਵਿਚ ਡਾ. ਨਰਿੰਦਰ ਮੋਹਨ, ਡਾ. ਕੀਰਤੀ ਕੇਸਰ ਅਤੇ ਮੈਂ — ਨਾਲ ਹੀ ਡਾ. ਤਰਸੇਮ ਗੁਜਰਾਲ, ਡਾ. ਅਜੈ ਸ਼ਰਮਾ, ਮੋਹਨ ਸਪਰਾ ਜੀ, ਡਾ. ਜੋਤੀ ਗੋਗੀਆ ਆਦਿ ਵੀ ਸ਼ਾਮਲ ਸਨ। ਸਭ ਨੇ ਆਪਣੀਆਂ ਰਚਨਾਵਾਂ ਇਕ-ਦੂਜੇ ਨਾਲ ਸਾਂਝੀਆਂ ਕੀਤੀਆਂ। ਇਸ ਗੋਸ਼ਠੀ ਤੋਂ ਬਾਅਦ ਅਸੀਂ ਸਭ ਮਿਲ ਕੇ ਪ੍ਰਸਿੱਧ ਸਾਹਿਤਕਾਰ ਸ਼੍ਰੀ ਸੁਰੇਸ਼ ਸੇਠ ਜੀ ਦੇ ਘਰ ਵੀ ਗਏ, ਜਿੱਥੇ ਸਭ ਨੇ ਆਪਣੀ ਸਾਹਿਤਕ ਯਾਤਰਾ ਦੇ ਕਿੱਸੇ ਇਕ-ਦੂਜੇ ਨਾਲ ਸਾਂਝੇ ਕੀਤੇ।

ਉਨ੍ਹਾਂ ਨਾਲ ਕਈ ਹੋਰ ਸਾਹਿਤਕ ਸਮਾਗਮਾਂ ਵਿਚ ਵੀ ਮੁਲਾਕਾਤ ਹੁੰਦੀ ਰਹੀ। ਮੈਂ ਹਮੇਸ਼ਾਂ ਉਨ੍ਹਾਂ ਦੇ ਸਾਹਿਤ ਪ੍ਰੇਮ, ਉਨ੍ਹਾਂ ਦੀ ਜ਼ਿੰਦਾਦਿਲੀ, ਕਰਮਠਤਾ ਅਤੇ ਸੁਹਿਰਦਤਾ ਤੋਂ ਪ੍ਰਭਾਵਿਤ ਰਹੀ।

ਉਨ੍ਹਾਂ ਦਾ ਜਾਣਾ ਸਾਹਿਤ ਜਗਤ ਲਈ ਇਕ ਨਾ ਪੂਰਾ ਹੋਣ ਵਾਲਾ ਘਾਟਾ ਹੈ। ਪਰ ਇੱਕ ਸਾਹਿਤਕਾਰ ਆਪਣੀਆਂ ਰਚਨਾਵਾਂ ਵਿਚ ਸਦੀਵੀ ਜੀਉਂਦਾ ਰਹਿੰਦਾ ਹੈ।

ਇਸ ਰੂਪ ਵਿਚ ਡਾ. ਕੀਰਤੀ ਕੇਸਰ ਆਪਣੀ ਸਾਹਿਤਕ ਧਰੋਹਰ ਰਾਹੀਂ ਹਮੇਸ਼ਾਂ ਸਾਡੇ ਨਾਲ ਰਹਿਣਗੇ।

ਲਿਪੀਅਂਤਰ : ਮਾਲਾ ਅਗਰਵਾਲ ਮਾਧਵੀ






ਡਾ. ਜਸਵੰਤ ਸਿੰਘ ਨੇਕੀ ਦੀ ਜਨਮ ਸ਼ਤਾਬਦੀ ’ਤੇ ਵਿਸੇਸ਼ ਲੇਖ ਲੜੀ ਭਾਗ - ਦੂਜਾ

# ਅਨੂਪਮ ਕਿਸਮ ਦੀ ਵਾਰਤਕ ‘ਜਿਨ੍ਹਾ ਦਿਸੰਦੜਿਆ ਦੁਰਮਤ ਵੰਞੈ’- ਕਰਤਾ ਡਾ ਜਸਵੰਤ ਸਿੰਘ ਨੇਕੀ

ਡਾ ਰਾਮ ਮੂਰਤੀ

ਡਾ ਜਸਵੰਤ ਸਿੰਘ ਨੇਕੀ ਹੋਰਾਂ ਦੀ ਕਵਿਤਾ ਬਾਰੇ ਇਹ ਬੜਾ ਪ੍ਰਸਿੱਧ ਹੈ ਕਿ ਉਹਨਾਂ ਦੀ ਕਵਿਤਾ ਬੜੀ ਗਹਿਰੀ ਦਾਰਸ਼ਨਿਕਤਾ ਵਾਲੀ ਤੇ ਜਟਲ ਕਿਸਮ ਦੀ ਹੈ। ਵਿਦਵਾਨ ਆਲੋਚਕ ਉਨ੍ਹਾ ਦੀ ਕਵਿਤਾ ਵਿੱਚ ਸੰਚਾਰ ਦੀ ਸਮੱਸਿਆ ਦੀ ਸ਼ਿਕਾਇਤ ਕਰਦੇ ਵੀ ਅਕਸਰ ਦੇਖੇ ਜਾਂਦੇ ਹਨ। ਜਦੋਂ ਮੈਂ ਡਾ ਬਲਜੀਤ ਕੌਰ ਹੋਣਾਂ ਦੀ ਰਹਿਨੁਮਾਈ ਵਿੱਚ ਉਹਨਾਂ ਦੀ ਕਵਿਤਾ ਸਬੰਧੀ ਪੀਐਚ ਡੀ ਕਰਨ ਦਾ ਕਾਰਜ ਆਰੰਭਿਆ ਤਾਂ ਪਹਿਲਾਂ ਪਹਿਲਾਂ ਮੈਨੂੰ ਵੀ ਇਹੋ ਜਿਹੀਆਂ ਕੁਝ ਸਮੱਸਿਆਵਾਂ ਨਾਲ ਦੋ ਚਾਰ ਹੋਣਾ ਪਿਆ।ਲੇਕਿਨ ਡਾ ਬਲਜੀਤ ਕੌਰ ਹੁਣਾਂ ਦੀ ਕਵਿਤਾ ਬਾਰੇ ਗਹਿਰੀ ਸੂਝ, ਸੋਹਜ ਸ਼ਾਸਤਰ ਸਬੰਧੀ ਉਨ੍ਹਾਂ ਦੀ ਵਿਸ਼ੇਸ਼ਗਤਾ ਨੇ ਮੇਰੀਆਂ ਇਹਨਾਂ ਸਮੱਸਿਆਵਾਂ ਨੂੰ ਕਾਫੀ ਹੱਦ ਤੱਕ ਘਟਾਇਆ ਤੇ ਮੇਰੀ ਡਾ ਨੇਕੀ ਹੋਰਾਂ ਦੀ ਕਵਿਤਾ ਸਬੰਧੀ ਇੱਕ ਖਾਸ ਕਿਸਮ ਦੀ ਸਮਝ ਬਣਨੀ ਸ਼ੁਰੂ ਹੋ ਗਈ ਤੇ ਮੈਂ ਉਹਨਾਂ ਦੀ ਕਵਿਤਾ ਸਬੰਧੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀਐਚ ਡੀ ਦੀ ਡਿਗਰੀ ਲੈਣ ਦੇ ਸਮਰੱਥ ਹੋ ਸਕਿਆ। ਅੱਜ ਜਦੋਂ ਉਹਨਾਂ ਦੀ ਪਹਿਲੀ ਜਨਮ ਸ਼ਤਾਬਦੀ ਮਨਾਈ ਜਾ ਰਹੀ ਹੈ ਤਾਂ ਮੈਨੂੰ ਉਹਨਾਂ ਦੀ ਵਾਰਤਕ ਪੜ੍ਹਨ ਦਾ ਮੌਕਾ ਮਿਲਿਆ। ਸਬੱਬ ਇਹ ਬਣਿਆ ਕਿ ਭਾਈ ਵੀਰ ਸਿੰਘ ਸਾਹਿਤ ਸਦਨ ਦਿੱਲੀ ਅਤੇ ਸਾਹਿਤ ਅਕਾਦਮੀ ਦਿੱਲੀ ਦੇ ਸਹਿਯੋਗ ਨਾਲ ਡਾ ਜਸਵੰਤ ਸਿੰਘ ਨੇਕੀ ਦੇ ਸਾਹਿਤ ਸਬੰਧੀ ਦੋ ਰੋਜ਼ਾ ਕਾਨਫਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਆਪਣਾ ਪਰਚਾ ਪੇਸ਼ ਕਰਨ ਲਈ ਡਾ ਵਨੀਤਾ ਜੀ ਦੀ ਬਦੌਲਤ ਮੈਨੂੰ ਵੀ ਸੱਦਾ ਮਿਲਿਆ। ਮੇਰੀ ਸੇਵਾ ਇਸ ਕਾਨਫਰੰਸ ਵਿੱਚ ਲੱਗੀ ਕਿ ਮੈਂ ਉਹਨਾਂ ਦੀ ਵਾਰਤਕ ਸਬੰਧੀ ਆਪਣਾ ਖੋਜ ਪੱਤਰ ਪੇਸ਼ ਕਰਨਾ ਹੈ ਸੋ ਮੈਂ ਕੀਤਾ ਵੀ । ਇਹ ਖੋਜ ਪੱਤਰ ਆਪਣੀ ਆਵਾਜ਼ ਦੇ ਪਿਛਲੇ ਅੰਕ ਵਿੱਚ ਛਪ ਚੁੱਕਾ ਹੈ ਜਿਸ ਵਿੱਚ ਮੈਂ ਡਾ ਨੇਕੀ ਹੋਰਾਂ ਦੀ ਸਮੁੱਚੀ ਵਾਰਤਕ ਸਬੰਧੀ ਆਪਣੇ ਪ੍ਰਭਾਵ ਰੱਖੇ ਹਨ। ਡਾ ਵਨੀਤਾ ਜੀ ਨੇ ਮੇਰੀ ਸੇਵਾ ਉਹਨਾਂ ਦੀ ਵਾਰਤਕ ਸਬੰਧੀ ਪੇਪਰ ਪੜਨ ਦੀ ਲਾਈ ਤਾਂ ਮੈਨੂੰ ਹੈਰਾਨੀ ਵੀ ਹੋਈ ਕਿ ਮੈਂ ਤਾਂ ਉਹਨਾਂ ਦੀ ਕਵਿਤਾ ਸਬੰਧੀ ਖੋਜ ਕੀਤੀ ਹੈ ਤਾਂ ਮੈਨੂੰ ਵਾਰਤਕ ਸਬੰਧੀ ਪੇਪਰ ਪੜ੍ਹਨ ਲਈ ਕਿਉਂ ਕਿਹਾ ਗਿਆ ? ਇਹ ਰਾਜ਼ ਮੈਨੂੰ ਹੁਣ ਸਮਝ ਆਇਆ ਕਿ ਡਾ ਵਨੀਤਾ ਚਾਹੁੰਦੇ ਸਨ ਕਿ ਮੈਂ ਨੇਕੀ ਸਾਹਿਬ ਦੀ ਵਾਰਤਕ ਵੀ ਪੜ੍ਹਾਂ। ਜਦੋਂ ਮੈਂ ਉਹਨਾਂ ਦੀ ਵਾਰਤਕ ਪੜ੍ਹਨੀ ਸ਼ੁਰੂ ਕੀਤੀ ਤਾਂ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ ਤੇ ਉਹਨਾਂ ਦੀ ਵਾਰਤਕ ਨੂੰ ਪੜ੍ਹਨ ਤੇ ਵਾਚਣ ਤੋਂ ਬਾਅਦ ਮੇਰਾ ਇਹ ਪ੍ਰਭਾਵ ਬਣਿਆ ਕਿ ਡਾ ਜਸਵੰਤ ਸਿੰਘ ਨੇਕੀ ਦੀ ਕਵਿਤਾ ਜਿੰਨੀ ਜਟਲ ਹੈ ਉਨੀ ਹੀ ਉਹਨਾਂ ਦੀ ਵਾਰਤਕ ਸਰਲ ਦਿਲਚਸਪ ਅਤੇ ਮਾਨਣਯੋਗ ਹੈ। ਜਦੋਂ ਮੈਂ ਉਹਨਾਂ ਦੀ ਪੁਸਤਕ ਜਿਨ੍ਹਾਂ ਦਿਸੰਦੜਿਆ ਦੁਰਮਤ ਵੰਞੈ ਪੜ੍ਹਨੀ ਸ਼ੁਰੂ ਕੀਤੀ ਤਾਂ ਆਲਮ ਇਹ ਹੋਇਆ ਕਿ ਪੁਸਤਕ ਨੇ ਮੈਨੂੰ ਹੀ ਜਕੜ ਲਿਆ ਤੇ ਜਿੰਨੀ ਦੇਰ ਤੱਕ ਮੈਂ ਸਾਰੀ ਪੁਸਤਕ ਪੜ੍ਹ ਨਹੀਂ



ਲਈ ਮੈਨੂੰ ਪੁਸਤਕ ਨੇ ਛੱਡਿਆ ਨਹੀਂ। ਇੰਨੀ ਦਿਲਚਸਪ ਵਾਰਤਕ ਪੰਜਾਬੀ ਵਿੱਚ ਲਿਖੀ ਗਈ ਮੈਂ ਅੱਜ ਤੱਕ ਨਹੀਂ ਪੜ੍ਹੀ।

ਇਸ ਵਾਰਤਕ ਦੀ ਵਿਧਾ ਲਘੂ ਕਥਾ ਵਾਲੀ ਹੈ ਲੇਕਿਨ ਇਹ ਲਘੂ ਕਥਾ ਨਿੱਕੀ ਕਹਾਣੀ ਨਾਲ ਇਸ ਕਰਕੇ ਮੇਚ ਨਹੀਂ ਖਾਂਦੀ ਕਿਉਂਕਿ ਨਿੱਕੀ ਕਹਾਣੀ ਵਿੱਚ ਅਕਸਰ ਗਾਲਪਨਿਕਤਾ ਆਪਣਾ ਘਰ ਪਾ ਲੈਂਦੀ ਹੈ। ਇਸ ਪੁਸਤਕ ਵਿੱਚ ਸ਼ਾਮਿਲ ਲਘੂ ਕਥਾਵਾਂ ਜਿਨਾਂ ਨੂੰ ਡਾਕਟਰ ਨੇਕੀ ਨੇ ਆਪਣੇ ਸ਼ਬਦਾਂ ਵਿੱਚ ਅਨੁਗਾਥਾ ਕਿਹਾ ਹੈ। ਭਾਵੇਂ ਉਹ ਪੰਜਾਬੀ ਵਿੱਚ ਰਚੀ ਜਾ ਰਹੀ ਰੂਪ ਵਿਧਾ ਵਜੋਂ ਨਿੱਕੀ ਕਹਾਣੀ ਦੇ ਨੇੜੇ ਨੇੜੇ ਵਿਚਰਦੀ ਹੈ ਲੇਕਿਨ ਫਰਕ ਇਹ ਹੈ ਕਿ ਇਹ ਸਜੀਵ ਹੈ ਤੇ ਇਹ ਅਨੁਗਾਥਾਵਾਂ ਇਸ ਸੰਸਾਰ ਵਿੱਚ ਰਹਿੰਦੇ ਅਜਿਹੇ ਆਮ ਤੇ ਖਾਸ ਲੋਕਾਂ ਦੀ ਜੀਵਨ ਵਿਧੀ, ਜੀਵਨ ਸਮਝ ਤੇ ਇਸ ਸੰਸਾਰ ਪ੍ਰਤੀ ਉਹਨਾਂ ਦੀ ਪਹੁੰਚ ਨੂੰ ਦਰਸਾਉਂਦੀਆਂ ਹਨ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਹੈਰਾਨ ਰਹਿ ਜਾਂਦਾ ਹੈ ਕਿ ਆਚਰਨ ਦੇ ਪੱਧਰ ਤੇ, ਨੀਤੀ ਦੀ ਪੱਧਰ ਤੇ, ਨੈਤਿਕਤਾ ਦੇ ਪੱਧਰ ਤੇ ਇੰਨੇ ਉੱਚੇ ਤੇ ਇੰਨੇ ਸਧਾਰਨ, ਨਿਰਮਾਣ, ਨਿਮਰ ਲੋਕ ਇਸ ਸੰਸਾਰ ਤੇ ਰਹਿੰਦੇ ਹਨ। ਸ਼ਾਇਦ ਇਹ ਸੰਸਾਰ ਅਜਿਹੇ ਲੋਕਾਂ ਕਰਕੇ ਹੀ ਨਿੱਘਾ ਹੈ, ਸੁੰਦਰ ਹੈ, ਮਾਨਣਯੋਗ ਹੈ। ਹਰ ਅਨੁਗਾਥਾ ਆਪਣੇ ਆਪ ਵਿੱਚ ਜੀਵਨ ਦੀ ਇੱਕ ਝਾਕੀ ਹੈ, ਜ਼ਿੰਦਗੀ ਦਾ ਇੱਕ ਮਹਾਨ ਮੁੱਲ ਹੈ। ਇਹਨਾਂ ਅਨੁਗਾਥਾਵਾਂ ਵਿੱਚ ਅਜਿਹੇ ਪਾਤਰ ਪੇਸ਼ ਹਨ ਜਿਨ੍ਹਾਂ ਨੇ ਜ਼ਿੰਦਗੀ ਵਿੱਚ ਸਹਿਜ, ਸਮਰਪਣ, ਸਬਰ ਸੰਤੋਖ ਮਿਠਤ ਤੇ ਨਿਮਰਤਾ ਨੂੰ ਇਸ ਕਦਰ ਅਪਣਾਇਆ ਹੋਇਆ ਹੈ ਕਿ ਉਹ ਕੁਦਰਤ ਤੇ ਰੱਬ ਦੇ ਬਹੁਤ ਨਜ਼ਦੀਕ ਪਹੁੰਚੇ ਹੋਏ ਮਾਲੂਮ ਦਿੰਦੇ ਹਨ। ਇਹਨਾਂ ਅਨੁਗਾਥਾਵਾਂ ਵਿੱਚ ਇੱਕ ਗਾਥਾ ਰਾਮ ਪਿਆਰੀ ਦੀ ਹੈ ਜੋ ਇਕ ਭਠਿਆਰਨ ਹੈ, ਦਾਣੇ ਭੁੰਨਦੀ ਹੈ ਤੇ ਜਦੋਂ ਦਾਨਿਆਂ ਵਿੱਚ ਰਾਧੇ ਸ਼ਾਮ, ਰਾਧੇ ਸ਼ਾਮ ਕਰਦਿਆਂ ਦਾਤੀ ਫੇਰਦੀ ਹੈ ਤਾਂ ਉਹਦੇ ਚਿਹਰੇ ਦਾ ਜਲਾਲ ਵੇਖਣ ਯੋਗ ਹੁੰਦਾ ਹੈ। ਉਹ ਇੱਕ ਵਿਧਵਾ ਨੌਜਵਾਨ ਤੇ ਸੁੰਦਰ ਇਸਤਰੀ ਹੈ। ਪਿੰਡ ਵਿੱਚ ਰਹਿੰਦੀ ਹੈ ਤੇ ਦਾਣੇ ਭੁੰਨ ਕੇ ਆਪਣਾ ਗੁਜ਼ਾਰਾ ਕਰਦੀ ਹੈ। ਉਸਦੀ ਭੱਠੀ ਤੇ ਸਵੇਰੇ ਸ਼ਾਮ ਰੌਣਕ ਰਹਿੰਦੀ ਤੇ ਸਾਰੇ ਹੀ ਪਿੰਡ ਦੇ ਲੋਕ ਉਸ ਨੂੰ ਪਿਆਰ ਕਰਦੇ ਹਨ। ਵਿਧਵਾ ਹੋਣ ਦੇ ਬਾਵਜੂਦ ਉਸਨੇ ਸਤ ਸੰਤੋਖ ਤੇ ਸਬਰ ਵਾਲਾ ਜੀਵਨ ਜਿਉਂਦਿਆਂ ਇਕ ਮਿਸਾਲ ਪੈਦਾ ਕੀਤੀ । ਲੇਖਕ ਦੱਸਦਾ ਹੈ ਕਿ ਇੱਕ ਦਿਨ ਰਾਮ ਪਿਆਰੀ ਨੂੰ ਬਹੁਤ ਬੁਖਾਰ ਹੋ ਗਿਆ ਤੇ ਬੁਖਾਰ ਵਿੱਚ ਤੜਫਦੀ ਹੋਈ ਉਹ ਆਪਣਾ ਸਰੀਰ ਤਿਆਗ ਦਿੰਦੀ ਹੈ। ਰਾਮ ਪਿਆਰੀ, ਰਾਮ ਨੂੰ ਪਿਆਰੀ ਹੋ ਜਾਂਦੀ ਹੈ। ਉਸਦੇ ਜਾਣ ਦਾ ਗਹਿਰਾ ਦੁੱਖ ਲੇਖਕ ਨੂੰ ਹੁੰਦਾ ਹੈ ਤੇ ਲੇਖਕ ਦੱਸਦਾ ਹੈ ਕਿ ਉਸਨੇ ਰਾਮ ਪਿਆਰੀ ਦੇ ਭੁੰਨੇ ਹੋਏ ਦਾਣੇ ਇੱਕ ਪੋਟਲੀ ਵਿੱਚ ਸੰਭਾਲ ਕੇ ਰੱਖ ਲਏ ਤੇ ਉਹ ਜਦੋਂ ਵੀ ਉਸ ਪੋਟਲੀ ਨੂੰ ਵੇਖਦਾ ਉਸਨੂੰ ਸਤਿਕਾਰ ਦੇ ਨਾਲ ਮੱਥਾ ਟੇਕਦਾ। ਦਿਲ ਨੂੰ ਛੂ ਜਾਣ ਵਾਲੀਆਂ ਅਜਿਹੀਆਂ ਅਨੇਕ ਅਨੁਗਾਥਾਵਾਂ ਇਸ ਸੰਗ੍ਰਹਿ ਵਿੱਚ ਪੜ੍ਹੀਆਂ ਜਾ ਸਕਦੀਆਂ ਹਨ।

ਭਾਈ ਵੀਰ ਸਿੰਘ, ਗੁਰਬਖਸ਼ ਸਿੰਘ ਪ੍ਰੀਤਲੜੀ, ਡਾ ਹਰਭਜਨ ਸਿੰਘ, ਪ੍ਰਿੰਸੀਪਲ ਤੇਜਾ ਸਿੰਘ ਆਦਿ ਪ੍ਰਸਿੱਧ ਲੇਖਕਾਂ ਨਾਲ ਉਸਦੀਆਂ ਹੋਈਆਂ ਮਿਲਣੀਆਂ ਵੀ ਇਹਨਾਂ ਵੱਡੇ ਲੇਖਕਾਂ ਦੇ ਜੀਵਨ ਵਿਰਤਾਂਤ ਨੂੰ ਸਹਿਜੇ ਹੀ ਸਿਰਜ ਜਾਂਦੀਆਂ ਹਨ। ਇਹਨਾਂ ਵਿੱਚੋਂ ਇੱਕ ਅਨੁਗਾਥਾ 'ਫਰਿਜ ਕੇ ਗਰੀਬ ਮਾਰ' ਪੜ੍ਹਨ ਵਾਲੀ ਹੈ। ਪ੍ਰਿੰਸੀਪਲ ਤੇਜਾ ਸਿੰਘ ਹੋਰਾਂ ਦੇ ਘਰੋਂ ਧਨ ਬੀਬੀ ਜੀ ਬੜੇ ਹੀ ਸੁੰਦਰ ਆਤਮਾ ਵਾਲੇ ਵਿਅਕਤੀ ਸਨ। ਜਦੋਂ ਪ੍ਰਿੰਸੀਪਲ ਤੇਜਾ ਸਿੰਘ ਆਪਣੇ ਘਰ ਫਰਿਜ ਲੈ ਆਉਂਦੇ ਹਨ ਤਾਂ ਉਹ ਉਹਨਾਂ ਨੂੰ ਆਖਦੀ ਹੈ ਕਿ ਇਹ ਫਰਿਜ ਲਿਆ ਕੇ ਤਾਂ ਤੁਸਾਂ ਗਰੀਬ ਮਾਰ ਕੀਤੀ ਹੈ ਤਾਂ ਲਾਗੇ ਬੈਠਾ ਲੇਖਕ ਜਸਵੰਤ ਸਿੰਘ ਨੇਕੀ ਉਹਨਾਂ ਨੂੰ ਪੁੱਛਦਾ ਹੈ ਕਿ ਫਰਿਜ ਨਾਲ ਗਰੀਬ ਮਾਰ ਦਾ ਕੀ ਸਬੰਧ ਹੈ ? ਤਾਂ ਉਹ ਕਹਿੰਦੀ ਹੈ ਕਿ ਜਦੋਂ ਉਨਾਂ ਦੇ ਘਰੇ ਫਰਿਜ ਨਹੀਂ ਸੀ ਤਾਂ ਉਹ ਘਰ ਵਿੱਚ ਆਇਆ ਵਾਧੂ ਖਾਣ ਪੀਣ ਦਾ ਸਾਮਾਨ ਮਜ਼ਦੂਰਾਂ ਗਰੀਬਾਂ ਵਿੱਚ ਵੰਡ ਦਿਆ ਕਰਦੇ ਸਨ ਤੇ ਹੁਣ ਇਹ ਆ ਗਈ ਹੈ। ਹੁਣ ਉਹ ਲੋੜ ਤੋਂ ਵਾਧੂ ਸਮਾਨ ਇਸ ਵਿੱਚ ਸੰਭਾਲ ਕੇ ਰੱਖ ਲਿਆ ਜਾਵੇਗਾ। ਇਹਨਾਂ ਅਰਥਾਂ ਵਿੱਚ ਇਹ ਗਰੀਬ ਮਾਰ ਨਾ ਹੋਈ ਤਾਂ ਹੋਰ ਕੀ ਹੈ ? ਇਸ ਤਰ੍ਹਾਂ ਵੰਡ ਛਕਣ ਦੀ ਜੋ ਮਰਿਆਦਾ ਸਿੱਖੀ ਜੀਵਨ ਵਿੱਚ ਪਾਈ ਜਾਂਦੀ ਹੈ ਬੀਬੀ ਜੀ ਉਸ ਨੂੰ ਨਿਭਾਉਂਦਿਆਂ ਆਪਣਾ ਜੀਵਨ ਨਿਰਬਾਹ ਕਰ ਰਹੇ ਸਨ। ਇਹ ਆਪਣੇ ਆਪ ਵਿੱਚ ਬੜੀ ਖੂਬਸੂਰਤ ਅਨੁਗਾਥਾ ਹੈ।

ਇੱਕ ਅਨੁਗਾਥਾ ਜਸਵੰਤ ਸਿੰਘ ਨੇਕੀ ਤੇ ਡਾ ਹਰਭਜਨ ਸਿੰਘ ਦੀ ਗਹਿਰੀ ਦੋਸਤੀ ਦੀ ਹੈ। ਡਾ ਹਰਭਜਨ ਸਿੰਘ ਹੋਣਾਂ ਦੀ ਚਿੱਠੀ ਲੈ ਕੇ ਇੱਕ ਵਿਅਕਤੀ ਡਾ ਜਸਵੰਤ ਸਿੰਘ ਨੇਕੀ ਕੋਲ ਪੁੱਜਦਾ ਹੈ। ਉਹਨਾਂ ਦਿਨਾਂ ਵਿੱਚ ਡਾਕਟਰ ਨੇਕੀ ਪੀਜੀਆਈ ਚੰਡੀਗੜ੍ਹ ਦੇ ਡਾਇਰੈਕਟਰ ਸਨ। ਡਾ ਹਰਭਜਨ ਸਿੰਘ ਹੋਰਾਂ ਦੇ

ਹਵਾਲੇ ਨਾਲ ਉਸ ਵਿਅਕਤੀ ਨੇ ਡਾ ਨੇਕੀ ਨੂੰ ਆਪਣੇ ਮੁੰਡੇ ਜੋ ਡਾਕਟਰੀ ਦੀ ਪੜ੍ਹਾਈ ਕਰ ਰਿਹਾ ਸੀ ਨੂੰ ਰਿਆਇਤੀ ਪਾਸ ਕਰਵਾਉਣ ਦੀ ਬੇਨਤੀ ਕੀਤੀ। ਜਦੋਂ ਡਾ ਨੇਕੀ ਨੇ ਡਾ ਹਰਭਜਨ ਸਿੰਘ ਹੁਰਾਂ ਵੱਲੋਂ ਲਿਖੀ ਚਿੱਠੀ ਉੱਪਰ ਝਾਤ ਪਾਈ ਤਾਂ ਉਹਨਾਂ ਨੇ ਲਿਖਿਆ ਸੀ ਕਿ ਡਾਕਟਰ ਸਾਹਿਬ ਇਹਨਾਂ ਦੀ ਮਦਦ ਜ਼ਰੂਰ ਕਰਨਾ। ਇਹ ਪੜ੍ਹਕੇ ਡਾ ਨੇਕੀ ਨੇ ਉਸ ਸੱਜਣ ਨੂੰ ਪੁੱਛਿਆ ਕਿ ਤੁਸਾਂ ਡਾ ਹਰਭਜਨ ਸਿੰਘ ਹੁਣਾਂ ਨੂੰ ਦੱਸਿਆ ਸੀ ਕਿ ਤੁਸੀਂ ਮੇਰੇ ਕੋਲੋਂ ਕਿਹੜਾ ਕੰਮ ਕਰਵਾਉਣਾ ਚਾਹੁੰਦੇ ਹੋ ? ਤਾਂ ਉਹ ਸੱਜਣ ਨੇ ਕਿਹਾ ਕਿ ਨਹੀਂ ਜੀ ਇੰਨੀ ਤਾਂ ਗੱਲ ਹੀ ਨਹੀਂ ਹੋਈ। ਮੈਂ ਉਹਨਾਂ ਨੂੰ ਕਿਹਾ ਕਿ ਮੈਨੂੰ ਤੁਹਾਡੇ ਨਾਲ ਕੰਮ ਹੈ ਤਾਂ ਉਹਨਾਂ ਨੇ ਬਿਨਾਂ ਕੁਝ ਸੁਣਿਆ ਮੈਨੂੰ ਤੁਹਾਡੇ ਨਾਂ ਤੇ ਬੜੇ ਮਾਣ ਨਾਲ ਚਿੱਠੀ ਲਿਖ ਕੇ ਫੜਾ ਦਿੱਤੀ ਤੇ ਮੈਂ ਤੁਹਾਡੀ ਸੇਵਾ ਵਿੱਚ ਹਾਜ਼ਰ ਹੋ ਗਿਆ। ਇਸ ਉੱਪਰ ਡਾ ਨੇਕੀ ਨੇ ਕਿਹਾ ਕਿ ਮੈਨੂੰ ਮਾਫ ਕਰਨਾ ਇਸ ਮਸਲੇ ਦੇ ਵਿੱਚ ਮੈਂ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦਾ। ਬਾਅਦ ਵਿੱਚ ਜਦੋਂ ਡਾ ਹਰਭਜਨ ਸਿੰਘ ਤੇ ਡਾ ਨੇਕੀ ਇੱਕ ਦੂਸਰੇ ਨੂੰ ਮਿਲੇ ਤਾਂ ਉਹਨਾਂ ਨੇ ਆਪਸ ਵਿੱਚ ਇਸ ਘਟਨਾ ਦਾ ਜ਼ਿਕਰ ਕੀਤਾ ਤਾਂ ਡਾ ਹਰਭਜਨ ਸਿੰਘ ਹੋਣਾਂ ਨੇ ਕਿਹਾ ਕਿ ਨੇਕੀ ਸਾਹਿਬ ਅਗਰ ਤੁਸੀਂ ਉਹਦਾ ਕਿਹਾ ਕੰਮ ਕਰ ਦਿੰਦੇ ਤਾਂ ਸਾਡੀ ਦੋਸਤੀ ਨੂੰ ਬੱਜ ਲੱਗ ਜਾਣੀ ਸੀ। ਇਸ ਤਰ੍ਹਾਂ ਇਹ ਉਹ ਲੋਕ ਸਨ ਜਿਹੜੇ ਜੀਵਨ ਵਿੱਚ ਸੱਚ ਸੁਚਮ ਤੇ ਮਿਹਨਤ ਵਿੱਚ ਯਕੀਨ ਰੱਖਦੇ ਸਨ । ਕਿਸੇ ਕਿਸਮ ਦੀ ਰਿਆਇਤ ਨਾ ਇਹਨਾਂ ਨੇ ਖੁਦ ਲਈ ਤੇ ਨਾ ਹੀ ਅੱਗੋਂ ਕਿਸੇ ਨਾਲ ਕੀਤੀ।

'ਕਿਸੇ ਮੰਗਤੇ ਕੋਲੋਂ ਨਾ ਮੰਗਣਾ' ਵੀ ਇਸ ਪੁਸਤਕ ਵਿੱਚ ਸ਼ਾਮਿਲ ਬੜੀ ਦਿਲਚਸਪ ਅਨੁਗਾਥਾ ਹੈ। ਇਹ ਅਨੁਗਾਥਾ ਕੌਮ ਦੇ ਆਗੂ ਲੀਡਰਾਂ ਤੇ ਆਮ ਸਧਾਰਨ ਸਿੱਖਾਂ ਦੇ ਕਿਰਦਾਰ ਵਿਚਲੇ ਫਰਕ ਨੂੰ ਬਿਆਨ ਕਰਨ ਲਈ ਕਾਫੀ ਹੈ। ਇਹ ਘਟਨਾ 1949 ਦੀ ਹੈ ਜਦੋਂ ਡਾ ਨੇਕੀ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਪ੍ਰਧਾਨ ਸਨ। ਉਹਨਾਂ ਦੀ ਅੰਤਰਿਮ ਕਮੇਟੀ ਨੇ ਫੈਸਲਾ ਕੀਤਾ ਕਿ ਫੈਡਰੇਸ਼ਨ ਦੇ ਸਿਰ ਕੱਢ ਵਰਕਰਾਂ ਦਾ ਇੱਕ ਟਰੇਨਿੰਗ ਕੈਂਪ ਲਾਇਆ ਜਾਵੇ। ਇਸ ਵਾਸਤੇ ਮਾਇਆ ਦੀ ਲੋੜ ਸੀ। ਕਿਸੇ ਨੇ ਉਹਨਾਂ ਨੂੰ ਸਲਾਹ ਦਿੱਤੀ ਕਿ ਉਹ ਮਾਸਟਰ ਤਾਰਾ ਸਿੰਘ ਕੋਲ ਜਾਣ ਉਹ ਲੋੜੀਂਦੀ ਸਹਾਇਤਾ ਕਰ ਸਕਦੇ ਹਨ। ਜਦੋਂ ਡਾ ਨੇਕੀ ਮਾਸਟਰ ਤਾਰਾ ਸਿੰਘ ਕੋਲ ਅੰਮ੍ਰਿਤਸਰ ਵਿਖੇ ਪਹੁੰਚਾ ਤਾਂ ਉਸ ਨੇ ਆਪਣੇ ਆਉਣ ਦਾ ਮਕਸਦ ਦੱਸਿਆ। ਮਾਸਟਰ ਤਾਰਾ ਸਿੰਘ ਅੰਦਰ ਗਏ ਤੇ 100 ਰੁਪਏ ਦਾ ਇੱਕ ਨੋਟ ਦਿੰਦਿਆ ਕਹਿਣ ਲੱਗੇ ਕਿ ਇਹ ਮੇਰੇ ਵੱਲੋਂ ਸਹਾਇਤਾ ਵਿੱਚ ਪਾ ਲੈਣਾ। ਉਹਨਾਂ ਦੀ ਦਿੱਤੀ ਇਹ ਨਿਗੂਣੀ ਸਹਾਇਤਾ ਨੂੰ ਵੇਖ ਕੇ ਡਾ ਨੇਕੀ ਨੂੰ ਬਹੁਤ ਨਿਰਾਸ਼ਾ ਹੋਈ ਤੇ ਉਹਨਾਂ ਨੇ ਉਹ ਨੋਟ ਉਹਨਾਂ ਨੂੰ ਹੀ ਮੋੜਦਿਆਂ ਕਿਹਾ ਕਿ ਤੁਸੀਂ ਰੱਖ ਲਓ ਤੁਹਾਡੇ ਕਿਸੇ ਕੰਮ ਆਉਣਗੇ। ਉਥੋਂ ਨਿਰਾਸ਼ ਹੋ ਕੇ ਡਾ ਨੇਕੀ ਲੁਧਿਆਣੇ ਆ ਗਏ ਤੇ ਆਪਣੇ ਇੱਕ ਮਿੱਤਰ ਦੇ ਘਰ ਰਾਤ ਠਹਿਰ ਗਏ ਤਾਂ ਉਹਨਾਂ ਨੇ ਉਸ ਮਿੱਤਰ ਨੂੰ ਆਪਣੀ ਇਹ ਮੁਸ਼ਕਲ ਦੱਸੀ ਤੇ ਇਹ ਵੀ ਦੱਸਿਆ ਕਿ ਉਹਨਾਂ ਦੇ ਦਾਦਾ ਜੀ ਕਿਹਾ ਕਰਦੇ ਸਨ ਕਿ ਕਿਸੇ ਮੰਗਤੇ ਕੋਲੋਂ ਨਾ ਮੰਗਣਾ ਵਾਹਿਗੁਰੂ ਕੋਲੋਂ ਮੰਗਣਾ। ਤਾਂ ਉਹਨਾਂ ਦਾ ਮਿੱਤਰ ਕਹਿਣ ਲੱਗਾ ਬਹੁਤ ਚੰਗੀ ਗੱਲ ਹੈ ਆਪਾਂ ਸਵੇਰੇ ਗੁਰਦੁਆਰੇ ਚੱਲਾਂਗੇ ਤੇ ਸੰਗਤ ਦੇ ਚਰਨਾਂ ਵਿੱਚ ਗੁਰੂ ਦੀ ਹਜ਼ੂਰੀ ਵਿੱਚ ਬੇਨਤੀ ਕਰਾਂਗੇ। ਅਗਲੇ ਦਿਨ ਜਦੋਂ ਉਹਨਾਂ ਨੇ ਇਹ ਬੇਨਤੀ ਸਿੱਖ ਸੰਗਤ ਨੂੰ ਕੀਤੀ ਤਾਂ ਭਾਈ ਸਮੁੰਦ ਸਿੰਘ ਜਿਹੜੇ ਉਸ ਸਮੇਂ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਕਰਨ ਆਏ ਹੋਏ ਸਨ ਤੇ ਕਮੇਟੀ ਨੇ ਉਹਨਾਂ ਨੂੰ ਕੀਰਤਨ ਕਰਨ ਬਦਲੇ 51 ਰੁਪਏ ਭੇਟਾ ਵਜੋਂ ਦੇਣੇ ਸਨ ਤਾਂ ਉਹਨਾਂ ਨੇ ਉਹ 51 ਰੁਪਏ ਵੀ ਡਾ. ਨੇਕੀ ਹੁਣਾਂ ਦੇ ਮਕਸਦ ਹਿਤ ਦਾਨ ਕਰਨ ਦਾ ਐਲਾਨ ਕੀਤਾ ਤੇ ਨਾਲ 50 ਰੁਪਏ ਆਪਣੀ ਜੇਬ ਵਿੱਚੋਂ ਕੱਢ ਕੇ ਹੋਰ ਫੜਾ ਦਿੰਦੇ। ਇਹ ਸੁਣ ਕੇ ਉਥੇ ਹਾਜ਼ਰ ਸਿੱਖ ਸੰਗਤ ਨੇ ਮਾਇਆ ਦਾ ਢੇਰ ਲਗਾ ਦਿੱਤਾ। ਇਸ ਤਰ੍ਹਾਂ ਆਪਣੇ ਦਾਦਾ ਜੀ ਦੇ ਕਹੇ ਵਾਕ ਨੂੰ ਡਾ. ਨੇਕੀ ਨੇ ਉਥੇ ਪੂਰਨ ਹੁੰਦਿਆ ਸਾਖਸ਼ਾਤ ਵੇਖਿਆ।

ਇਸ ਪੁਸਤਕ ਵਿੱਚ ਸ਼ਾਮਿਲ ਬਹੁਤ ਸਾਰੀਆਂ ਅਨੁਗਾਥਾਵਾਂ ਅਜਿਹੀਆਂ ਵੀ ਹਨ ਜੋ ਜੀਵਨ ਦੇ ਨੈਤਿਕ ਮੁੱਲਾਂ ਨਾਲ ਜੁੜੀਆਂ ਹੋਈਆਂ ਹਨ ਅਤੇ ਇਹਨਾਂ ਗਾਥਾਵਾਂ ਨੂੰ ਪੜ੍ਹ ਕੇ ਸਾਨੂੰ ਜੀਵਨ ਵਿੱਚ ਨੈਤਿਕ ਸੇਧ ਵੀ ਮਿਲਦੀ ਹੈ। ਨੈਤਿਕਤਾ ਦਾ ਪ੍ਰਚਾਰ ਤੇ ਪਸਾਰ ਕਰਨ ਵਾਲੀਆਂ ਇਹਨਾਂ ਅਨੁਗਾਥਾਵਾਂ ਜਾਂ ਲਗੂ ਕਥਾਵਾਂ ਵਿੱਚ 'ਬਚਪਨ ਵਾਲੀਆਂ ਮਾਸੂਮ ਨਜ਼ਰਾਂ' 'ਇਹ ਅਹਿਸਾਨ' 'ਨਿੰਦਾ ਭਲੀ ਕਿਸੀ ਕੀ ਨਾਹੀ' 'ਇੱਕ ਪਿਆਰਾ ਟਕਰਾਓ' 'ਪਿੱਠ ਪਿੱਛੇ ਵੀ ਨਿੰਦਾ ਨਹੀਂ ਕਰਦੇ' 'ਅਸ਼ਲੀਲ ਬੋਲਾਂ ਦਾ ਨਿਯੰਤਰਨ' ਆਦਿ ਇਹਨਾਂ ਲਘੂ ਕਥਾਵਾਂ ਵਿੱਚ ਸ਼ਾਮਿਲ ਕੀਤੀਆਂ ਜਾ ਸਕਦੀਆਂ ਹਨ।

ਡਾ. ਜਸਵੰਤ ਸਿੰਘ ਨੇਕੀ ਇੱਕ ਐਸੀ ਹਸਤੀ ਸਨ ਜਿਨ੍ਹਾਂ ਨੇ ਆਪਣੇ ਡਾਕਟਰੀ ਪੇਸ਼ੇ ਨਾਲ ਜੁੜ ਕੇ ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਦੀ ਯਾਤਰਾ ਕੀਤੀ। ਇਸ ਯਾਤਰਾ ਦੌਰਾਨ ਉਹਨਾਂ ਨੂੰ ਬਹੁਤ ਸਾਰੇ ਲੋਕ ਮਿਲੇ ਜਿਹੜੇ ਉਹਨਾਂ ਦੇ ਮਨ ਉਪਰ ਗਹਿਰੀ ਛਾਪ ਛੱਡ ਗਏ। ਅਜਿਹੀ ਹੀ ਇੱਕ ਛਾਪ ਅਕਿੰਡੇਲੇ ਨਾਂ ਦੀ ਨਰਸ ਨੇ ਉਹਨਾਂ ਦੇ ਮਨ ਤੇ ਪੱਕੀ ਛੱਡ ਦਿੱਤੀ। ਲੇਖਕ ਜਦੋਂ ਨਾਈਜੀਰੀਆ ਵਿੱਚ ਇੱਕ ਹਸਪਤਾਲ ਵਿੱਚ ਕੰਮ ਕਰਦਾ ਸੀ ਤਾਂ ਇਹ ਨਰਸ ਉਹਨਾਂ ਨੂੰ ਉਥੇ ਮਿਲੀ ਸੀ। ਉਹ ਨਰਸ ਹਮੇਸ਼ਾ ਕੁਝ ਨਾ ਕੁਝ ਮੂੰਹ ਵਿੱਚ ਗੁਣ ਗੁਣਾਦੀ ਰਹਿੰਦੀ ਸੀ ਤੇ ਜੀ ਜਾਨ ਨਾਲ ਮਰੀਜ਼ਾਂ ਦੀ ਸੇਵਾ ਕਰਦੀ ਸੀ। ਸਾਰੇ ਮਰੀਜ਼ ਚਾਹੁੰਦੇ ਸਨ ਕਿ ਉਹ ਉਹਨਾਂ ਦੇ ਕੋਲ ਬੈਠੇ ਉਹਨਾਂ ਦੀ ਸੇਵਾ ਕਰੇ । ਇੱਕ ਦਿਨ ਉਹ ਕੋਨੇ ਵਿੱਚ ਸਕਰੀਨ ਲਾ ਕੇ ਉਸਦੇ ਓਹਲੇ ਜਾ ਕੇ ਬੈਠ ਗਈ। ਸਾਰੇ ਮਰੀਜ਼ ਤੇ ਡਾਕਟਰ ਉਸਨੂੰ ਲੱਭ ਰਹੇ ਸਨ। ਅਚਾਨਕ ਡਾ ਨੇਕੀ ਨੇ ਉਹ ਸਕਰੀਨ ਚੁੱਕੀ ਤਾਂ ਕੀ ਦੇਖਦਾ ਹੈ ਕਿ ਉਹ ਉਥੇ ਬੈਠੀ ਰੋ ਰਹੀ ਸੀ। ਡਾ ਨੇਕੀ ਨੇ ਉਸ ਨੂੰ ਰੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸਦੀ ਦਾਦੀ ਮਰ ਗਈ ਹੈ ਜਿਹੜੀ ਉਸਨੂੰ ਗੀਤ ਸੁਣਾਇਆ ਕਰਦੀ ਸੀ ਤੇ ਉਹਨਾਂ ਗੀਤਾਂ ਨੂੰ ਉਹ ਯਾਦ ਕਰਕੇ ਹਮੇਸ਼ਾ ਗੁਣਗੁਣਾਉਂਦੀ ਰਹਿੰਦੀ ਸੀ। ਇਕ ਗੀਤ ਜੋ ਉਸਦੀ ਦਾਦੀ ਨੇ ਪਿਛਲੇ ਦਿਨੀ ਉਸ ਨੂੰ ਸੁਣਾਇਆ ਤੇ ਸਿਖਾਇਆ ਉਹ ਗੀਤ ਵੀ ਉਸਨੇ ਡਾ ਨੇਕੀ ਨਾਲ ਸਾਂਝਾ ਕੀਤਾ, ਗੀਤ ਸੀ

ਫੁੱਲ ਕੁਮਲਾ ਗਏ ਨੀ
ਪੰਛੀ ਉੱਡ ਗਏ ਨੀ
ਸੂਰਜ ਛਿਪ ਗਿਆ ਈ
ਸ਼ੀਸ਼ਾ ਟੁੱਟ ਗਿਆ ਈ
ਵੇ ਬੰਦਿਆ ਤੁਧ ਅਜੇ ਸਮਝ ਨਾ ਆਈ

ਇਹ ਗੀਤ ਉਸ ਨਰਸ ਨੇ ਬੜੀ ਵਾਰ ਗਾਇਆ ਸੀ ਪਰ ਇਸ ਦਾ ਮਤਲਬ ਉਸਨੂੰ ਅੱਜ ਸਮਝ ਆਇਆ ਸੀ। ਉਸਨੇ ਡਾ ਨੇਕੀ ਨੂੰ ਦੱਸਿਆ ਕਿ ਕੇਵਲ ਮੇਰੀ ਦਾਦੀ ਨਹੀਂ ਮਰ ਗਈ ਉਸ ਦੇ ਜਾਣ ਨਾਲ ਇੱਕ ਸੱਭਿਆਚਾਰ ਉਜੜ ਗਿਆ ਹੈ। ਇਸ ਤਰਾਂ ਇਹ ਲਘੂ ਗਾਥਾ ਇਸ ਸਤ ਦੀ ਲਿਖਾਇਕ ਬਣਦੀ ਹੈ ਕਿ ਮਨੁੱਖ ਧਰਤੀ ਤੇ ਜਿੱਥੇ ਵੀ ਰਹਿੰਦਾ ਹੈ ਉਸਦੀਆਂ ਭਾਵਨਾਵਾਂ ਇੱਕੋ ਜਿਹੀਆਂ ਹੀ ਹੁੰਦੀਆਂ ਹਨ। ਇੱਕ ਬਜ਼ੁਰਗ ਦਾ ਸਾਡੇ ਵਿੱਚੋਂ ਉੱਠ ਜਾਣਾ ਇੱਕ ਸੱਭਿਅਤਾ ਦਾ ਉਜੜ ਜਾਣਾ ਇਕ ਸੱਭਿਆਚਾਰ ਦਾ ਮਰ ਜਾਣਾ ਹੁੰਦਾ ਹੈ।

ਇਸ ਸੰਗ੍ਰਹਿ ਵਿੱਚ ਕੁਝ ਅਜਿਹੀਆਂ ਲਘੂ ਕਥਾਵਾਂ ਵੀ ਸ਼ਾਮਿਲ ਹਨ ਜਿਹੜੀਆਂ ਬਹੁਤ ਹੀ ਸੂਖਮ ਭਾਵੀ ਹਨ। ਅਜਿਹੀ ਸੁਹਜਾਤਮਾ ਤੇ ਸੂਖਮ ਵਾਰਤਕ ਪੰਜਾਬੀ ਵਿੱਚ ਕਦੇ ਕਦੇ ਹੀ ਪੜ੍ਹਨ ਨੂੰ ਮਿਲਦੀ ਹੈ। ਇਸ ਸੰਗ੍ਰਹਿ ਵਿੱਚ 'ਕਰਤਾਰ ਦੀ ਹੇਕ' ਇੱਕ ਐਸੀ ਅਨੁਗਾਥਾ ਹੈ ਜੋ ਕਾਇਨਾਤ ਵਿੱਚ ਰੱਬ ਦੇ ਦਰਸ਼ਨ ਦਿਦਾਰੇ ਕਰਵਾ ਜਾਂਦੀ ਹੈ। ਇਹ ਇੱਕ ਬੜੀ ਸੂਖਮ ਘਟਨਾ ਹੈ ਜਿਸ ਨੂੰ ਇੱਕ ਸੂਖਮਭਾਵੀ ਮਨੁੱਖ ਹੀ ਮਾਣ ਸਕਦਾ ਹੈ ਸਮਝ ਸਕਦਾ ਹੈ। ਜਦੋਂ ਲੇਖਕ ਪੀਜੀਆਈ ਚੰਡੀਗੜ੍ਹ ਦਾ ਡਾਇਰੈਕਟਰ ਸੀ ਤਾਂ ਇੱਕ ਸਵੇਰ ਉੱਠ ਕੇ ਉਹ ਆਪਣੇ ਘਰ ਦੇ ਬਰਾਮਦੇ ਵਿੱਚ ਆ ਬੈਠਾ। ਕੀ ਦੇਖਦਾ ਹੈ ਕਿ ਸਾਹਮਣੇ ਬਣੇ ਹੋਏ ਲਾਅਨ ਵਿੱਚ ਰੰਗ ਬਰੰਗੇ ਪੰਛੀ ਚੋਗਾ ਚੁਗ ਰਹੇ ਸਨ, ਚਹ ਚਿਹਾ ਰਹੇ ਸਨ। ਉਹਨਾਂ ਵਿੱਚੋਂ ਦੋ ਪੰਛੀ ਲੇਖਕ ਦੇ ਕੋਲ ਬਰਾਮਦੇ ਵਿੱਚ ਆ ਕੇ ਉਸਦੇ ਸਾਹਮਣੇ ਖੜ੍ਹੋ ਗਏ। ਲੇਖਕ ਨੇ ਆਪਣਾ ਸਾਹ ਸੂਤ ਲਿਆ ਤੇ ਇਸ ਡਰੋਂ ਕਿ ਇਹ ਪੰਛੀ ਉੱਡ ਨਾ ਜਾਣ ਉਸਨੇ ਆਪਣੀ ਹਿਲ ਜੁਲ ਪੂਰੀ ਤਰਾਂ ਬੰਦ ਕਰ ਦਿੱਤੀ। ਉਹਨਾਂ ਦੋਨਾਂ ਪੰਛੀਆਂ ਨੇ ਲੇਖਕ ਵੱਲ ਵੇਖ ਕੇ ਇਕ ਲੰਬੀ ਕੂਕ, ਇਕ ਲੰਬੀ ਹੇਕ ਲਾਈ ਤੇ ਕਾਫੀ ਚਿਰ ਤੱਕ ਲੇਖਕ ਵੱਲ ਦੇਖਦੇ ਰਹੇ ਤੇ ਲੇਖਕ ਉਹਨਾਂ ਵੱਲ ਵੇਖਦਾ ਰਿਹਾ। ਇੰਨੇ ਨੂੰ ਘਾਹ ਦੇ ਮੈਦਾਨ ਵਿੱਚ ਚੋਗਾ ਚੁਗਦੇ ਪੰਛੀ ਇਕਦਮ ਉੱਡ ਗਏ ਤੇ ਉਹ ਦੋਵੇਂ ਪੰਛੀ ਵੀ ਉਨਾਂ ਦੇ ਨਾਲ ਜਾ ਰਲੇ । ਉਹਨਾਂ ਦੋ ਪੰਛੀਆਂ ਦੀ ਹੇਕ ਵਿੱਚੋਂ ਡਾ ਨੇਕੀ ਨੇ ਉਸ ਕਰਤਾਰ, ਵਾਹਿਗੁਰੂ ਅਕਾਲ ਪੁਰਖ ਦੀ ਹੇਕ ਨੂੰ ਸੁਣ ਲਿਆ ਸੀ। ਐਸਾ ਅਨੁਭਵ ਪ੍ਰਾਪਤ ਕਰਨਾ ਵੀ ਕਿਸੇ ਕਿਸੇ ਦੇ ਹਿੱਸੇ ਆਉਂਦਾ ਹੈ। ਐਸੀਆਂ ਘਟਨਾਵਾਂ ਨੂੰ ਯਾਦ ਰੱਖਣਾ ਤੇ ਕਲਮਬਧ ਕਰਨਾ ਵੀ ਕਿਸੇ ਸੋਹਜਵੰਤੇ ਪ੍ਰਾਣੀ ਦਾ ਹੀ ਕਰਮ ਹੈ ਜੋ ਡਾ. ਨੇਕੀ ਦੇ ਹਿੱਸੇ ਹੀ ਆਇਆ ਸੀ।

ਉੱਪਰੋਕਤ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਇਹ ਪੁਸਤਕ ਪੰਜਾਬੀ ਵਾਰਤਕ ਦੀ ਇਕ ਮਹਾਨ ਪੁਸਤਕ ਹੈ। ਇਸ ਪੁਸਤਕ ਰਾਹੀਂ ਜਿੱਥੇ ਪੰਜਾਬੀ ਵਾਰਤਕ ਨੂੰ ਵਿਧਾਗਤ ਅਮੀਰੀ ਮਿਲਦੀ ਹੈ ਉੱਥੇ ਨਾਲ ਦੀ ਨਾਲ ਇਹ ਪੰਜਾਬੀ ਵਾਰਤਕ ਦੀ ਵਿਧਾਗਤ ਅਮੀਰੀ ਤੇ ਕਹਾਣੀ ਰਸ ਦੇ ਤੱਤ ਨੂੰ ਹੋਰ ਵੀ ਮਜ਼ਬੂਤ ਕਰਦੀ ਹੈ। ਮੇਰਾ ਮੰਨਣਾ ਹੈ ਕਿ ਇਹ ਪੁਸਤਕ ਪੰਜਾਬੀ ਵਾਰਤਕ ਵਿੱਚ ਇੱਕ ਨਿਵੇਕਲਾ ਵਾਧਾ ਕਰਦੀ ਹੈ ਜੋ ਪੂਰਬੀ ਵਿਚਾਰਧਾਰਾ ਦੇ ਪਰਚਮ ਨੂੰ ਲਹਿਰਾਉਂਦੀ ਹੋਈ ਜੀਵਨ ਵਿੱਚ ਸੱਚ, ਸੁਚਮ, ਸੰਜਮ ਤੇ ਨੈਤਿਕ ਸਰੋਕਾਰਾਂ ਦਾ ਪ੍ਰਚਾਰ ਕਰਦੀ ਹੋਈ ਗੁਰਮਤਿ ਦੇ ਨੁਕਤਾ ਨਿਗਾਹ ਤੋਂ ਵੀ ਮਹੱਤਵਪੂਰਨ ਸਿੱਧ ਹੁੰਦੀ ਹੈ।

# ਹਰਪ੍ਰੀਤ ਪੱਤੋ ਦੀਆਂ ਦੋ ਕਵਿਤਾਵਾਂ

ਕਾਵਿ ਰੰਗ

## ਨਿਪਾਲ ਦੇਸ਼ ਦੀ ਤ੍ਰਾਸਦੀ

ਨਹੀਂ ਬਚਿਆ ਦੁਨੀਆਂ ਦਾ ਦੇਸ਼ ਕੋਈ,
ਜਿੱਥੇ ਹੋਇਆ ਨਾ ਹੋਵੇ ਬਬਾਲ ਬਾਬਾ।

ਹੁਣ ਇੱਕ ਗਰੀਬ ਥੋੜੀ ਵਸੋਂ ਵਾਲਾ,
ਆਇਆ ਲਪੇਟ 'ਚ ਦੇਸ਼ ਨਿਪਾਲ ਬਾਬਾ।

ਸ਼ਹਿਰ ਫੂਕ 'ਤੇ, ਫੂਕ 'ਤੇ ਰਾਜ ਭਵਨ,
ਐਸਾ ਭੜਕਿਆ ਉੱਥੇ ਜਵਾਲ ਬਾਬਾ।

ਸੜਕਾਂ ਉੱਤੇ ਉਮੜਿਆ ਸੈਲਾਬ ਭਾਰੀ,
ਰਿਹਾ ਕੋਈ ਨਾ ਬੁੱਢਾ , ਬਾਲ ਬਾਬਾ।

ਚੱਲੀਆਂ ਗੋਲੀਆਂ, ਫ਼ੌਜੀ ਰਾਜ ਹੋਇਆ,
ਉੱਥੇ ਕੂਕਿਆ ਕਈਆਂ ਦਾ ਕਾਲ ਬਾਬਾ।

ਘੁੱਗ ਵਸਦਾ ਸੀ ਦੇਸ਼ ਪਹਾੜੀਆਂ 'ਤੇ,
ਅੱਜ ਵੇਖ ਹੋਇਆ ਬੁਰਾ ਹਾਲ ਬਾਬਾ।

ਜਿੱਥੇ ਮਿਲੇ ਨਾ ਕਿਸੇ ਨੂੰ ਇਨਸਾਫ਼ ਕੋਈ,
ਜਨਤਾਂ ਕਰੇ ਚੰਗੇ ਦੀ ਭਾਲ ਬਾਬਾ।

ਅੱਗ ਲਾਈ ਵਾਲੀ, ਕਹਾਵਤ ਸੱਚ ਹੁੰਦੀ,
ਲੀਡਰ ਆਪਣਾ ਕਰਨ ਖ਼ਿਆਲ ਬਾਬਾ।

ਫਿਰ ਰਾਜ ਭਾਗ 'ਪੱਤੋ' ਛੱਡ, ਭੱਜ ਜਾਂਦੇ,
ਪਿੱਛੇ ਰਹਿ ਜਾਂਦਾ ਜੋੜਿਆ ਮਾਲ ਬਾਬਾ।

ਕਵਿਤਾ

## ਦਰਿਆਵਾਂ ਦੇ ਵਹਿਣ

ਜਾ ਕੇ ਪੁੱਛੋ ਉਨ੍ਹਾਂ ਦੁਖਿਆਰਿਆਂ ਨੂੰ,
ਜਿੱਥੇ ਪਈ ਪਾਨੀ ਦੀ ਮਾਰ ਭਾਈ।

ਫਸਲ ਹੜ੍ਹੀ, ਹੜ੍ਹੇ ਘਰ ਬਾਰ ਸਾਰੇ,
ਗਏ ਕਰਮ ਜਿਨ੍ਹਾਂ ਦੇ ਹਾਰ ਭਾਈ।

ਸੈਂਕੜੇ ਸਾਲ ਨਾ ਘਾਟੇ ਹੋਣ ਪੂਰੇ,
ਉੱਜੜ ਗਏ ਨੇ ਲੱਖਾਂ ਪ੍ਰੀਵਾਰ ਭਾਈ।

ਹਾਕਾਂ ਮਾਰ ਦੇ ਖੜ੍ਹ ਬਨੇਰਿਆਂ 'ਤੇ,
ਆ ਕੇ ਲਵੇ ਕੋਈ ਸਾਡੀ ਸਾਰ ਭਾਈ।

ਪਾਨੀ ਕੰਢੇ ਖੋਰੇ, ਮਾਵਾਂ ਪੁੱਤ ਤੋਰੇ,
ਭਰ ਟਰਾਲੀਆਂ ਹੋ ਤਿਆਰ ਭਾਈ।

ਚਾਰਾ, ਤੂੜੀ, ਖਲ, ਫੀਡ ਲੱਦ ਲੈ ਗਏ,
ਕਣਕ, ਆਟਾ, ਚੋਲ, ਜਵਾਰ ਭਾਈ।

ਮਾਰ ਬੰਨ੍ਹ ਦਰਿਆਵਾਂ ਦੇ ਵਹਿਣ ਮੋੜੇ,
ਨਹੀਂ ਮੰਨਦੇ ਪੰਜਾਬੀ ਹਾਰ ਭਾਈ।

ਪੰਜਾਬ ਵੱਸਦਾ ਗੁਰਾਂ ਦੇ ਨਾਂ 'ਪੱਤੋ',
ਜਿੱਥੇ ਹੋਏ ਅਜੀਤ ਜੁਝਾਰ ਭਾਈ।

**ਹਰਪ੍ਰੀਤ ਪੱਤੋ**
ਪਿੰਡ ਪੱਤੋ ਹੀਰਾ ਸਿੰਘ, ਮੋਗਾ
ਫੋਨ ਨੰਬਰ - 94658-21417

# ਭਾਰਤੀ ਭਾਸ਼ਾਵਾਂ ਦੀਆਂ ਮਿੰਨੀ ਕਹਾਣੀਆਂ

**ਜਗਦੀਸ਼ ਰਾਏ ਕੁਲਰੀਆਂ**



**ਪੰਜਾਬੀ ਮਿੰਨੀ ਕਹਾਣੀ ਨੇ ਅਜੋਕੇ ਸਮੇਂ ਪਾਠਕਾਂ ਦਾ ਤੇ ਨਵੇਂ ਲੇਖਕਾਂ ਦਾ ਵੱਡੀ ਪੱਧਰ ਤੇ ਧਿਆਨ ਆਪਣੇ ਵੱਲ ਖਿੱਚਿਆ ਹੈ। ਇਸ ਦੀ ਸਿਰਜਣਾ ਵੇਲੇ ਲੇਖਕਾਂ ਨੂੰ ਕੁਝ ਗੱਲਾਂ ਜ਼ਹਿਨ ਵਿਚ ਜ਼ਰੂਰ ਰੱਖਣੀਆਂ ਚਾਹੀਦੀਆਂ ਹਨ ਤਾਂ ਜੋ ਰਚਨਾ ਮਿਆਰੀ ਤੇ ਪੁਖ਼ਤਾ ਬਣ ਸਕੇ। ਮਿੰਨੀ ਕਹਾਣੀ ਵਿਚ ਇਸਦੇ ਨਾਮ ਵਾਲੇ ਦੋਵੇਂ ਗੁਣ ਜ਼ਰੂਰ ਹੋਣੇ ਚਾਹੀਦੇ ਹਨ, ਭਾਵ ਕਿ ਰਚਨਾ ਮਿੰਨੀ ਵੀ ਹੋਵੇ ਤੇ ਉਸ ਵਿਚ ਕਹਾਣੀ ਵੀ ਜ਼ਰੂਰ ਹੋਵੇ। ਇਹ ਕਿਸੇ ਵੀ ਤਰ੍ਹਾਂ ਕਹਾਣੀ ਦਾ ਸੰਖੇਪ ਰੂਪ ਨਾ ਜਾਪੇ। ਖਾਸ ਤੌਰ ਤੇ ਲੇਖਕ ਘਟਨਾ ਦੀ ਚੋਣ ਵੇਲੇ ਸਤਰਕ ਹੋਵੇ।**

**ਪੇਸ਼ਕਸ਼: ਜਗਦੀਸ਼ ਰਾਏ ਕੁਲਰੀਆਂ**

## ਵਿਹੜੇ ਦੀ ਧੁੱਪ / ਸ਼ਿਆਮ ਸੁੰਦਰ ਅਗਰਵਾਲ

ਬਾਰ੍ਹਾਂ ਵਜੇ ਦੇ ਲਗਭਗ ਘਰ ਦੇ ਛੋਟੇ ਜਿਹੇ ਵਿਹੜੇ ਵਿਚ ਸੂਰਜ ਦੀਆਂ ਕਿਰਨਾਂ ਨੇ ਪ੍ਰਵੇਸ਼ ਕੀਤਾ। ਧੁੱਪ ਦਾ ਦੋ ਫੁੱਟ ਚੌੜਾ ਟੁਕੜਾ ਜਦੋਂ ਚਾਰ ਫੁੱਟ ਲੰਬਾ ਹੋ ਗਿਆ ਤਾਂ ਸੱਠ ਵਰ੍ਹਿਆਂ ਦੀ ਮੁੰਨੀ ਦੇਵੀ ਨੇ ਉਸਨੂੰ ਆਪਣੀ ਮੰਜੀ ਉੱਤੇ ਵਿਛਾ ਲਿਆ।

"ਆਪਣੀ ਮੰਜੀ ਥੋੜੀ ਪਰੇ ਸਰਕਾ ਨਾ, ਇਨ੍ਹਾਂ ਪੌਦਿਆਂ ਨੂੰ ਵੀ ਥੋੜੀ ਧੁੱਪ ਲਵਾ ਦਿਆਂ।" ਹੱਥ ਵਿਚ ਗਮਲਾ ਚੁੱਕੀ ਸੰਪਤ ਲਾਲ ਜੀ ਨੇ ਪਤਨੀ ਨੂੰ ਕਿਹਾ।

ਧੁੱਪ ਦਾ ਟੁਕੜਾ ਮੰਜੀ ਤੇ ਗਮਲਿਆਂ ਵਿਚ ਵੰਡਿਆ ਗਿਆ।

ਦੋ-ਢਾਈ ਘੰਟਿਆਂ ਤੱਕ ਮੰਜੀ ਤੇ ਗਮਲੇ ਧੁੱਪ ਦੇ ਟੁਕੜੇ ਦੇ ਨਾਲ ਨਾਲ ਸਰਕਦੇ ਰਹੇ।

ਛੁੱਟੀਆਂ ਵਿਚ ਨਾਨਕੇ ਆਏ ਦਸ ਵਰ੍ਹਿਆਂ ਦੇ ਰਾਹੁਲ ਦੀ ਸਮਝ ਵਿਚ ਨਹੀਂ ਆ ਰਿਹਾ ਸੀ ਕਿ ਉਸਦੇ ਨਾਨਾ ਜੀ ਗਮਲਿਆਂ ਨੂੰ ਵਾਰ-ਵਾਰ ਚੁੱਕ ਕੇ ਇੱਧਰ-ਉੱਧਰ ਕਿਉਂ ਕਰ ਰਹੇ ਹਨ। ਆਖਿਰ ਉਸਨੇ ਇਸ ਬਾਰੇ ਨਾਨਾ ਜੀ ਤੋਂ ਪੁੱਛ ਹੀ ਲਿਆ।

ਸੰਪਤ ਲਾਲ ਜੀ ਬੋਲੇ, "ਬੇਟੇ, ਪੌਦਿਆਂ ਦੇ ਵਧਣ-ਫੁੱਲਣ ਲਈ ਧੁੱਪ ਬਹੁਤ ਜ਼ਰੂਰੀ ਹੈ। ਧੁੱਪ ਦੇ ਬਿਨਾਂ ਤਾਂ ਇਹ ਹੌਲੇ-ਹੌਲੇ ਮਰ ਜਾਣਗੇ।"

ਕੁਝ ਦੇਰ ਸੋਚਣ ਮਗਰੋਂ ਰਾਹੁਲ ਬੋਲਿਆ, "ਨਾਨੂੰ, ਜਦੋਂ ਸਾਡੇ ਵਿਹੜੇ ਵਿਚ ਚੰਗੀ ਤਰ੍ਹਾਂ ਨਾਲ ਧੁੱਪ ਆਉਂਦੀ ਹੀ ਨਹੀਂ ਤਾਂ ਤੁਸੀਂ ਇਹ ਪੌਦੇ ਲਾਏ ਹੀ ਕਿਉਂ?"

"ਜਦੋਂ ਪੌਦੇ ਲਾਏ ਸਨ, ਉਦੋਂ ਤਾਂ ਬਹੁਤ ਧੁੱਪ ਆਉਂਦੀ ਸੀ। ਉਂਜ ਵੀ ਹਰ ਘਰ 'ਚ ਪੌਦੇ ਤਾਂ ਹੋਣੇ ਹੀ ਚਾਹੀਦੇ ਨੇ।"

"ਪਹਿਲਾਂ ਬਹੁਤ ਧੁੱਪ ਕਿਵੇਂ ਆਉਂਦੀ ਸੀ?" ਰਾਹੁਲ ਹੈਰਾਨ ਸੀ।

"ਬੇਟੇ, ਪਹਿਲਾਂ ਸਾਡੇ ਘਰ ਦੇ ਚਾਰੇ ਪਾਸੇ, ਸਾਡੇ ਘਰ ਵਰਗੇ ਇਕ ਮੰਜ਼ਲਾ ਮਕਾਨ ਹੀ ਸਨ। ਫਿਰ ਬਾਹਰੋਂ ਲੋਕ ਆਉਣ ਲੱਗੇ। ਉਨ੍ਹਾਂ ਨੇ ਇਕ-ਇਕ ਕਰਕੇ ਗਰੀਬ ਲੋਕਾਂ ਦੇ ਕਈ ਮਕਾਨ ਖਰੀਦ ਲਏ ਤੇ ਸਾਡੇ ਇਕ ਪਾਸੇ ਬਹੁ-ਮੰਜ਼ਲਾ ਇਮਾਰਤ ਬਣਾ ਲਈ। ਫਿਰ ਇੰਜ ਹੀ ਸਾਡੇ ਦੂਜੇ ਪਾਸੇ ਵੀ ਉੱਚੀ ਇਮਾਰਤ ਬਣ ਗਈ।"

"ਤੇ ਫਿਰ ਪਿੱਛਲੇ ਪਾਸੇ ਵੀ ਉੱਚੀ ਬਿਲਡਿੰਗ ਬਣ ਗਈ, ਹੈ ਨਾ?" ਰਾਹੁਲ ਨੇ ਆਪਣੀ ਬੁੱਧੀ ਦਾ ਪ੍ਰਯੋਗ ਕਰਦੇ ਹੋਏ ਕਿਹਾ।

"ਹਾਂ, ਅਸੀਂ ਆਪਣਾ ਜੱਦੀ ਮਕਾਨ ਨਹੀਂ ਵੇਚਿਆ ਤਾਂ ਉਨ੍ਹਾਂ ਨੇ ਸਾਡੇ ਵਿਹੜੇ ਦੀ ਧੁੱਪ ਤੇ ਕਬਜਾ ਕਰ ਲਿਆ।" ਸੰਪਤ ਲਾਲ ਜੀ ਨੇ ਡੂੰਘਾ ਸਾਹ ਲੈਂਦੇ ਹੋਏ ਕਿਹਾ।

—o—

## ਸੀਰੀ / ਸੁਰਿੰਦਰ ਕੈਲੇ

'ਕੁੜੇ ਬਸੰਤ ਕੁਰੇ, ਸੁਣਿਐ ਕੁੱਛ? ਆਹ ਤਾਂ ਰੱਬ ਨੇ ਲੋੜ੍ਹਾ ਈ ਮਾਰਿਆ' , ਅੰਦਰ ਵੜਦੀ ਗੁਆਂਢਣ ਨੇ ਗੱਲ ਸ਼ੁਰੂ ਕਰਦਿਆਂ ਕਿਹਾ

' ਕੀ ਹੋਇਆ ਭੈਣੇ? ' ਬਸੰਤ ਕੌਰ ਦੇ ਗੱਲ ਸਮਝ ਨਾ ਆਈ ਤੇ ਉਸਨੇ ਅੱਗੋਂ ਜਾਣਨਾ ਚਾਹਿਆ

'ਹੋਣਾ ਕੀ ਸੀ ਸਰਪੰਚ ਨੇ ਵੀਰੂ ਸਾਂਝੀ ਦੇ ਮੁੰਡੇ ਨੂੰ ਨਰਮੇ ਤੇ ਸਪਰੇ ਕਰਨ ਲਾਇਆ ਸੀ ਉਸਨੂੰ ਦਵਾਈ ਚੜ੍ਹ ਗਈ ਤੇ ਉੱਥੇ ਈ ਬੇਹੋਸ਼ ਹੋ ਗਿਆ '

'ਹਾਇ! ਹਾਇ! ਫੇਰ ਕੀ ਹੋਇਆ? '

' ਸਰਪੰਚ ਮੁੰਡੇ ਨੂੰ ਟਰਾਲੀ 'ਚ ਪਾ ਕੇ ਸ਼ਹਿਰ ਲੈ ਗਿਆ ਪਰ ਉਹ ਤਾਂ ਵਿਚਾਰਾ ਰਾਹ 'ਚ ਈ ਪੂਰਾ ਹੋ ਗਿਆ '

ਗੁਆਂਢਣ ਨੇ ਦਰਦ ਭਰੇ ਮਨ ਨਾਲ ਦਸਦਿਆਂ ਤੇ ਹਮਦਰਦੀ ਜਤਾਉਂਦਿਆਂ ਕਿਹਾ, 'ਵਿਚਾਰੇ ਗਰੀਬ ਨਾਲ ਤਾਂ ਬਹੁਤ ਧੱਕਾ ਹੋਇਆ 'ਕੱਲਾ 'ਕੱਲਾ ਜਵਾਕ ਸੀ ਵੀਰੂ ਦੇ '

'ਤਾਂ ਹੀ ਤਾਂ ਮੈਂ ਨੀ ਆਪਣੇ ਗੁਰਿੰਦਰ ਨੂੰ ਸਪਰੇ ਤੇ ਲੱਗਣ ਦਿੰਦੀ, ਭਾਵੇਂ ਇਹਦਾ ਬਾਪੂ ਕਈ ਵਾਰ ਕਹਿੰਦਾ ਹੁੰਦੈ '

ਮੈਂ ਖਹਿੜੇ ਪੈ ਜਾਂਦੀ ਆਂ 'ਬਈ ਭਈਏ ਥੋੜ੍ਹੇ ਨੇ ਸਪਰੇਆਂ ਨੂੰ ਰੱਬ ਨਾ ਕਰੇ ਜੇ ਕੋਈ ਚੰਗੀ ਮਾੜੀ ਹੋ ਜੇ ਨਾਲੇ ਪੁੱਤ ਕਿਹੜਾ ਲੱਖੀਂ ਹਜਾਰੀਂ ਮਿਲਦੇ ਨੇ ' ਬਸੰਤ ਕੌਰ ਨੇ ਆਪਣਾ ਪੱਖ ਦਰਸਾਉਂਦਿਆਂ ਕਿਹਾ

ਇਨ੍ਹਾਂ ਦੋਹਾਂ ਦੀਆਂ ਗੱਲਾਂ ਸੁਣ ਵਿਹੜੇ ਵਾਲੀ ਕਰਮੋ ਗੋਹਾ ਕੂੜਾ ਕਰਨੋਂ ਰੁਕ ਗਈ ਉਹਦੀਆਂ ਅੱਖਾਂ ਵਿੱਚੋਂ ਛਮ ਛਮ ਹੰਝੂ ਚੋਣ ਲੱਗੇ ਕਈ ਸਾਲ ਪਹਿਲਾਂ ਦੀ ਘਟਨਾ ਫਿਰ ਤਾਜ਼ਾ ਹੋ ਗਈ ਉਸਦਾ ਇਕਲੌਤਾ ਪੁੱਤਰ ਵੀ ਇੰਜ ਹੀ ਅਜਾਈਂ ਮੌਤ ਦੇ ਮੂੰਹ ਜਾ ਪਿਆ ਸੀ ਘੁੱਟ ਕੇ ਕਲੇਜਾ ਫੜੀ ਕਰਮੋ ਬਸੰਤ ਕੌਰ ਦੀਆਂ ਗੱਲਾਂ ਸੁਣ ਕੇ ਤੜਪ ਉੱਠੀ

ਉਹਦਾ ਰੋਹ ਆਪ ਮੁਹਾਰੇ ਫੁੱਟ ਪਿਆ, 'ਜਿਹੜਾ ਮਰ ਗਿਆ ਉਹ ਕਿਹੜਾ ਕਿਸੇ ਮਾਂ ਦਾ ਪੁੱਤ ਸੀ, ਸੀਰੀ ਈ ਸੀ ਨਾ!'

—o—

## ਸ਼ੀਸ਼ਾ/ ਡਾ. ਸ਼ਿਆਮ ਸੁੰਦਰ ਦੀਪਤੀ

ਨਿਹਾਲ ਸਿੰਘ ਤਿਆਰ ਹੁੰਦਾ, ਪਗੜੀ ਠੀਕ ਕਰ ਰਿਹਾ ਸੀ ਤੇ ਉਸ ਦੀ ਪਤਨੀ ਨੇ ਕਿਹਾ, "ਜੇਕਰ ਇਹ ਸੇਟ ਨਹੀਂ ਹੋ ਰਹੀ ਤਾਂ ਸ਼ੀਸ਼ੇ ਮਹਰੇ ਖੜ੍ਹੇ ਹੋ ਕੇ ਠੀਕ ਕਿਉਂ ਨਹੀਂ ਕਰ ਲੈਂਦੇ।" ਤੇ ਫਿਰ ਨਾਲ ਹੀ ਬੋਲੀ, "ਮੈਂ ਕਈ ਦਿਨਾਂ ਤੋਂ ਦੇਖ ਰਹੀ ਹਾਂ, ਐਂਵੇ ਹੀ ਪੱਗ ਨਾਲ ਉਲਝੇ ਰਹਿੰਦੇ ਹੋ, ਸ਼ੀਸ਼ੇ ਮੁਹਰੇ ਨਹੀਂ ਆਉਂਦੇ।"

ਇਹ ਗੱਲ ਠੀਕ ਹੈ ਕਿ ਨਿਹਾਲ ਸਿੰਘ ਸ਼ੀਸ਼ੇ ਦੇ ਸਾਹਮਣੇ ਖੜ੍ਹਣ ਤੋਂ ਕਤਰਾ ਰਿਹਾ ਹੈ, ਸ਼ਾਇਦ ਇਸ ਲਈ ਕਿ ਇਹੀ ਨਿਹਾਲ ਸਿੰਘ ਜੋ ਕਦੇ ਖੁਦਕਸ਼ੀ ਕਰਨ ਵਾਲੇ ਨੂੰ ਬੁਜ਼ਦਿਲ, ਕਮਜ਼ੋਰ ਕਿਹਾ ਕਰਦਾ ਸੀ, ਹੁਣ ਖੁਦ ਹੀ ਕਈ ਦਿਨਾਂ ਤੋਂ ਖੁਦਕਸ਼ੀ ਦੇ ਖਿਆਲਾਂ ਨਾਲ ਘਿਰਿਆ ਹੋਇਆ ਹੈ।

ਕਿਸਾਨਾਂ ਵਿਚ ਵੱਧ ਰਹੀ ਇਸ ਸਮਸਿਆ ਨੂੰ ਲੈ ਕੇ, ਪਿੰਡ ਦੇ ਨੌਜਵਾਨਾਂ ਨੇ ਮਨੋਵਿਗਿਆਨੀ ਸਰਦੂਲ ਸਿੰਘ ਦੀ ਇਕ ਵਿਚਾਰ ਚਰਚਾ ਰੱਖੀ ਸੀ, ਜਿਸ ਨੂੰ ਸੁਨਣ ਨਿਹਾਲ ਜਾ ਰਿਹਾ ਸੀ।

ਨਿਹਾਲ ਦਾ ਸਵੈ ਵੀ ਉਸ ਦੇ ਨਾਲ ਹੋ ਲਿਆ ਤੇ ਬੋਲਿਆ, "ਏ ਕੀ ਹਾਲਤ ਬਣਾ ਲਈ ਹੈ ? ਕੀ ਤੈਨੂੰ ਕੋਈ ਹੋਰ ਚੰਗਾ ਹੱਲ ਨਹੀਂ ਸੁਝਦਾ ?"

"ਠੀਕ ਹੈ ਤੇਰੀ ਗੱਲ, ਪਤਾ ਨਹੀਂ ਕਿਉਂ ਲਗਦੈ, ਸਭ ਕੁਝ ਵੱਸੋਂ ਬਾਹਰ ਹੋਇਆ ਪਿਆ ਹੈ। ਹੁਣ ਅਹਿਸਾਸ ਹੋਇਆ ਹੈ ਕਿ ਜਦੋਂ ਸਿਰ ਤੇ ਪੈਂਦੀ ਹੈ ਤਦੇ ਹਾਲਾਤ ਦਾ ਪਤਾ ਚਲਦਾ ਹੈ।"

"ਓਏ ! ਹਾਲਾਤ ਤਾਂ ਬਣਦੇ -ਵਿਗੜਦੇ ਰਹਿੰਦੇ ਨੇ, ਹਿੰਮਤ ਤੋਂ ਕੰਮ ਲੈਣਾ ਨਹੀਂ ਛੜਦੇ।"

"ਕੀ ਹੌਂਸਲਾ ਰੱਖੇ ਕੋਈ ? ਹੌਂਸਲੇ ਲਈ ਮੋਢਾ ਹੁੰਦਾ ਹੈ ਪਿਉ ਦਾ, ਗੋਦੀ ਹੁੰਦੀ ਹੈ ਮਾਂ ਦੀ। ਪਰ ਉਹ ਤਾਂ ਤੁਰ ਗਏ ਵਕਤ ਦੇ ਨਾਲ, ਭਰਾਵਾਂ ਦਾ ਵਿਸ਼ਵਾਸ ਹੁੰਦਾ ਹੈ, ਦੋਸਤਾਂ ਦਾ ਭਰੋਸਾ ਵੀ, ਉਹ ਵੀ ਹੌਲੀ ਹੌਲੀ ਕਿਰਦਾ ਗਿਆ। ਹੁਣ ਤੂੰ ਦਸ ਸਰਕਾਰਾਂ ਪੱਲਾ ਫੜਨ ਲਈ ਹੁੰਦੀਆਂ ਨੇ ਕਿ ਪੱਲਾਂ ਛੱਡਣ ਲਈ ?"

ਇਸੇ ਤਰ੍ਹਾਂ ਦੀਆਂ ਸੋਚਾਂ ਵਿਚ, ਉਹ ਸਮਾਗਮ ਵਿਚ ਜਾ ਬੈਠਾ। ਸਰਦਲ ਸਿੰਘ ਬੋਲ ਰਿਹਾ ਸੀ, "ਸਾਡੇ ਆਲੇ ਦੁਆਲੇ ਦੇ ਹਾਲਾਤਾਂ ਦੀ ਤਾਕਤ, ਕਿੰਨੀ ਵੱਡੀ ਹੋ ਗਈ ਹੈ, ਸੋਚੋ ਕਿ ਜ਼ਿੰਦਗੀ ਦੀ ਤਾਕਤ ਤੇ ਹੀ ਭਾਰੂ ਪੈ ਰਹੀ ਹੈ।"

"ਧਿਆਨ ਨਾਲ ਸੁਣ", ਸਵੈ ਨੇ ਨਿਹਾਲ ਸਿੰਘ ਨੂੰ ਕਿਹਾ।

ਸਰਦੂਲ ਇਧਰ ਜ਼ੋਰ ਦੇ ਕੇ ਕਹਿ ਰਿਹਾ ਸੀ, "ਮਨੁੱਖ ਕੋਲ ਇਕ ਖਾਸ ਗੁਣ ਹੈ, ਆਸ, ਉਮੀਦ। ਮੰਨਦੇ ਹਾਂ ਉਸ ਨੂੰ ਤੋੜਿਆ ਜਾ ਰਿਹਾ ਹੈ, ਬਾਜ਼ਾਰ ਸਾਨੂੰ ਲਾਲਚ ਦੇ ਰਿਹਾ ਹੈ, ਪੈਸੇ ਦੀ ਦੌੜ ਇਕ ਦੂਸਰੇ ਨੂੰ ਲਿਤਾੜਣ 'ਤੇ ਲੱਗੀ ਹੈ। ਪਰ ਇਸ ਚਾਲ ਨੂੰ ਪਛਾਨਣ ਦੀ ਲੋੜ ਹੈ। ਇਸ ਵਿਚ ਅਸੀਂ ਖੁਦ ਫਸੇ ਹਾਂ। ਸਮਝਾਂਗੇ ਤਾਂ ਖੁਦ ਹੀ ਬਾਹਰ ਨਿਕਲਾਂਗੇ।"

"ਸੁਣ ਰਿਹਾ ਹੈ ਨਾ ਨਿਹਾਲੇ, ਅਸੀਂ ਆਪ ਹੀ ਬਾਹਰ ਨਿਕਲਣਾ ਹੈ," ਸਵੈ ਦੀ ਆਵਾਜ਼ ਸੀ।

ਸਰਦੂਲ ਸਿੰਘ ਦੀ ਗਲ ਜਾਰੀ ਸੀ, "ਤੁਸੀਂ ਇਸ ਸਮਾਗਮ ਵਿਚ ਪਹੁੰਚੇ ਹੋ। ਮਤਲਬ ਜੇਕਰ ਤੁਸੀਂ ਆਪ ਪਰੇਸ਼ਾਨ ਨਹੀਂ ਹੋ ਤਾਂ ਤੁਸੀਂ

ਇਸ ਵੱਧ ਰਹੀ ਸਮਸਿਆ ਪ੍ਰਤੀ ਫ਼ਿਕਰਮੰਦ ਜਰੂਰ ਹੋ। ਸਭ ਦੀ ਚਿੰਤਾ ਜਦੋਂ ਮਿਲਦੀ ਹੈ ਤਾਂ ਚਿੰਤਨ ਦੀ ਸ਼ੁਰੂਆਤ ਹੁੰਦੀ ਹੈ। ਹੁਣ ਇਸ ਇਕੱਠ ਨੂੰ ਇਸੇ ਤਰ੍ਹਾਂ ਨਹੀਂ ਰਹਿਣ ਦੇਣਾ। ਸਭਾ ਨੂੰ ਜਥੇਬੰਦੀ ਵਿਚ ਬਦਲਣਾ ਹੈ। ਜਥੇਬੰਦੀ ਦੀ ਆਪਣੀ ਤਾਕਤ ਹੁੰਦੀ ਹੈ।"

"ਸਮਝ ਰਿਹਾ ਹੈ ਨਾ ", ਸਵੈ ਵਾਰ ਵਾਰ ਨਿਹਾਲ ਸਿੰਘ ਨੂੰ ਸੁਚੇਤ ਕਰ ਰਿਹਾ ਸੀ। "ਆਖਰੀ ਗੱਲ! ਸਾਨੂੰ ਦੱਸਿਆ-ਪੜਾਇਆ ਜਾਂਦਾ ਹੈ ਕਿ ਮੌਤ ਅਟਲ ਹੈ, ਅੱਜ ਨਹੀਂ ਤਾਂ ਕੱਲ੍ਹ ! ਨਹੀਂ, ਅਸਲ ਵਿਚ ਜਿੰਦਗੀ ਅਟੱਲ ਹੈ। ਮੌਤ ਅਟਲ ਹੁੰਦੀ ਤਾਂ ਦੁਨੀਆਂ ਸੁੰਨਸਾਨ ਹੋ ਗਈ ਹੁੰਦੀ, ਕਦੋਂ ਦੀ।"

ਨਿਹਾਲ ਸਿੰਘ ਨੂੰ ਲਗਿਆ, ਉਸ ਦੇ ਲੜਖੜਾਂਉਦੇ ਪੈਰਾਂ ਵਿਚ ਤਾਕਤ ਮੁੜ ਪੈਣ ਲੱਗੀ ਹੈ। ਉਸ ਨੂੰ ਮਹਿਸੂਸ ਹੋਇਆ, ਉਸ ਨੂੰ ਖ਼ੁਦਕਸ਼ੀ ਕਰਨ ਤੋਂ ਮੌਤ ਦੇ ਦਰਦ ਜਾਂ ਡਰ ਨੇ ਨਹੀਂ ਰੋਕਿਆ, ਜਿੰਦਗੀ ਦੀ ਤਾਕਤ ਨੇ ਮਰਨ ਤੋਂ ਬਚਾਇਆ ਹੈ।

ਸਵੈ ਨੇ ਉਸ ਦੇ ਮੋਢੇ ਤੇ ਹੱਥ ਰੱਖਿਆ। ਉਸ ਨੂੰ ਲੱਗਿਆ ਉਹ ਹੁਣ ਇਕੱਲਾ ਨਹੀਂ ਹੈ।

ਉਹ ਉਸੇ ਹਿੰਮਤ ਨਾਲ ਘਰ ਪਹੁੰਚਿਆ। ਸਿਰ ਤੋਂ ਪੱਗ ਲਾਹੀ ਤੇ ਸ਼ੀਸ਼ੇ ਸਾਹਮਣੇ ਖੜਾ ਹੋ ਕੇ, ਖਿਲਰੇ ਹੋਏ ਵਾਲਾਂ ਨੂੰ ਸੰਵਾਰਨ ਲੱਗਿਆ।

-o-

## ਬਹਾਨਾ / ਹਰਭਜਨ ਖੇਮਕਰਨੀ

ਸਕੂਟਰ ਦੇ ਪਿੱਛੇ ਬੈਠੀ ਪਤਨੀ ਦੀ ਅੱਖ ਲਾਗੇ, ਹਵਾ ਵਿਚ ਉੱਡਦੀ ਕਿਸੇ ਜ਼ਹਿਰੀਲੀ ਚੀਜ਼ ਨੇ ਡੰਗ ਮਾਰਿਆ ਤਾਂ ਉਹ ਤੜਪ ਉੱਠੀ ਵੇਖਦਿਆਂ-ਵੇਖਦਿਆਂ ਹੀ ਅੱਖ ਤੇ ਸੋਜ਼ ਆਉਣੀ ਸ਼ੁਰੂ ਹੋ ਗਈ ਰਸਤੇ ਵਿਚ ਡਾਕਟਰ ਦਾ ਕਲਿਨਿਕ ਵੇਖ, ਉਹ ਰੁਕ ਗਏ।

ਡਾਕਟਰ ਨੇ ਚੈੱਕ ਕਰਨ ਉਪਰੰਤ ਅੰਦਾਜ਼ੇ ਨਾਲ ਕਿਹਾ, ਭੂੰਡ ਲੜ ਗਿਆ ਜਾਪਦੈ, ਘਬਰਾਉਣ ਦੀ ਕੋਈ ਗੱਲ ਨਹੀਂ ਛੇ-ਅੱਠ ਘੰਟਿਆਂ ਵਿਚ ਸੋਜ਼ ਉਤਰ ਜਾਵੇਗੀ ਐਹ ਦਰਦ ਵਾਸਤੇ ਗੋਲੀਆਂ ਨੇ, ਤਿੰਨ-ਤਿਨ ਘੰਟੇ ਬਾਦ ਖਾ ਲੈਣੀਆਂ।

'ਭੂੰਡਾਂ ਦੀਆਂ ਖੱਖਰਾਂ ਤਾਂ ਮੇਰੇ ਵਿਹੜੇ ਦੀ ਨਿੰਮ ਤੇ ਵੀ ਨੇ ਉਹਨਾਂ ਨੂੰ ਲਾਹੁਣਾ ਮੈਂ ਪਿੰਡ ਤਬਾਹ ਕਰਨ ਦੇ ਬਰਾਬਰ ਸਮਝਦੈਂ ਪਰ ਹੁਣ ਕੁਝ ਕਰਨਾ ਹੀ ਪੈਣੈ ' ਘਰ ਵੱਲ ਸਕੂਟਰ ਚਲਾਉਂਦਿਆਂ ਪਤਨੀ ਦੀ ਅੱਖ ਤੇ ਵਧ ਰਹੀ ਸੋਜ਼ ਨੂੰ ਵੇਖਦਿਆਂ ਉਹ ਮਨ ਹੀ ਮਨ ਬੁੜਬੁੜਾਇਆ।

ਘਰ ਆਉਂਦਿਆਂ ਹੀ ਉਸਨੇ ਡਾਂਗ ਦੇ ਸਿਰੇ ਤੇ ਕਪੜਾ ਬੰਨ੍ਹ, ਮਿੱਟੀ ਦਾ ਤੇਲ ਪਾ ਕੇ ਅੱਗ ਲਾਈ ਤਾਂ ਧੂਆਂ ਦੇਖ ਗੁਆਂਢੀ ਭੱਜਾ-ਭੱਜਾ ਆਇਆ

" ਇਹ ਕੀ ਕਰਨ ਲੱਗੇ ਓ? "

"ਯਾਰ, ਸਕੂਟਰ ਤੇ ਆਉਂਦਿਆਂ ਪਤਨੀ ਦੀ ਅੱਖ ਤੇ ਭੂੰਡ ਲੜ ਗਿਆ, ਮੈਂ ਸਾਰੇ ਮਾਰ ਦੇਣੇ ਨੇ " ਵਿਹੜੇ ਦੀ ਨਿੰਮ ਤੇ ਲੱਗੀ ਭੂੰਡਾਂ ਦੀ ਖੱਖਰ ਵੱਲ ਇਸ਼ਾਰਾ ਕਰਦਿਆਂ ਉਹ ਬੋਲਿਆ

"ਪਰ ਯਾਰ, ਕਸੂਰ ਤਾਂ ਸੜਕ ਵਾਲੇ ਭੂੰਡ ਦਾ ਸੀ ਇਹ ਤਾਂ ਬੇਦੋਸ਼ੇ ਨੇ "

"ਬੇਦੋਸ਼ੇ ! ਹਮਲਾਵਰ ਤਾਂ ਇਹਨਾਂ ਦੀ ਕੌਮ ਦਾ ਈ ਸੀ " ਕਹਿੰਦਿਆਂ ਉਹ ਨਿੰਮ ਤੇ ਲੱਗੀਆਂ ਖੱਖਰਾਂ ਸਾੜਨ ਲੱਗ ਪਿਆ

—o—

## ਮੂਕ ਸ਼ਬਦਾਂ ਦੀ ਵਾਪਸੀ / ਬਿਕਰਮਜੀਤ ਨੂਰ

ਦਲਜੀਤ ਨੂੰ ਵਿਆਹ-ਸ਼ਾਦੀਆਂ ਦਾ ਰੌਲਾ-ਰੱਪਾ ਚੰਗਾ ਨਹੀਂ ਸੀ ਲਗਦਾ। ਪਰ ਅੱਜ ਉਸ ਦਾ ਜੀਅ ਲੱਗਾ ਹੋਇਆ ਸੀ। ਪਰੀਆਂ ਵਰਗੀ ਇਕ ਤੀਵੀਂ ਕੁਝ ਇਸ ਅਦਾ ਨਾਲ 'ਛਣ-ਛਣ' ਕਰਦੀ ਫਿਰਦੀ ਸੀ ਕਿ ਹਰ ਇਕ ਦੇ ਦਿਲ ਨੂੰ ਜ਼ਖ਼ਮੀ ਕਰ ਸਕਦੀ ਸੀ। ਪਰ 'ਹਰ ਇਕ' ਨਾਲ ਦਲਜੀਤ ਨੂੰ ਕੀ ਮਤਲਬ? ਉਹ ਤਾਂ ਖੁਦ ਉਸ ਨਾਲ ਗੱਲਾਂ ਕਰਨੀਆਂ ਚਾਹੁੰਦਾ ਸੀ, ਦਿਲ ਵਿਚ ਮਿਠਾਸ ਭਰ ਦੇਣ ਵਾਲਾ ਉਸ ਦਾ ਨਾਂ ਜਾਣਨਾ ਚਾਹੁੰਦਾ ਸੀ। ਪਰ ਨਹੀਂ, ਉਹ ਪਰੀ ਕੋਈ ਮੌਕਾ ਨਹੀਂ ਸੀ ਦੇ ਰਹੀ।

'ਮੈਂ ਉਸ ਨੂੰ ਕਹਾਂਗਾ' ਇਹ ਵਾਕ ਕਿੰਨੀ ਵਾਰੀ ਦਲਜੀਤ ਦੇ ਹੋਠਾਂ ਉੱਤੇ ਆਇਆ ਤੇ ਇਕ ਅਨਹਦ ਜਿਹੀ ਝੁਨਕਾਰ ਦਾ ਸੰਚਾਰ ਕਰਦਾ ਚਲਾ ਗਿਆ। 'ਬਿਜਲੀ ਦੀ ਲਿਸ਼ਕ' ਇੱਧਰ-ਉੱਧਰ ਟਪੂੰ-ਟਪੂੰ ਕਰਦੀ ਫਿਰ ਰਹੀ ਸੀ। ਸਜੇ-ਸੰਵਰੇ ਵਾਲ, ਸੁਰਮਈ ਅੱਖਾਂ ਤੇ ਹੋਠਾਂ ਤੇ ਲਾਲੀ।

ਦਲਜੀਤ ਸੋਚ ਰਿਹਾ ਸੀ ਕਿਸ ਖੁਸ਼ਕਿਸਮਤ ਦੇ ਘਰ ਦਾ ਸ਼ਿੰਗਾਰ ਬਣੀ ਹੋਵੇਗੀ ਇਹ? ਉਸ ਨੇ ਦਲਜੀਤ ਵੱਲ ਵੇਖਿਆ ਵੀ ਸੀ ਜਾਂ ਨਹੀਂ, ਪਰ ਇਕ ਮਿੱਠੇ-ਮਿੱਠੇ ਅਹਿਸਾਸ ਨੇ ਤਰਕਾਲਾਂ ਕਰ ਦਿੱਤੀਆਂ ਸਨ।

ਸੋਲਵੇਂ ਸਾਲ ਵਿਚ ਪੈਰ ਰੱਖ ਰਿਹਾ ਦਲਜੀਤ ਦਾ ਬੇਟਾ, ਜਿਹੜਾ ਸਵੇਰ ਦਾ ਪਤਾ ਨਹੀਂ ਕਿੱਥੇ ਰਿਹਾ ਸੀ, ਬਹੁਤ ਹੀ ਖੁਸ਼-

ਖੁਸ਼ ਆਪਣੇ ਡੈਡੀ ਦੇ ਨੇੜੇ ਆਇਆ। ਪਹਿਲਾਂ ਉਹ ਇੱਧਰ-ਉੱਧਰ ਦੀਆਂ ਗੱਲਾਂ ਕਰਦਾ ਰਿਹਾ, ਫਿਰ ਬਹੁਤ ਹੀ ਸੁਭਾਵਕ ਲਹਿਜੇ ਵਿਚ ਕਹਿਣ ਲੱਗਾ, ਡੈਡੀ ਜੀ, ਔਹ ਆਂਟੀ (ਉਸ ਦਾ ਇਸ਼ਾਰਾ ਉਸ ਪਰੀ ਵੱਲ ਸੀ) ਬਹੁਤ ਚੰਗੇ ਐ।

ਦਲਜੀਤ ਤ੍ਰਭਕ ਗਿਆ ਸੀ। ਪਰ ਪ੍ਰੌੜ ਉਮਰ ਨੇ ਚਿਹਰੇ ਉੱਤੇ ਇਸ ਮਾਨਸਕ ਖਲਲ ਨੂੰ ਸਪਸ਼ਟ ਨਹੀਂ ਸੀ ਹੋਣ ਦਿੱਤਾ।

ਮੁੰਡਾ ਕਹਿੰਦਾ ਚਲਾ ਗਿਆ, ਆਂਟੀ ਦਾ ਨਾਂ ਪੂਨਮ ਐ। ਗਿੱਧੇ ਵੇਲੇ ਉਹ ਮੇਰਾ ਹੱਥ ਫੜ ਕੇ ਨੱਚੇ ਵੀ ਸੀ।

ਦਲਜੀਤ ਨੇ ਮੁੰਡੇ ਦੇ ਚਿਹਰੇ ਵੱਲ ਦੇਖਿਆ, ਜਿਸ ਉੱਤੇ ਲਾਲੀ ਫੈਲ ਗਈ ਸੀ। ਮੁੰਡੇ ਦਾ ਕੱਦ-ਕਾਠ ਉਸ ਨੂੰ ਆਪਣੇ ਤੋਂ ਤਕੜਾ ਤੇ ਉੱਚਾ ਜਾਪਿਆ, ਜਿਹੜਾ ਕਿ ਹੁਣੇ-ਹੁਣੇ ਹੀ ਹੋ ਗਿਆ ਹੋਵੇ।

ਉਸ ਨੇ ਆਪਣੀ ਗਰਦਨ ਦੂਜੇ ਪਾਸੇ ਘੁਮਾ ਲਈ ਤੇ ਆਪਣੇ ਅੰਦਰਲੇ ਸ਼ਬਦਾਂ ਨੂੰ ਅੰਦਰੋਂ-ਅੰਦਰ ਹੀ ਵਾਪਸ ਲੈ ਲਿਆ।

—o—

## ਫੇਸਬੁਕੀ ਰਿਸ਼ਤੇ / ਨਿਰੰਜਣ ਬੋਹਾ

ਫੇਸ ਬੁਕ ਤੇ ਦੋਸਤ ਬਣੇ ਮਾਮੇ ਦੇ ਦੋਹਾਂ ਮੁੰਡਿਆਂ ਨਾਲ ਚੈਟਿੰਗ ਹੁੰਦੀ ਤਾਂ ਉਹ ਅਕਸਰ ਗਿਲਾ ਕਰਦੇ ਕਿ ਮੈ ਹੁਣ ਕਾਰੋਬਾਰੀ ਬੰਦਾ ਬਣ ਕੇ ਆਪਣਾ ਨਾਨਕਾ ਪਿੰਡ ਭੁੱਲ ਗਿਆ ਹਾਂ। ਜੁਆਬ ਵਿਚ ਮੈਂ ਵੀ ਉਹਨਾਂ ਨਾਲ ਅਜਿਹਾ ਹੀ ਗਿਲਾ ਦੁਹਰਾਉਂਦਿਆਂ ਛੇਤੀ ਉਹਨਾਂ ਦੇ ਪਿੰਡ ਗੇੜਾ ਮਾਰਨ ਦਾ ਵਾਅਦਾ ਕਰ ਛੱਡਦਾ।

ਅਜਿਹੇ ਸਮੇਂ ਬਚਪਨ ਵਿਚ ਨਾਨਕੇ ਘਰ ਬਿਤਾਈਆ ਦੋ ਦੋ ਮਹੀਨਿਆਂ ਦੀਆਂ ਛੁਟੀਆਂ ਦੇ ਦਿਨ ਤੇ ਆਪਣੇ ਹਾਣੀ ਮਮੇਰੇ ਭਰਾਵਾਂ ਸਤੀਸ਼ ਤੇ ਮਦਨ ਨਾਲ ਖੇਡੀਆਂ ਨਿੱਕੀਆ ਨਿੱਕੀਆਂ ਖੇਡਾਂ ਨੂੰ ਯਾਦ ਕਰਕੇ ਮੇਰੇ ਬੁੱਲ੍ਹਾਂ ਤੇ ਮਿੱਠੀ ਜਿਹੀ ਮੁਸ਼ਕਰਾਹਟ ਆ ਜਾਂਦੀ ।

ਨਾਨਕੇ ਪਿੰਡ ਤੋਂ 200 ਕਿਲੋਮੀਟਰ ਦੀ ਵਿੱਥ ਤੇ ਵੱਧੇ ਹੋਏ ਕਾਰੋਬਾਰ ਨੇ ਮੇਰਾ ਉੱਥੇ ਜਾਣ ਦਾ ਸਿਲਸਲਾ ਲੱਗ ਭੱਗ ਖ਼ਤਮ ਹੀ ਕਰ ਦਿੱਤਾ ਸੀ ਤੇ ਨਾ ਹੀ ਲੰਮੇ ਸਮੇ ਤੋਂ ਸਤੀਸ਼ ਤੇ ਮਦਨ ਮੇਰੇ ਕੋਲ ਆਏ ਸਨ। ਹੁਣ ਫੇਸ ਬੁਕ ਨੇ ਸਾਡੇ ਰਿਸ਼ਤੇ ਵਿਚ ਫਿਰ ਤੋਂ ਤਾਜ਼ਗੀ ਜਿਹੀ ਪੈਦਾ ਕਰ ਦਿੱਤੀ ਸੀ। ਮਾਰਕਿਟ ਵਿਚ ਹੜਤਾਲ ਚਲ ਰਹੀ ਹੋਣ ਕਾਰਨ ਮੈ ਮਨ ਬਣਾ ਹੀ ਲਿਆ ਕਿ ਸਤੀਸ਼ ਤੇ ਮਦਨ ਦਾ ਉਲਾਂਭਾ ਲਾਹ ਦਿੱਤਾ ਜਾਵੇ । ਮੈ ਆਪਣੀ ਪਤਨੀ ਨੂੰ ਵੀ ਆਪਣੇ ਨਾਲ ਜਾਣ ਲਈ ਤਿਆਰ ਕਰ ਲਿਆ ।

'ਹਾਂ ਬਈ ਮਦਨ ਕੱਲ੍ਹ ਮੈਂ ਤੇ ਤੇਰੀ ਭਰਜਾਈ ਤੇਰੇ ਕੋਲ ਆ ਰਹੇ ਹਾਂ।' ਮੈਂ ਮਦਨ ਨੂੰ ਆਪਣੇ ਆਉਣ ਦੀ ਅਗਾਉਂ ਸੂਚਨਾ ਦੇਣ ਲਈ ਬੜੇ ਉਤਸ਼ਾਹ ਨਾਲ ਫੋਨ ਕੀਤਾ।

' ਧੰਨ ਭਾਗ !ਪਰ ਕੱਲ ਤਾਂ ਯਾਰ ਅਸੀਂ ਕਿਸੇ ਜ਼ਰੂਰੀ ਕੰਮ ਲੁਧਿਆਣੇ ਜਾਣ ਦਾ ਮਨ ਬਣਾਈ ਬੈਠੇ ਹਾਂ। ਮੈਨੂੰ ਬੜਾ ਦੁੱਖ ਹੋਵੇਗਾ ਕਲ੍ਹ ਮੈ ਤੁਹਾਨੂੰ ਮਿਲ ਨਹੀਂ ਸਕਾਂਗਾ ' ।

ਬੇਸ਼ਕ ਉਸਦੇ ਜੁਆਬ ਨੇ ਮੇਰਾ ਸਾਲਾਂ ਬਾਦ ਨਾਨਕੇ ਘਰ ਜਾਣ ਦਾ ਚਾਅ ਵੀ ਮੱਠਾ ਪਾ ਦਿੱਤਾ ਸੀ ਪਰ ਤਿਆਰੀ ਕੀਤੀ ਹੋਣ ਕਰਕੇ ਮੈ ਸਤੀਸ਼ ਨੂੰ ਵੀ ਆਪਣੇ ਆਉਣ ਦੀ ਖ਼ਬਰ ਦੇਣ ਲਈ ਫੋਨ ਕਰ ਦਿੱਤਾ।

'ਭਰਾ ਜੀ, ਸਾਡੇ ਦਫ਼ਤਰ ਵਿਚ ਇੰਨਪੈਕਸ਼ਨ ਚੱਲ ਰਹੀ ਹੈ। ਮੈਨੂੰ ਛੁੱਟੀ ਨਹੀਂ ਮਿਲ ਸਕੇਗੀ । ਤੁਸੀ ਮਦਨ ਨਾਲ ਗੱਲ ਕਰ ਲਵੋ।'

ਸਤੀਸ਼ ਦੀ ਗੱਲ ਪੂਰੀ ਤਰਾਂ ਸੁਣੇ ਹੀ ਮੈ ਫੋਨ ਕੱਟ ਦਿੱਤਾ ਤੇ ਪਤਨੀ ਵੱਲ ਮੂੰਹ ਕਰਦਿਆ ਬੋਲਿਆ, 'ਕਿਤੇ ਨਹੀਂ ਜਾਣਾ ਆਪਾਂ। ਮੇਰਾ ਨਾਨਕਾ ਪਿੰਡ ਹੁਣ ਸ਼ਹਿਰ ਬਣ ਗਿਆ ਹੈ ਜਿੱਥੇ ਕੇਵਲ ਫੇਸ ਬੁਕੀ ਰਿਸ਼ਤੇ ਹੀ ਜਿਉਂਦੇ ਨੇ।'

ਮੇਰੀ ਪਤਨੀ ਮੇਰੀ ਗੱਲ ਨੂੰ ਸਮਝਣ ਲਈ ਮੇਰੇ ਮੂੰਹ ਵੱਲ ਝਾਕ ਰਹੀ ਸੀ।

—o—

## ਬਾਜ਼ੀ / ਜਗਦੀਸ਼ ਰਾਏ ਕੁਲਰੀਆਂ

"ਮੈਂ ਕਿਹਾ ਤੈਲੂ ਰਾਮਾ ਆਜਾ ਹੱਟੀਓ ਬਾਹਰ..ਲਾਈਏ ਇੱਕ ਬਾਜ਼ੀ...ਤੈਨੂੰ ਤਾਂ ਪਤੈ ਈ ਐ ਬੀ ਜਦੋਂ ਏਥੇ ਆ ਕੇ ਦੋ ਘੜੀ ਦਿਲ ਹੌਲਾ ਨਾ ਕਰੀਏ ਤਾਂ ਚੰਦਰੀ ਰਾਤ ਨੂੰ ਨੀਂਦ ਵੀ ਨੀ ਆਉਂਦੀ.." ਵਿਸਾਖਾ ਸਿੰਘ ਨੇ ਤਾਸ਼ ਖੇਡਦਿਆਂ ਆਪਣੇ ਲੰਗੋਟੀਏ ਯਾਰ ਸੇਠ ਤੇਲੂ ਰਾਮ ਨੂੰ ਆਵਾਜ਼ ਮਾਰਦੇ ਹੋਏ ਕਿਹਾ।

"ਓਹ ਤਾਂ ਤੇਰੀ ਗੱਲ ਸੋਲਾਂ ਆਨੇ ਸੱਚ ਆਂ ਭਰਾਵਾਂ..ਤੁਸੀਂ ਖੇਡੋ ਅਜੇ ..ਮੁੰਡਾ ਆਉਂਦੈ ਹੀ ਹੋਣੈ..ਉਹਨੂੰ ਦੁਕਾਨ ਤੇ ਬਿਠਾ ਕੇ ਫੇਰ ਕਰਦੇ ਆ ਕੋਈ ਦੁੱਖ-ਸੁੱਖ..ਮੈਂ ਤਾਂ ਥੋੜੇ ਕਰਕੇ ਹੀ ਆ ਜਾਨਾਂ..ਏਥੇ ਆ ਕੇ ਟੈਮ੍ਹ ਪਾਸ ਹੋ ਜਾਂਦੈ..ਲੈ ਓਹ ਦੇਖ, ਕਾਕਾ ਵੀ ਆ ਗਿਆ ਘਰੋਂ ਰੋਟੀ ਖਾ ਕੇ.." ਤੇਲੂ ਰਾਮ ਚਗਾਨ ਵਿੱਚ ਤਾਸ਼ ਖੇਡ ਰਹੇ ਟੋਲੇ ਕੋਲ ਆ ਕੇ ਆਪਣੀ ਜਗਾਂ

ਬਣਾਉਂਦਿਆਂ ਪਲਾਥੀ ਮਾਰ ਕੇ ਬਹਿ ਗਿਆ। ਫੇਰ ਬੋਲਿਆ, "ਲੈ ਬਈ ਹੁਣ ਸੁਣਾਓ ਫੇਰ, ਕੋਈ ਰੱਬ ਦੇ ਘਰ ਦੀ.."

"ਕੀ ਸੁਣਾਈਏ! ਥੋਡੇ ਤੋਂ ਕਿਹੜਾ ਕੁਝ ਲੁਕਿਐ..ਸਵੇਰ ਦਾ ਲੱਗਿਆ ਸੀ ਘਰ ਦਾ ਕੰਮ ਕਰਨ, ਹੁਣ ਵਿਹਲ ਮਿਲੀ ਸੀ..ਸਾਰਾ ਟੱਬਰ ਤਾਂ ਦਿੱਲੀ ਬੈਠਾ ਐ..ਸਰਕਾਰ ਟੱਸ ਤੋਂ ਮੱਸ ਨੀਂ ਹੁੰਦੀ..ਲਾਲਾ ਜੀ ਤੁਸੀਂ ਵੀ ਰਲੋ ਖਾਂ ਕਿਸਾਨਾਂ ਨਾਲ, ਫੇਰ ਈ ਕੋਈ ਹੱਲ ਹੋਊ..।"

"ਬਾਬੇ, ਗੱਲਾਂ ਵੀ ਮਾਰੀ ਜਾਈਓ, ਪੱਤੇ ਤਾਂ ਸੁੱਟੋ ਯਰ .." ਤਾਸ਼ ਖੇਡ ਰਹੇ ਬਜ਼ੁਰਗਾਂ ਨੂੰ ਗੱਲੀਂ ਲੱਗਿਆ ਦੇਖ ਇੱਕ ਅਧਖੜ ਜਿਹੀ ਉਮਰ ਦਾ ਵਿਅਕਤੀ ਆਪਣੇ ਆਨੰਦ 'ਚ ਰੁਕਾਵਟ ਪੈਂਦੀ ਦੇਖ ਬੋਲਿਆ।

"ਖੜ ਜਾ ਭਾਈ, ਜੇ ਬਾਹਲਾ ਤੱਤਾ ਐ ..ਤਾਂ ਤੂੰ ਫੜ੍ਹ ਲੈ ਪੱਤੇ..." ਵਿਸਾਖਾ ਸਿੰਘ ਨੇ ਉਸ ਅਧਖੜ ਵਿਅਕਤੀ ਨੂੰ ਝਿੜਕਦੇ ਹੋਏ ਆਪਣੀਆਂ ਅੱਖਾਂ ਤੇਲੂ ਰਾਮ ਦਾ ਪੱਖ ਜਾਨਣ ਲਈ ਉਹਦੇ ਚਿਹਰੇ ਤੇ ਟਿਕਾ ਦਿੱਤੀਆਂ।

"ਲੈ ਅਸੀਂ ਕਿਤੇ ਕਿਸਾਨਾਂ ਨਾਲੋਂ ਵੱਖ ਆਂ..ਕਮਲਾ ਨਾ ਹੋਵੇ..ਜੇ ਥੋਡੇ ਦੋ ਮਣ ਦਾਣੇ ਹੋਣਗੇ ਤਾਂ ਹੀ ਸਾਡੀ ਦੁਕਾਨਦਾਰੀ ਚੱਲੂ..ਸਾਰਾ ਦਾਰੋਮਦਾਰ ਤਾਂ ਖੇਤੀ ਤੇ ਹੈ..ਆਪਣਾ ਕਾਕਾ ਵੀ ਜਾ ਜਾਇਆ ਸੁੱਖ ਨਾਲ ਦੋ ਵਾਰ..ਟਿੱਕਰੀ ਬਾਰਡਰ 'ਤੇ।"

"ਲੈ ਫੇਰ ਤਾਂ ਕਮਾਲ ਕਰਤੀ ਮੇਰੇ ਆਰ ਤੁਸੀਂ..।"

"ਵਿਸਾਖਾ ਸਿੰਹਾ! ਕਮਾਲ ਕਾਹਦੀ..ਏਹ ਤਾਂ ਭਾਈ ਆਪਣਾ ਸਾਂਝਾ ਦੁੱਖ ਐ, ਨਹੁੰਆਂ ਨਾਲੋਂ ਕਦੇ ਮਾਸ ਵੀ ਵੱਖ ਹੋਇਐ..।"

"ਤੇਲੂ ਰਾਮਾ ਗੱਲ ਤਾਂ ਤੇਰੀ ਸੋਲਾਂ ਆਨੇ ਸੱਚ ਐ...ਆਪਾਂ ਤਾਂ ਮੁੱਢ-ਕਦੀਮੋਂ ਈ 'ਕੱਠੇ ਆਂ.." ਇੱਕ ਹੋਰ ਬਜ਼ੁਰਗ ਨੇ ਸ਼ਾਹਦੀ ਭਰੀ।

"ਬਈ, ਏਹ 'ਕੱਲਾ ਥੋਡਾ ਸੰਘਰਸ਼ ਨਹੀਂ, ਆਪਣੇ ਸਾਰਿਆਂ ਦਾ ਹੈ..ਜਿੰਨੇ ਜੋਗੇ ਹੈਗੇ ਆ, ਨਾਲ ਨਿਭਾਂਗੇ..." ਤੇਲੂ ਰਾਮ ਨੇ ਹਿੱਕ ਥਾਪੜੀ।

"ਕੁਝ ਵੀ ਆ..ਸਰਕਾਰਾਂ ਦੇ ਹੱਥ ਬੜੇ ਲੰਮੇ ਹੁੰਦੇ ਆਂ.." ਨਾਲ ਤਾਸ਼ ਖੇਡਦੇ ਸਰਪੰਚ ਨੇ ਜਿਵੇਂ ਕੋਈ ਭੇਦ ਦੀ ਗੱਲ ਕੀਤੀ ਹੋਵੇ।

"ਸਰਪੰਚਾ ! ਦੇਖੀ ਚੱਲ ਜੇ ਗੋਡਣੀਆਂ ਨਾ ਲਵਾਤੀਆਂ ..." ਇੱਕ ਹੋਰ ਜਣਾ ਜੋਸ਼ 'ਚ ਬੋਲਿਆ।

ਵਿਸਾਖਾ ਸਿੰਘ ਦੇ ਹੱਥ ਵਿੱਚ ਫੜੀ ਤਾਸ਼ 'ਚੋਂ ਯੱਕਾ ਖਿੱਚਦਾ ਤੇਲੂ ਰਾਮ ਬੋਲਿਆ, "ਸਰਪੈਂਚਾ, ਉਨ੍ਹਾਂ ਨਾਲ ਵੀ ਨਿੱਬੜਾਂਗੇ, ਪਹਿਲਾਂ ਏਧਰ ਝਾਕ..ਆਹ ਚੱਕ ਰਗੜਤਾ ਤੇਰਾ ਹੁਕਮ ਦਾ ਬਾਦਸ਼ਾਹ।"

"...ਬੱਚੂ ਇਹ ਯੱਕਾ ਨਹੀਂ...ਏਕਾ ਏ ਏਕਾ..ਤੇ ਭਲਿਆ ਲੋਕਾ ..ਏਕੇ ਸਾਹਮਣੇ...ਗੋਲਾ, ਬੇਗੀ ਤੇ ਬਾਸ਼ਾਹ ਕੋਈ ਨਹੀਂ ਅੜਦਾ।" ਕਹਿ ਕੇ ਮੁਸਕੜੀਆਂ ਹੱਸਦਾ ਵਿਸਾਖਾ ਸਿੰਘ ਉੱਠ ਖਲੋਤਾ।

ਇਹ ਸੁਣ ਕੇ ਤੇਲੂ ਰਾਮ ਸਣੇ ਹੋਰਾਂ ਦੇ ਚਿਹਰਿਆਂ ਤੇ ਵੀ ਰੰਗਤ ਆ ਗਈ। ਤਾਸ਼ ਦੇਖਣ ਵਾਲਿਆਂ ਦਾ ਸ਼ੋਰ ਉੱਚਾ ਹੋ ਗਿਆ।

—o—

**ਖੰਘੂਰਾ/ ਕੁਲਵਿੰਦਰ ਕੌਸ਼ਲ**

ਇਸ ਬੰਦੇ ਨੂੰ ਏਨੀ ਸਮਝ ਨਹੀਂ ਕਿ ਘਰੇ ਜੁਆਨ ਕੁੜੀ ਏ।ਵਾਰ-ਵਾਰ ਖੰਘੂਰੇ ਮਾਰੀ ਜਾਂਦਾ ਏ, ਨਾਲੇ ਹਫਤਾ ਤਾਂ ਹੋਇਆ ਮੁੰਡਾ ਵਿਆਹ ਕੇ ਲਿਆਏ ਨੂੰ ਪਰ ਇਹਨੂੰ ਸ਼ਰਮ ਭੋਰਾ ਨਹੀਂ, ਬਈ ਅੱਜ ਕੱਲ੍ਹ ਦੇ ਜੁਆਕ ਸਾਰਾ ਕੁੱਝ ਸਮਝਦੇ ਨੇ।

ਸਮਝ ਤਾਂ ਉਦੋਂ ਮੈਂ ਵੀ ਜਾਂਦੀ ਸੀ ਜਦੋਂ ਬਾਪੂ ਘੜੀ-ਮੁੜੀ ਮੇਰੇ ਤੇ ਬੇਬੇ ਵਾਲੇ ਕਮਰੇ ਕੋਲੋਂ ਰਾਤ ਨੂੰ ਹੱਥ ਪੱਲਾ ਮਾਰ ਕੇ ਲੰਘਦਾ ਸੀ, ਜੇ ਮੈਂ ਜਾਗਦੀ ਹੁੰਦੀ ਤਾਂ ਬੇਬੇ ਨੇ ਕਹਿਣਾ... 'ਕੀ ਹੋਇਆ ਜੱਸੀ ਦੇ ਬਾਪੂ, ਦੁਖਦਾ ਤੇਰਾ ਕੁਛ? ਜੱਸੀ ਨੂੰ ਕਹਾਂ ਕੋਈ ਗੋਲ਼ੀ ਦੇਣ ਨੂੰ!' ਤੇ ਮੂੰਹ 'ਚ ਹੀ ਬੁੜ ਬੁੜ ਕਰਨ ਲੱਗਦੀ ਐਨੀ ਉਮਰ ਹੋ ਗਈ ਹੁਣ ਤਾਂ ਚਿੱਤ ਕਾਬੂ ਰੱਖਲਾ, ਤੇ ਬਾਪੂ ਨਿਮੋਝੂਣਾ ਜਿਹਾ ਹੋ ਕਹਿੰਦਾ 'ਪਾਣੀ ਪੀਣ ਲਈ ਉੱਠਿਆ ਸੀ।'

ਪਾਣੀ ਤਾਂ ਅੱਗ ਲੱਗਣਾ ਮੈਂ ਵੀ ਪੀ ਲਵਾਂ, ਪਤਾ ਨਹੀਂ ਕਿਉਂ ਅੱਜ ਤੇਹ ਵੀ ਬਹੁਤੀ ਲੱਗੀ ਜਾਂਦੀ ਹੈ। ਸ਼ੁਕਰ ਆ.. ਪਾਣੀ ਮੈਂ ਪੀਵਾਂ ਜਾਂ ਨਾ ਪੀਵਾਂ ਸਿਰਹਾਣੇ ਜ਼ਰੂਰ ਰੱਖਦੀ ਹਾਂ, ਨਹੀਂ ਤਾਂ ਕੁੜੀ ਨੇ ਮਨ 'ਚ ਕਹਿਣਾ ਮਾਂ ਨੂੰ ਪਤਾ ਨਹੀਂ ਮਾਘ ਮਹੀਨੇ 'ਚ ਕਿਧਰੋਂ ਤਿਹਾਕੜਾ ਲੱਗਿਆ।

ਮੈਂ ਵੀ ਆਪਣੇ ਵੇਲ਼ੇ ਮਨ ਹੀ ਮਨ ਕਿੰਨਾ ਹੱਸਦੀ ਸੀ ਕਿ ਕੀ ਚਲਿੱਤਰ ਕਰਦੇ ਨੇ ਦੋਵੇਂ ਜਾਣੇ ਇਸ ਉਮਰ 'ਚ।

ਹਾਲੇ ਤਾਂ ਮੇਰੀ ਉਮਰ ਵੀ ਕੀ ਹੈ ..! ਵਿਆਹ 'ਚ ਸਜੀ ਧਜੀ ਨੂੰ ਇਹਨਾਂ ਦੀ ਭੂਆ ਕਹਿਣ ਲੱਗੀ 'ਜੱਸੀ ਤਾਂ ਐਂ ਲੱਗਦੀ ਹੈ ਜਿਵੇਂ ਜਤਿੰਦਰ ਦੀ ਵੱਡੀ ਭੈਣ ਹੁੰਦੀ ਹੈ। ਮਾਂ ਪੁੱਤ ਤਾਂ ਜਮਾਂ ਨਹੀਂ ਲੱਗਦੇ, ਕਿੰਨੀ ਫਿੱਟ ਫਿੱਟ ਹੈ ਸਰੀਰ ਪੱਖੋਂ।'

ਫਿੱਟ ਨੂੰ ਕੀ ਕਰ੍ਹਾਂ.. ਸੰਜਮ ਤਾਂ ਰੱਖਣਾ ਹੀ ਪੈਣਾ। ਨਹੀਂ ਤਾਂ ਫਿੱਟ ਲਾਹਨਤ ਪੈਣ ਨੂੰ ਦੇਰ ਨਹੀਂ ਲੱਗਦੀ। ਹੁਣ ਤਾਂ ਘਰ 'ਚ ਵੀ ਸੋਚ ਸਮਝ ਕੇ ਰਹਿਣਾ ਪੈਂਦਾ, ਨਾਲੇ ਘਰ ਦੇ ਦੋ ਤਾਂ ਕਮਰੇ ਨੇ ਇੱਕ ਤਾਂ ਨਵੀਂ ਜੋੜੀ ਨੇ ਸੰਭਾਲ਼ ਲਿਆ, ਦੂਜੇ 'ਚ ਮੈਂ ਤੇ ਧੀ...।

ਨਾ ਭਾਈ ਜਮਾਨਾ ਬਹੁਤ ਖਰਾਬ ਹੈ, ਕੱਲੀ ਧੀ ਨੂੰ ਕਿਵੇਂ ਪਾਵਾਂ ! ਤੇ ਇਹਨਾਂ ਦਾ ਬਾਪੂ ਵੀ ਕੋਲ਼ ਨਹੀਂ ਪੈਂਦਾ, ਸੱਚ ਹੈ ਧੀਆਂ ਦੇ ਸੌ ਓਹਲੇ ਹੁੰਦੇ ਨੇ ਪਰ ਜਦੋਂ ਦਲਾਨ 'ਚ ਪਿਆ ਇਹਨਾਂ ਦਾ ਬਾਪੂ ਖੰਘੂਰਾ ਮਾਰਦਾ, ਮੇਰੇ ਅੰਦਰ .....!! ਵਾਹਿਗੁਰੂ ਵਾਹਿਗੁਰੂ ਕੀ ਸੋਚਣ ਲੱਗ ਪਈ ਸੀ, .. ਰਜਾਈ ਦੱਬ ਕੇ ਪੈ ਜਾਂਦੀ ਹਾਂ ਕਿਤੇ ਫਿਰ ਨਾ ਖੰਘੂਰਾ ਸੁਣ ਜਾਵੇ ਪਰ..ਪਰ ਜਿਹੜਾ ਖੰਘੂਰਾ ਅੰਦਰ ਵੱਜਦਾ !!!!

—o—

## ਬਾਹਰਲਾ ਚਿਹਰਾ



ਪ੍ਰਭਜੋਤ "ਸੋਹੀ"

ਯਕੀਨ ਜਾਣਿਉ
ਮੈਨੂੰ ਉਸ ਦਿਨ
ਬਾਹਲੀ ਤਕਲੀਫ ਨਹੀਂ ਸੀ ਹੋਈ
ਜਿਸ ਦਿਨ
ਭੁਲ ਗਿਆ ਸਾਂ ਮੈਂ
ਆਪਣੀਆਂ ਨਜ਼ਰ ਦੀਆਂ ਐਨਕਾਂ
ਘਰੇ ਹੀ....
ਕੁਝ ਚੀਜ਼ਾਂ ਨੂੰ
ਪੜ੍ਹ ਹੀ ਨਹੀਂ ਸਕਿਆ
ਤੇ
ਕੁਝ ਵਰਤਾਰਿਆਂ ਨੂੰ
ਦੇਖ ਹੀ ਨਹੀਂ ਸਾਂ ਸਕਿਆ
ਸਪੱਸ਼ਟ..ਬੱਸ
ਤੇ ਫਿਰ ਉਸ ਦਿਨ ਵੀ
ਜਦ
ਮੇਰਾ ਮੋਬਾਈਲ ਫੋਨ
ਰਹਿ ਗਿਆ ਘਰ ਹੀ...
ਸਾਰਾ ਦਿਨ
ਚਿੱਤ ਨੀ ਲੱਗਿਆ
ਸੁਨੇਹਿਆਂ,ਜਾਣਕਾਰੀਆਂ ਤੇ ਅਫਵਾਹਾਂ
ਤੋਂ ਬਿਨਾਂ...
ਪਰ
ਖ਼ਾਸ ਤਕਲੀਫ ਨੀ ਹੋਈ
ਉਸ ਦਿਨ ਵੀ
ਪ੍ਰੰਤੂ
ਅੱਜ !
ਅੱਜ ਤਾਂ ਹੱਦ ਈ ਹੋ ਗਈ
ਅੱਗੇ ਨਾਂ ਪਿੱਛੇ
ਘਰੋਂ ਤੁਰਨ ਲੱਗਿਆ
ਮੈਂ
ਆਪਣਾ ਚਿਹਰਾ ਪਹਿਨਣਾ
ਈ ਭੁਲ ਗਿਆ....
ਸਾਰੀ ਬਣੀ ਬਣਾਈ
ਸਾਰਾ ਵਕਾਰ,ਸਤਿਕਾਰ
ਮਿੱਟੀ 'ਚ ਰੁਲ੍ਹ ਗਿਆ...
ਜਾਣੀਂ
ਮਰਨ ਹੋ ਗਿਆ
ਮੇਰਾ ਤਾਂ....।।

# ਲਾਲ ਫੀਤਾਸ਼ਾਹੀ ਤੇ ਪੈਰ ਟਿਕਾਊ

**ਕੁਸਮ ਆਂਚਲ**

ਅਰਜ਼ੀ ਦੇਣ ਦੀ ਆਖਰੀ ਤਾਰੀਖ ਤੋਂ ਨਿਯੁਕਤੀ ਤਕ ਢਾਈ ਸਾਲਾਂ ਦਾ ਲੰਮਾ ਅਰਸਾ ਤੇ ਉਸ ਦੌਰਾਨ ਦੋ ਲਿਖਤੀ ਇਮਤਿਹਾਨ, ਇਕ ਰੂਬਰੂ ਅਤੇ ਤਿੰਨ ਵਾਰ ਡਾਕਟਰੀ ਪ੍ਰੀਖਿਆ। ਇਸ ਗੋਰਖ ਧੰਦੇ ਨੂੰ ਪਾਰ ਕੇ ਅੰਤ ਉਹ ਕਰਮਾਂ ਵਾਲਾ ਦਿਨ ਆ ਹੀ ਗਿਆ ਜਦ ਭੀਖੂ (ਘਰੇਲੂ ਨਾਂ) ਉਰਫ ਦੇਵਤਾ ਦਾਸ ਪੁੱਤਰ ਦਲੀਪਾ, ਪਿੰਡ ਤਲਵੰਡੀ ਸਲੇਮ ਜ਼ਿਲਾ ਜੰਲਧਰ ਨਿਵਾਸੀ ਨੂੰ ਕੇਂਦਰੀ ਸਰਕਾਰ ਅਧੀਨ ਇਕ ਮਹਿਕਮੇ ਵਿਚ ਇੰਨਸਪੈਕਟਰ ਦੀ ਮਾਨ ਯੋਗ ਕੁਰਸੀ ਪ੍ਰਾਪਤ ਹੋ ਗਈ। ਮੇਜ ਤੇ ਸ਼ਾਹੀ ਠਾਠ ਬਾਠ ਦੀਆਂ ਸਭ ਵਸਤਾਂ ਮੌਜੂਦ ਸਨ ਪਰ ਕੁਰਸੀ ਦੇਵਤਾ, ਮਧਰਾ ਕੱਦ ਦਾ ਹੋਣ ਕਾਰਨ ਉਸ ਦੇ ਪੈਰ, ਪੈਰ ਟਿਕਾਊ-ਚੌਂਕੀ ਤਕ ਨਾ ਹੀ ਪਹੁੰਚੇ ਤੇ ਉਸ ਨੂੰ ਆਪਣਾ ਆਪ ਪਤੰਗ ਵਾਂਗ ਲਟਕਦਾ ਮਹਿਸੂਸ ਹੋਣ ਲੱਗਾ। ਨਾਲ ਹੀ ਖੰਨਾ ਸਾਹਬ ਬੈਠੇ ਸਨ, ਉਨ੍ਹਾਂ ਨੂੰ ਅਫਸਰਾਂ ਦੀ ਮਾਲਿਸ਼ ਕਰਨ ਦਾ ਪੁਰਾਣਾ ਝੱਲ ਸੀ। ਝਟ ਬੋਲ ਉਠੇ, "ਸਰ, ਰਾਮ ਪ੍ਰਸ਼ਾਦ ਨੂੰ ਲਿਖ ਕੇ ਦਿਉ। ਪ੍ਰਸ਼ਾਸਨ ਵਿਭਾਗ ਦਾ ਕੰਮ ਹੈ। ਬਾਜ਼ਾਰੋਂ ਉੱਚੀ ਚੌਂਕੀ ਮੰਗਾ ਕੇ ਦੇਣਗੇ। ਵੱਡਾ ਬਾਬੂ ਹੈ ਤਾ ਬਹੁਤ ਉਸਤਾਦ ਪਰ ਮੈਂ ਕਹਿ ਦੇਂਦਾ ਹਾਂ ਜਲਦੀ ਖਰੀਦ ਦੇਣਗੇ, ਮਨਜ਼ੂਰੀ ਦੀ ਤਾਂ ਲੋੜ ਨਹੀਂ, ਛੋਟੀ ਮੋਟੀ ਚੀਜ਼ ਹੈ।"

'ਬਿਲਕੁਲ ਠੀਕ', ਕਹਿ ਕੇ ਦੇਵਤਾ ਨੇ ਹਿੰਦੀ ਵਿਚ ਨੋਟ ਲਿਖ ਦਿੱਤਾ। "ਮੈਂ ਰਜਿਸਟਰਾਰ ਦਫਤਰ ਹੁਕਮ- 31 ਤਾਰੀਖ 12-6-83 ਮੁਤਾਬਕ ਕੰਮ ਤੇ ਹਾਜ਼ਰ ਹੋ ਗਿਆ ਹਾਂ। ਕ੍ਰਿਪਾ ਕਰਕੇ ਮੈਨੂੰ 2×2 ਫੁੱਟ ਦੀ ਨਵੀਂ ਪੈਰ-ਟਿਕਾਊ ਚੌਂਕੀ ਮੁਹੱਈਆ ਕੀਤੀ ਜਾਵੇ ਕਿਉਂਕਿ ਪਹਿਲੇ ਵਾਲੀ ਛੋਟੀ ਹੈ ਤੇ ਮੈਨੂੰ ਪੈਰ ਥੱਲੇ ਨਾ ਲੱਗਣ ਕਰ ਕੇ ਲਿਖਣ ਵਿਚ ਔਕੜ ਮਹਿਸੂਸ ਹੁੰਦੀ ਹੈ।" ਇਹ ਨੋਟ ਸ੍ਰੀ ਰਾਮ ਪ੍ਰਸਾਦ, ਛੱਤੀਆਂ ਪੱਤਣਾਂ ਦੇ ਤਾਰੂ ਕੋਲ ਪਹੁੰਚ ਗਿਆ। ਉਨ੍ਹਾਂ ਇਹ ਕਈ ਵਾਰ ਪੜ੍ਹ ਸੁੱਟਿਆ ਉਸ ਨੂੰ ਵਾਲ ਦੀ ਖੱਲ ਉਤਾਰਨੀ ਆਉਂਦੀ ਸੀ। ਉਸ ਨੇ ਦੇਖਿਆ ਦਫ਼ਤਰੀ ਫਰਨੀਚਰ ਸੂਚੀ ਵਿਚ ਐਸੀ ਕੋਈ ਚੀਜ਼ ਹੀ ਨਹੀਂ ਹੈ ਤੇ ਹੁਣ ਹੋਇਆ ਜਨਮ ਇਕ ਨਵੀਂ ਫਾਈਲ ਦਾ। ਦੇਵਤਾ ਦੇ ਨੋਟ ਥੱਲੇ ਰਾਮ ਪ੍ਰਸ਼ਾਦ ਨੇ ਇਕ ਹੋਰ ਨੋਟ ਲਿਖ ਦਿਤਾ, "ਮਾਤਰੀ ਭਾਸ਼ਾ ਵਿਚ ਲਿਖਿਆ ਨੋਟ ਅਸਪੱਸ਼ਟ ਹੈ ਕਿਰਪਾ ਕਰਕੇ ਪਿਤਰੀ ਭਾਸ਼ਾ ਵਿਚ ਨਵਾਂ ਨੋਟ ਲਿਖਿਆ ਜਾਵੇ ਤਾਂ ਕਿ ਅਗਲੀ ਕਾਰਵਾਈ ਕੀਤੀ ਜਾਵੇ।" ਤੇਰ੍ਹਾਂ ਦਿਨਾਂ ਮਗਰੋਂ ..ਨਵੀਂ ਫਾਈਲ ਵਾਪਿਸ ਦੇਵਤਾ ਕੋਲ ਪਹੁੰਚੀ ਤਾਂ ਉਨ੍ਹਾਂ ਤੁਰੰਤ ਨੋਟ ਲਿਖ ਦਿੱਤਾ, "ਮੇਰੇ ਮਾਤਾ ਪਿਤਾ ਇਕੋ ਹੀ ਭਾਸ਼ਾ ਬੋਲਦੇ ਹਨ।" ਫ਼ਾਈਲ ਫੇਰ ਰਾਮ ਪ੍ਰਸ਼ਾਦ ਕੋਲ ਪਹੁੰਚੀ ਤਾਂ ਉਸਨੂੰ ਮਿਰਚਾਂ ਲੱਗ ਗਈਆਂ। ਹੱਛਾ, ਇਸ ਨਵੇਂ ਛੋਕਰੇ ਦੀ ਇਹ ਮਜਾਲ! ਤੇ ਉਸ ਨੇ ਅੱਠ ਦਿਨ ਫਾਈਲ ਰੱਖ ਕੇ ਨੋਟ ਲਿਖਿਆ, "ਪੈਰ ਟਿਕਾਊ ਨਾਂ ਦਾ ਕੋਈ ਬੰਦਾ ਦਫਤਰ ਵਿਚ ਨਹੀਂ ਹੈ, ਤੁਹਾਡੀ ਸੂਚਨਾ ਹਿੱਤ।" ਫਾਈਲ ਦੇਵਤਾ ਕੋਲ ਗਈ ਉਨ੍ਹਾਂ ਲਿਖਿਆ, "ਪੈਰ ਟਿਕਾਊ ਨੂੰ ਅੰਗਰੇਜ਼ੀ ਵਿਚ 'Foot rest' ਕਹਿੰਦੇ ਹਨ। ਇਸ ਦੀ ਘਾਟ ਨਾਲ ਮੇਰਾ ਖ਼ੂਨ ਲੱਤਾਂ ਵਿਚ ਉਤਰ ਜਾਂਦਾ ਹੈ ਤੇ ਦਿਮਾਗ ਖਾਲੀ ਹੋ ਜਾਂਦਾ ਹੈ ਇਸ ਹਾਲਤ ਵਿਚ ਮੈਂ ਕੀ ਜਨ-ਸੇਵਾ ਕਰ ਸਕਦਾ ਹਾਂ ਸੋ ਜਲਦੀ ਪੈਰ ਟਿਕਾਊ ਦਿੱਤਾ ਜਾਵੇ।" ਰਾਮ ਪ੍ਰਸ਼ਾਦ ਨੇ ਨੋਟ ਪੜ੍ਹਿਆ ਤਾਂ ਉਚਰੇ, "ਵੱਡੇ ਆਏ ਨੇ ਹਿੰਦੀ ਦੇ ਹਮਾਇਤੀ! 'foot rest' ਦਾ ਅਨੁਵਾਦ ਕੀਤਾ ਹੈ, 'ਪੈਰ ਟਿਕਾਊ ਵਾਹ!" ਉਸ ਨੇ ਪਹਿਲਾਂ ਇਹ ਅਨੁਵਾਦ ਦਾ ਮਾਮਲਾ ਨਿਪਟਾਉਣਾ ਹੀ ਠੀਕ ਸਮਝਿਆ ਤੇ ਫਾਈਲ 'ਰਾਜ ਭਾਸ਼ਾ' ਮਹਿਕਮੇ ਨੂੰ ਭੇਜ ਦਿੱਤੀ ਗਈ। ਉਥੇ ਛੇ ਮਹੀਨੇ ਤਕ ਇਕ ਕਮਰੇ ਇਕ ਮੇਜ਼ ਤੋਂ ਦੂਜੇ ਮੇਜ ਤੱਕ ਇਸ ਦੀ ਦੁਰਦਸ਼ਾ ਹੁੰਦੀ ਰਹੀ ਤੇ "ਸਾਡੇ ਨਾਲ ਸੰਬਧਿਤ ਨਹੀਂ" ਆਦਿ ਨੋਟਾਂ ਨਾਲ ਫਾਈਲ ਭਰ ਗਈ।

ਛੇ ਮਹੀਨੇ ਬਾਅਦ ਇਕ ਵਿਭਾਗ ਨੇ ਇਹ ਟਿਪਣੀ ਲਾਈ, "ਇਹ ਮਾਮਲਾ ਰਾਜਭਾਸ਼ਾ ਮਹਿਕਮੇ ਦੇ ਯੋਗ ਨਹੀਂ ਹੈ। ਇਸਨੂੰ ਤੁਸੀਂ ਆਪਣੇ ਵਿਭਾਗ ਦੇ 'ਹੈਡਕੁਆਟਰ' ਨੂੰ ਭੇਜ ਸਕਦੇ ਹੋ।" ਤੇ ਫਾਈਲ ਫਿਰ ਰਾਮ ਪ੍ਰਸ਼ਾਦ ਦੀ ਮੇਜ਼ ਤੇ ਹਾਜ਼ਰ ਹੋ ਗਈ।

ਉਸ ਦੇ ਮਨ ਵਿਚ ਇਕ ਹੋਰ ਫੁਰਨਾ ਫੁਰਿਆ। ਆਜ਼ਾਦੀ ਤੋਂ 36 ਸਾਲ ਬਾਅਦ ਤੱਕ ਕਿਸੇ ਨੂੰ ਐਸੇ ਪੈਰ ਟਿਕਾਊਂ ਦੀ ਨਹੀਂ ਸੁੱਝੀ ਤਾਂ ਦੇਵਤਾ ਦਾਸ ਨੂੰ ਕੀ ਤਕਲੀਫ ਹੈ ਐਸੇ ਨੋਟ ਨਾਲ ਫਾਈਲ ਦੇਵਤਾ ਕੋਲ ਆਈ ਤਾਂ ਉਨਾਂ ਲਿਖਿਆਂ, "ਜਮਾਂਦਰੂ ਹੀ, ਮੇਰੇ ਉਪਰਲੇ ਧੜ ਦੀ ਬਨਿਸਬਤ ਮੇਰੀਆਂ ਲੱਤਾਂ ਛੋਟੀਆਂ ਹਨ। ਸੋ ਇਸ ਨੂੰ ਵਿਸ਼ੇਸ਼ ਕੇਸ ਸਮਝਿਆ ਜਾਵੇ।" ਰਾਮ ਪ੍ਰਸ਼ਾਦ ਨੇ ਇਹ ਨੋਟ ਪੜ੍ਹਿਆ ਤਾਂ ਉਨ੍ਹਾਂ ਨੂੰ ਇਕ ਹੋਰ ਨਵੀਂ ਗੱਲ ਖਟਕੀ। ਇਹ ਜਨਾਬ ਦੂਜੀ ਸ਼੍ਰੇਣੀ ਵਿਚ ਨੌਕਰ ਹੋਏ ਹਨ। ਡਾਕਟਰੀ ਬੋਰਡ ਦੁਆਰਾ ਪਾਸ ਹੋਏ ਬਗੈਰ ਕਿਸੇ ਦੀ ਨਿਯੁਕਤੀ ਨਹੀਂ ਹੋ ਸਕਦੀ ਇਹ ਸ੍ਰੀਮਾਨ ਜੀ ਜੰਮਦੇ ਹੀ ਅਪੰਗ ਹਨ ਤਾਂ ਚੜ੍ਹਾਵੇ ਦੇ ਜ਼ੋਰ ਨਾਲ ਪਾਸ ਹੋਏ ਹੋਣਗੇ। ਰਾਮ ਪ੍ਰਸ਼ਾਦ ਨੇ ਫਾਈਲ ਗੁਪਤ ਤੌਰ ਤੇ ਸਿਹਤ ਮਹਿਕਮੇ ਨੂੰ ਭੇਜ ਦਿੱਤੀ।

ਆਪਣੇ ਨੋਟ ਵਿਚ ਉਨ੍ਹਾਂ ਮੈਡੀਕਲ ਬੋਰਡ ਦੇ ਫੈਸਲੇ 'ਤੇ ਕਿੰਤੂ ਕਰ ਦਿੱਤਾ। ਫਾਈਲ ਪੰਜ ਮਹੀਨੇ ਸਿਹਤ ਮਹਿਕਮੇ ਵਿਚ ਘੁੰਮਦੀ ਰਹੀ। ਤਿੰਨ ਵਾਰ ਵਾਪਸ ਰਾਮ ਪ੍ਰਸ਼ਾਦ ਕੋਲ ਭੇਜੀ ਗਈ। ਪਹਿਲਾਂ ਤਾਂ ਸਿਹਤ ਵਿਭਾਗ ਦੀ ਜੁਰਅੱਤ ਨਾ ਹੋਈ ਕਿ ਮੈਡੀਕਲ ਬੋਰਡ ਤੋਂ ਸਪੱਸ਼ਟੀਕਰਣ ਮੰਗ ਲਵੇ ਪਰ ਰਾਮ ਨੇ 'ਲੋਕ ਸੇਵਾ ਦੀ ਆੜ ਵਿਚ ਐਸੀ ਪੱਟੀ ਪਾਈ ਕਿ ਸਿਹਤ ਮਹਿਕਮੇ ਨੇ ਫਾਈਲ ਪਟਿਆਲੇ ਹਸਪਤਾਲ ਨੂੰ ਭੇਜ ਦਿਤੀ ਤੇ ਸ਼ੁਰੂ ਹੋ ਗਿਆ ਮੈਡੀਕਲ ਬੋਰਡ ਤੇ ਸਿਹਤ ਮਹਿਕਮੇ ਵਿਚ ਚਿੱਠੀ ਪੱਤਰ ਦਾ ਸਿਲਸਿਲਾ। ਅੰਤ ਵਿਚ ਸਿਹਤ ਵਿਭਾਗ ਨੇ ਪੂਰੀ ਛਾਣਬੀਣ ਕਰ ਕੇ ਨੋਟ ਲਿਖਿਆ, "ਠੀਕ ਹੈ ਦੇਵਤਾ ਦਾਸ ਦਾ ਕੱਦ ਠਿਗਣਾ ਹੈ ਪਰੰਤੂ ਮੈਡੀਕਲ ਬੋਰਡ ਨੇ ਇਨ੍ਹਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਮੰਨਿਆ ਹੈ ਤੇ ਸਿਰਫ ਠਿਗਣਾ ਕੱਦ ਜਨ ਸੇਵਾ ਦੇ ਮਾਰਗ ਵਿਚ ਕੋਈ ਰੋੜਾ ਨਹੀਂ ਅਟਕਾਂਦਾ!" ਫਾਈਲ ਪੜ੍ਹੀ ਤਾਂ ਰਾਮ ਪ੍ਰਸ਼ਾਦ ਨੂੰ ਲੱਗਾ, ਬਾਜ਼ੀ ਹਾਰ ਗਏ ਹਨ ਪਰ ਉਹ ਵੀ ਢੀਠ ਕਿਸਮ ਦੇ ਆਦਮੀ ਸਨ। ਮਰੇ ਹੋਏ ਨੂੰ ਕਾਫੀ ਦੇਰ ਆਕੜਿਆ ਹੋਇਆ ਹੀ ਸਾਬਤ ਕਰਦੇ ਰਹਿੰਦੇ ਸਨ। ਇਕ ਗੱਲ ਉਸ ਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਸੀ ਕਿ ਇੰਨਾ ਲੰਮਾ ਸਮਾਂ ਬੀਤਣ ਬਾਅਦ ਵੀ ਦੇਵਤਾ ਦਾਸ ਨੇ ਕਦੀ ਰਾਮ ਪ੍ਰਸ਼ਾਦ ਨੂੰ ਆਪਣੇ ਮੂੰਹੋਂ 'ਪੈਰ ਟਿਕਾਊਂ ਬਾਰੇ ਨਹੀਂ ਸੀ ਪੁਛਿਆ। ਰਾਮ ਪ੍ਰਸ਼ਾਦ ਨੂੰ ਤਾਂ ਕਈ ਨਿਰਾਲੇ ਤਜਰਬੇ ਸਨ ਉਸ ਨੇ ਉਹ ਅਫਸਰ ਦੇਖੇ ਸਨ ਜੋ ਉਸ ਕੋਲੋ ਆਪਣੇ ਬੱਚਿਆਂ ਲਈ ਵੀ ਦਫਤਰ ਦੀ ਸਟੇਸ਼ਨਰੀ ਲੈ ਜਾਂਦੇ ਸਨ। ਕਹਿੰਦੇ ਨੇ ਜਵਾਨੀ ਵਿਚ ਰਾਮ ਪ੍ਰਸ਼ਾਦ ਫੁੱਟਬਾਲ ਦਾ ਚੰਗਾ ਖਿਡਾਰੀ ਸੀ ਤੇ ਹੁਣ ਉਹ ਫਾਈਲਾਂ ਨਾਲ ਫੁਟਬਾਲ ਦੀ ਆਦਤ ਦਾ, ਝੱਸ ਪੂਰਾ ਕਰਦੇ ਸਨ ਤੇ ਫਾਈਲਾਂ ਨੂੰ ਲੱਤਾਂ ਮਾਰਦੇ ਰਹਿੰਦੇ ਪਰ ਗੋਲ ਕਰਦੇ ਸਨ ਫਾਈਲ ਦਾ ਨਾਸ ਮਾਰ ਕੇ। ਰਾਮ ਪ੍ਰਸ਼ਾਦ ਨੇ ਹੁਣ ਫਾਈਲ ਸਰਕਾਰੀ ਲੋਕ ਨਿਰਮਾਣ ਵਿਭਾਗ ਨੂੰ ਭੇਜ ਦਿੱਤੀ ਜਿੱਥੇ ਫਰਨੀਚਰ ਸਪਲਾਈ ਕੀਤਾ ਜਾਂਦਾ ਸੀ, "ਕਿਰਪਾ ਕਰਕੇ ਇਕ ਦਰਜਨ 'ਪੈਰ ਟਿਕਾਊ' ਅਲੱਗ-ਅਲੱਗ ਨਾਪ ਦੇ ਤੁਰੰਤ ਭੇਜੇ ਜਾਣ । ਫਿਲਹਾਲ ਬੇਸ਼ੱਕ ਇਕੋ ਦੀ ਹੀ ਮੰਗ ਹੈ ਪਰੰਤੂ ਅੱਜ ਕੱਲ੍ਹ, ਮੈਡੀਕਲ ਬੋਰਡ ਕਾਫੀ ਖੁੱਲ੍ਹੇ- ਦਲੇਰ ਹੋ ਗਏ ਹਨ ਸੋ ਭਵਿਖ ਵਿਚ ਵੀ ਇਨ੍ਹਾਂ ਦੀ ਲੋੜ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।"ਲੋਕ ਨਿਰਮਾਣ ਵਿਭਾਗ ਨੂੰ ਕਈ ਚੇਤਾ-ਕਰਾਉ ਚਿੱਠੀਆਂ ਭੇਜੀਆਂ ਗਈਆਂ। ਪੰਜ ਮਹੀਨੇ ਮਗਰੋਂ ਇਹ ਚਿੱਠੀ ਆਈ, "ਇਹ 'ਚਰਨ-ਟਿਕਾਊ ਸਾਡੇ ਸਟਾਕ ਵਿਚ ਨਹੀਂ ਹਨ।

ਤੁਸੀਂ ਇਹਨਾਂ ਨੂੰ ਸਿੱਧਾ ਹੀ ਖਰੀਦ ਸਕਦੇ ਹੋ ਪਰ ਕਾਰਵਾਈ ਸਾਡੇ ਮਹਿਕਮੇ ਦੀ ਗਸ਼ਤੀ ਚਿੱਠੀ ਨੰਬਰ iCTI 13063/13/69 - 31-3-69 -।" ਮਹਿਕਮੇ ਦਾ ਇਹ ਨੋਟ ਰਾਮ ਪ੍ਰਸ਼ਾਦ ਦੇ ਮੂੰਹ ਤੇ ਇਕ ਤਮਾਚਾ ਸੀ। 35 ਸਾਲਾਂ ਤੋਂ ਉਹ ਫਰਨੀਚਰ ਖਰੀਦ ਦਾ ਆਇਆ ਸੀ ਪਰ ਉਸ ਨੂੰ ਮਹਿਕਮੇ ਦੀ 1969 ਦੀ ਗਸ਼ਤੀ ਚਿੱਠੀ ਦਾ ਵੀ ਗਿਆਨ ਨਹੀਂ ਪਰ, ਉਹਨਾਂ ਇਥੇ ਵੀ ਹੁਸ਼ਿਆਰੀ ਦਿਖਾਈ ਤੇ ਮੁੜਵੀਂ ਚਿੱਠੀ ਲਿਖਤੀ, "ਹਵਾਲੇ ਤਹਿਤ, ਤੁਹਾਡੀ ਗਸ਼ਤੀ ਚਿੱਠੀ ਸਾਡੇ ਰਿਕਾਰਡ ਵਿਚ ਨਹੀਂ ਹੈ। ਇਸ ਦਾ ਉਤਾਰਾ ਭੇਜਿਆ ਜਾਵੇ।" ਤਿੰਨ ਮਹੀਨੇ ਮਗਰੋਂ ਜਵਾਬ ਆ ਗਿਆ, "ਗਸ਼ਤੀ ਚਿੱਠੀ ਸਾਡੇ ਕੋਲ ਨਹੀਂ ਹੈ । ਬੇਸ਼ੱਕ ਤੁਸੀਂ ਆਪਣਾ ਟਾਈਪਿਸਟ ਭੇਜ ਕੇ ਸਾਡੀ ਦਫਤਰੀ ਫਾਇਲ 'ਚੋਂ ਇਸ ਦੀ ਨਕਲ ਕਰਵਾ ਸਕਦੇ ਹੋ। ਵੈਸੇ ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਐਸੇ ਅਤਿ ਜ਼ਰੂਰੀ ਸੰਜ਼ਮ-ਵਰਤੋਂ ਸੰਬੰਧੀ ਚਿੱਠੀ ਦਾ ਉਤਾਰਾ ਤੁਹਾਡੇ ਕੋਲ ਨਹੀਂ ਹੈ।"

ਰਾਮ ਪ੍ਰਸ਼ਾਦ ਦੇ ਮੂੰਹੋਂ ਗਾਲ੍ਹ ਨਿਕਲ ਗਈ, "ਸਾਲਿਓ, ਨੰਗੋ ਚਾਰ ਜ਼ਮਾਨੇ ਦਿਓ, ਤੁਸੀਂ ਬਿਨਾਂ ਟਾਈਪਿਸਟਾਂ ਦੇ ਹੀ ਬੈਠੇ ਹੋ। ਚੱਲੋ ਅੱਛਾ ਗਰਜ਼ ਤਾਂ ਸਾਡੀ ਹੈ ਨਾ।" ਰਾਮ ਪ੍ਰਸ਼ਾਦ ਨੇ ਵਰਿੰਦਰ ਕੁਮਾਰ ਕਲਰਕ ਨੂੰ ਦਿੱਲੀ ਜਾ ਕੇ ਗਸ਼ਤੀ ਚਿੱਠੀ

ਲਿਆਉਣ ਲਈ ਹੁਕਮ ਕਰ ਦਿੱਤੇ। ਪਚਨਵੇਂ ਰੁਪਏ ਉਸ ਨੂੰ ਜਲੰਧਰ ਤੋਂ ਦਿੱਲੀ ਤੱਕ ਸਫਰ ਭੱਤੇ ਆਦਿਕ ਲਈ ਮਿਲ ਗਏ ਗਸ਼ਤੀ ਚਿੱਠੀ ਆਈ ਤਾਂ ਲਿਖਿਆ ਸੀ, "ਜੇ ਕਿਸੇ ਮਹਿਕਮੇ ਨੂੰ ਕਿਸੇ ਨਵੇਂ ਸਾਮਾਨ ਦੀ ਲੋੜ ਪੈ ਜਾਵੇ ਤਾਂ ਇਸ ਨੂੰ ਖਰੀਦਣ ਤੋਂ ਪਹਿਲਾਂ ਉਸ ਨੂੰ ਚਾਹੀਦਾ ਹੈ ਕਿ ਬਾਕੀ ਸਭ ਮਹਿਕਮਿਆਂ ਨਾਲ ਚਿੱਠੀ ਪੱਤਰ ਕਰ ਲਵੇ ਤਾਂ ਜੋ ਜੇਕਰ ਕਿਸੇ ਕੋਲ ਐਸਾ ਸਾਮਾਨ ਪਿਆ ਹੋਵੇ ਤਾਂ ਲੋੜੀਂਦੀ ਕਾਰਵਾਈ ਕਰਕੇ ਲਿਆ ਜਾਵੇ। ਇਸ ਨਾਲ ਸਰਕਾਰੀ ਬੱਚਤ ਹੋਵੇਗੀ।" ਰਾਮ ਪ੍ਰਸ਼ਾਦ ਨੂੰ ਤਾਂ ਜਿਵੇਂ ਕੋਈ ਅਣਲੱਭ ਚੀਜ਼ ਮਿਲ ਗਈ ਹੋਵੇ। ਸਾਰੇ ਵਿਭਾਗਾਂ ਨੂੰ ਚਿੱਠੀਆਂ ਪਾ ਦਿੱਤੀਆਂ ਗਈਆਂ। ਸਾਰੇ ਮਹਿਕਮਿਆਂ ਤੋਂ ਜਵਾਬ ਜਦੋਂ ਤੱਕ ਆਏ ਦਸ ਮਹੀਨੇ ਹੋਰ ਕਾਲ ਦੀ ਖਾਈ ਵਿਚ ਗੁੰਮ ਹੋ ਗਏ। ਗੱਲ ਉੱਥੇ ਦੀ ਉੱਥੇ ਹੀ ਰਹੀ।

ਸਾਲ ਬੀਤ ਗਏ। ਦੇਵਤਾ ਦਾਸ ਰਾਮ ਪ੍ਰਸ਼ਾਦ ਦੀ ਮੱਖਾਬਾਜ਼ੀ ਕਰਨ ਵੀ ਨਾ ਆਇਆ। ਅੰਤ ਰਾਮ ਪ੍ਰਸ਼ਾਦ ਨੇ ਹਥਿਆਰ ਸੁੱਟ ਦਿੱਤੇ। ਫਾਇਲ ਤਾਂ ਖਮੀਰੇ ਆਟੇ ਵਾਂਗ ਫੁੱਲਦੀ ਹੀ ਜਾਂਦੀ ਸੀ। ਅੰਤ ਉਸਨੇ ਪਾਏਦਾਨ ਖਰੀਦਣ ਦਾ ਫੈਸਲਾ ਕਰ ਹੀ ਲਿਆ। ਪਰ ਇਸ ਨਵੇਂ ਖਰਚੇ ਲਈ ਬਜਟ ਵਿਚ ਕੋਈ ਧਾਰਾ ਨਹੀਂ ਸੀ।

ਇਸ ਦਾ ਮਤਲਬ ਸੀ ਬਗੈਰ ਯੋਜਨਾ ਦੇ ਖਰਚੇ ਲਈ ਵਿੱਤ ਵਿਭਾਗ ਦੇ ਮੁੱਖ ਸਲਾਹਕਾਰ ਗੁਪਤੇ ਕੋਲੋਂ ਮਨਜ਼ੂਰੀ ਲੈਣੀ ਪਵੇਗੀ। ਪਰ ਗੁਪਤੇ ਕੋਲ ਜਾਣਾ ਖਤਰੇ ਤੋਂ ਖਾਲੀ ਨਹੀਂ ਸੀ। ਉਸ ਬਾਰੇ ਮਸ਼ਹੂਰ ਸੀ ਕਿ ਅਫਸਰ ਉਸ ਨਾਲ ਹੱਥ ਮਿਲਾ ਕੇ ਆਪਣੀਆਂ ਉਂਗਲਾਂ ਗਿਣ ਲਿਆ ਕਰਦੇ ਸਨ । ਉਹਨਾਂ ਇਕ ਤਕੜਾ ਨੋਟ ਲਿਖਿਆ ਤੇ ਫਾਈਲ ਕਾਨਪੁਰ ਭੇਜ ਦਿੱਤੀ। ਪਹਿਲਾਂ ਨਾ-ਮਨਜ਼ੂਰੀ ਦੀ ਚਿੱਠੀ ਆਈ ਤੇ ਫਿਰ ਸਪੱਸ਼ਟੀਕਰਣ। ਫਿਰ ਇਕ ਚੱਕਰ ਕਾਨਪੁਰ ਦਾ ਰਾਮ ਪ੍ਰਸ਼ਾਦ ਨੂੰ ਲਾਉਣਾ ਪਿਆ ਤੇ ਕਿਤੇ ਜਾ ਕੇ ਮਨਜ਼ੂਰੀ ਮਿਲੀ ਪਰ ਸਿਰਫ ਦੋਹਾਂ ਦੀ। ਪਰ ਰਾਜੇ ਦੀ ਘੋੜੀ ਅਜੇ ਸੂਈ ਨਹੀਂ ਸੀ ਅਜੇ ਕੁਝ ਮਹੀਨੇ ਹੋਰ ਲੱਗਣੇ ਸਨ। ਇਸ਼ਤਿਹਾਰ ਦਿੱਤਾ ਗਿਆ - ਟੈਂਡਰ ਮੰਗੇ ਗਏ। ਖੋਲ੍ਹੇ ਗਏ। ਫਿਰ ਘੱਟ ਕੀਮਤ ਵਾਲੀ ਫਰਮ ਨੂੰ ਲਿਖਿਆ ਗਿਆ। ਇਸ ਦੀ ਇਕ ਕਾਪੀ ਦੇਵਤਾ ਦਾਸ ਨੂੰ ਦੇ ਦਿੱਤੀ ਗਈ। ਰਾਮ ਪ੍ਰਸ਼ਾਦ ਨੂੰ ਆਪਣੇ ਫਰਜ਼ ਦਾ ਅਹਿਸਾਸ ਹੋਇਆ। ਉਹਨਾਂ ਨੇ ਫੁੱਟਬਾਲ ਦੇ ਜ਼ਮਾਨੇ ਦਾ ਗੋਲ ਕਰ ਦਿੱਤਾ ਤੇ ਫਾਇਲ ਸੂਚਨਾ ਲਈ ਦੇਵਤਾ ਦਾਸ ਕੋਲ ਭੇਜ ਦਿੱਤੀ ਗਈ।

ਇੰਨੀ ਮੋਟੀ ਫਾਈਲ ਜਦ ਦੇਵਤਾ ਦਾਸ ਦੇ ਮੇਜ਼ 'ਤੇ ਪਹੁੰਚੀ ਤਾਂ ਉਸ ਨੂੰ ਲੱਗਾ ਕਿ ਇਹ ਕੋਈ ਮੱਹਤਵਪੂਰਨ ਫਾਈਲ ਹੋਵੇਗੀ। ਕਈ ਦਿਨ ਸੋਚਦਾ ਰਿਹਾ ਕਿਸੇ ਵਿਹਲੇ ਸਮੇਂ ਇਹ ਫਾਈਲ ਪੜ੍ਹਾਂਗਾ। ਇਕ ਦਿਨ ਉਹ ਜਲਦੀ ਦਫਤਰ ਪਹੁੰਚ ਗਿਆ ਕਿਉਂਕਿ ਵਿਸ਼ੇਸ਼ ਫਾਈਲਾਂ ਦਫਤਰੀ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਹੀ ਦੇਖੀਆਂ ਜਾਂਦੀਆਂ ਹਨ। ਡਰਦੇ ਡਰਦੇ ਨੇ ਫਾਈਲ ਖੋਲ੍ਹੀ ਅਖੀਰ ਵਿਚ ਇਕੋ ਸਤਰ ਸੀ, "ਕਿਰਪਾ ਕਰਕੇ ਇਕ ਸਫ਼ੇ ਦੇ ਮਾਮਲੇ ਹਿੱਤ ਅੰਤਿਮ ਕਾਰਵਾਈ ਦੇਖੋ।"

ਦੇਵਤਾ ਦਾਸ ਨੇ ਸਾਰੀ ਫਾਈਲ ਫੋਲੀ, ਸਾਰਾ ਪਹਾੜ ਪੱਟਿਆ ਪਰ ਖਾਲੀ ਹੱਥ। ਉਹ ਹੱਸਿਆ ਤੇ ਨੋਟ ਲਿਖਿਆ, "ਦੇਖ ਲਿਆ ਧੰਨਵਾਦ। ਜੇ ਦੋ ਸਾਲ ਪਹਿਲਾਂ ਇਹ ਫਾਈਲ ਆ ਜਾਂਦੀ ਤਾਂ ਪਾਏਦਾਨ ਦਾ ਕੰਮ ਮੈਂ ਇਸੇ ਤੋਂ ਲੈ ਲੈਂਦਾ ਹੁਣ ਮੈਨੂੰ 'ਪੈਰ-ਟਿਕਾਉ' ਦੀ ਲੋੜ ਨਹੀਂ ਹੈ। ਮੈਂ 'ਪੈਰ- ਟਿਕਾਊ' ਦੀ ਲੋੜ ਸੰਬੰਧੀ ਨੋਟ ਲਿਖਣ ਤੋਂ ਬਾਦ ਦੋ ਚਾਰ ਦਿਨ ਇੰਤਜ਼ਾਰ ਕੀਤਾ ਸੀ। ਜਦ ਮੈਨੂੰ ਪਤਾ ਲੱਗਾ 'ਪੈਰ-ਟਿਕਾਊ' ਜਲਦੀ ਮਿਲਣ ਵਾਲਾ ਨਹੀਂ ਤਾਂ ਮੈਂ ਇਕ ਐਤਵਾਰ ਰੈਣਕ ਬਾਜ਼ਾਰ ਚਲਾ ਗਿਆ ਤੇ ਹੇਮ ਬਾਣੀਏ ਦੀ ਹੱਟੀ ਤੋਂ ਦੋ ਰੁਪਏ ਦਾ ਖਾਲੀ ਟੀਨ ਦਾ ਡੱਬਾ ਖਰੀਦ ਲਿਆਇਆ ਸੀ। ਇਹੋ ਖਾਲੀ ਡੱਬਾ ਮੈਨੂੰ 'ਪੈਰ- ਟਿਕਾਊ' ਦਾ ਬੜਾ ਵਧੀਆ ਕੰਮ ਦੇ ਰਿਹਾ ਹੈ।"

ਫਾਈਲ ਰਾਮ ਪ੍ਰਸ਼ਾਦ ਕੋਲ ਪਹੁੰਚੀ। ਉਸਨੇ ਦੇਵਤਾ ਦਾਸ ਦਾ ਨੋਟ ਪੜ੍ਹਿਆ। ਇਹ ਨੋਟ ਇਕ ਧਮਾਕਾ ਸੀ। ਰਾਮ ਪ੍ਰਸ਼ਾਦ ਡੌਰ-ਭੌਰ ਦੇਖਦਾ ਰਹਿ ਗਿਆ। ਇੰਨੀ ਮੁਸੀਬਤ ਮਗਰੋਂ ਨਵਾਂ ਸਾਮਾਨ ਖਰੀਦਿਆ ਜਾਣ ਵਾਲਾ ਸੀ। ਜੇ ਉਸਦੀ ਵਰਤੋਂ ਨਾ ਕੀਤੀ ਗਈ ਤਾਂ ਲੇਖਾ ਵਿਭਾਗ ਇਸ 'ਤੇ ਆਪੱਤੀ ਤੇ ਫਿਰ ਇਕ ਹੋਰ ਨਵੀ ਫਾਈਲ ਦੀ ਜਨਮ- ਸਾਖੀ ਸ਼ੁਰੂ ਹੋ ਜਾਏਗੀ।

ਪੰਜਾਬੀ ਰੂਪ : ਸੰਤ ਸੰਧੂ
ਤਲਵੰਡੀ ਸਲੇਮ
(ਨਕੋਦਰ)

ੴ ਵਾਹਿਗੁਰੂ ਜੀ ਕੀ ਫ਼ਤਹ॥

# ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ (ਪਾ.੧੦)

(ਛਪ ਰਹੀ ਪੁਸਤਕ ਸ੍ਰੀ ਦਸਮ ਗੋਸਟਿ ਵਿਚੋਂ)

ਗੁਰਚਰਨਜੀਤ ਸਿੰਘ ਲਾਂਬਾ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸ੍ਰੀ ਅਕਾਲ ਪੁਰਖ ਜੀ ਦੀ ਉਸਤਿਤ ਵਿਚ ਰਚੀ ਆਪਣੀ ਬਾਣੀ ਸ੍ਰੀ ਅਕਾਲ ਉਸਤਤਿ ਦੀ ਅਰੰਭਤਾ ਕਰਦੇ ਹਨ,

ੴ ਸਤਿਗੁਰ ਪ੍ਰਸਾਦਿ॥
ਸ੍ਰੀ ਭਗਉਤੀ ਜੀ ਸਹਾਇ॥ਉਤਾਰ ਖਾਸੇ ਦਸਖਤ ਕਾ॥
ਪਾਤਿਸਾਹੀ ੧੦॥
ਅਕਾਲ ਪੁਰਖ ਕੀ ਰਛਾ ਹਮਨੈ॥
ਸਰਬ ਲੋਹ ਕੀ ਰਛਿਆ ਹਮਨੈ॥
ਸਰਬ ਕਾਲ ਜੀ ਦੀ ਰਛਿਆ ਹਮਨੈ॥
ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥

ਇੱਥੇ ਅਕਾਲ ਪੁਰਖ ਦਾ ਮੰਗਲ ਕਰਨ ਉਪਰੰਤ ਸਤਿਗੁਰੂ ਜੀ ਅਕਾਲ ਪੁਰਖ ਦੇ ਪਰਾਵਾਚੀ ਸ਼ਬਦ ਸਰਬ ਲੋਹ ਜੀ ਦੀ ਰਛਿਆ, ਸਰਬ ਲੋਹ ਜੀ ਦੀ ਸਦਾ ਰਛਿਆ ਦੀ ਯਾਚਨਾ ਕਰਦੇ ਹਨ। ਸਾਰ, ਸਰਬ ਲੋਹ ਨਾਲ ਗੁਰੂ ਸਾਹਿਬ ਜੀ ਨੂੰ ਇਤਨਾ ਨੇਹ ਕਿਉਂ? ਕਲਗੀਧਰ ਪਿਤਾ ਨੇ ਜਦੋਂ ਵੀ ਵਾਹਿਗੁਰੂ ਦੀ ਸੰਘਾਰਨ ਵਾਲੀ ਸ਼ਕਤੀ ਦਾ ਜ਼ਿਕਰ ਕੀਤਾ ਹੈ ਤਾਂ ਉਸ ਵਿਚ ਸ੍ਰੀ ਭਗਉਤੀ ਜੀ, ਸਰਬ ਲੋਹ, ਖੜਗ ਧੁਜ, ਖੜਗ ਕੇਤ, ਅਸਿ ਧੁਜ, ਅਸਿ ਕੇਤੁ ਕਹਿ ਕੇ ਨਮਸਕਾਰ ਕੀਤਾ ਹੈ।

ਇਸ ਦੇ ਪਿਛੇ ਵੀ ਖਾਲਸੇ ਨੂੰ ਨਿਆਰਾਪਨ ਬਖਸ਼ਣ ਦਾ ਨਿਸ਼ਾਨਾ ਸੀ। ਸਤਿਗੁਰੂ ਜੀ ਸਰਬਲੋਹ ਨੂੰ ਅਕਾਲ ਪੁਰਖ ਦੀ ਇਕ ਸੰਗਯਾ ਵਜੋਂ ਉਚਾਰਦੇ ਹਨ। ਇਹ ਬਚਨ ਕਰਦੇ ਹਨ ਕਿ ਅਕਾਲ ਪੁਰਖ ਨੇ ਸਭ ਤੋਂ ਪਹਿਲਾਂ ਖੰਡਾ ਸਾਜਿਆ। ਉਪਰੰਤ ਇਸ ਖੰਡੇ ਵਿਚੋਂ ਹੀ ਸ੍ਰਿਸ਼ਟੀ ਦੀ ਉਤਪਤੀ ਹੋਈ। ਹਿੰਦੂ ਪਰੰਪਰਾ ਅਨੁਸਾਰ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਕ੍ਰਮਵਾਰ ਸ੍ਰਿਸ਼ਟੀ ਦੇ ਰਚਨਹਾਰ, ਪਾਲਣ ਹਾਰ ਅਤੇ ਨਾਸ਼ਕਰਨ ਵਾਲੇ ਮੰਨੇ ਜਾਂਦੇ ਹਨ ਪਰ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਇਹ ਤਿੰਨੋਂ ਵੀ ਇਸ ਖੰਡੇ ਵਿਚੋਂ ਹੀ ਉਪਜੇ ਹਨ,

ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰ ਉਪਾਇਆ॥
ਬ੍ਰਹਮਾ ਬਿਸਨ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇਆ॥

ਸਰਬਲੋਹ ਦੀ ਖਾਲਸੇ ਦੇ ਜੀਵਨ ਜਾਚ ਵਿਚ ਅਸੀਮ ਮਹੱਤਤਾ ਹੈ। ਇਸ ਬਿਨਾਂ ਖਾਲਸਾ ਮੁੰਕਮਲ ਹੀ ਨਹੀਂ ਹੁੰਦਾ। ਜਿਵੇਂ ਅੰਮ੍ਰਿਤ ਦੀ ਦਾਤ ਲਈ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਹੈ,

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰਖਿਆ ਹੋਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ 2015, ਪੰਨਾ 28)

ਅੰਮ੍ਰਿਤ ਤਿਆਰ ਕਰਨ ਲਈ ਬਾਟਾ ਚਾਹੀਦਾ ਹੈ। ਇਹ ਬਾਟਾ ਕੇਵਲ ਸਰਬਲੋਹ ਦਾ ਹੀ ਹੋ ਸਕਦਾ ਹੈ ਅਤੇ ਕਿਸੇ ਹੋਰ ਧਾਤ ਜਾਂ ਕਿਸਮ ਦਾ ਭਾਂਡਾ ਜਾਂ ਬਰਤਨ ਪ੍ਰਵਾਨ ਨਹੀਂ ਹੈ। ਪੱਥਰ ਯੁੱਗ ਤੋਂ ਬਾਅਦ ਲੋਹ ਯੁੱਗ ਆਇਆ। ਭਾਰਤੀ ਸੰਸਕ੍ਰਿਤੀ ਨੇ ਕਈ ਭਰਮਾਂ ਅਤੇ ਵਹਿਮਾਂ ਨੂੰ ਲੋਹੇ ਦੇ ਨਾਲ ਜੋੜ ਲਿਆ। ਇਸ ਵਿਚ ਲੋਹੇ ਤੋਂ ਨਫ਼ਰਤ ਅਤੇ ਹਿਕਾਰਤ ਦੇ ਨਾਲ ਇਸ ਤੋਂ ਡਰ ਵੀ ਸ਼ਾਮਲ ਸੀ। ਲੋਕ ਮਾਨਤਾਵਾਂ ਮੁਤਾਬਕ ਲੋਹੇ ਦੀ ਬਣੀ ਹੋਈ ਘੋੜੇ ਦੀ ਨਾਲ (horse shoe) ਨੂੰ ਨਵੇਂ ਘਰ ਦੇ ਬੂਹੇ ਦੀ ਚੁਗਾਠ 'ਤੇ ਕਿੱਲਾਂ ਨਾਲ ਠੋਕਿਆ ਜਾਂਦਾ ਸੀ ਤਾਂ ਕਿ ਪ੍ਰੇਤ ਆਤਮਾਵਾਂ ਨੇੜੇ ਨਾ ਆਉਣ। ਇਸ ਦੇ ਨਾਲ ਹੀ ਨਵੇਂ ਜਨਮੇ ਬੱਚੇ ਦੇ ਸਿਰ੍ਹਾਣੇ ਵੀ ਲੋਹੇ ਦੀ ਕਰਦ ਰਖੀ ਜਾਂਦੀ ਸੀ ਤਾਂ ਕਿ ਉਸ 'ਤੇ ਭੈੜਾ ਸਾਇਆ ਨਾ ਪਵੇ। ਇਕ ਹੋਰ ਮਾਨਤਾ ਮੁਤਾਬਕ ਲੋਹੇ ਦੇ ਭਾਂਡੇ ਖੜਕਾਉਣਾ ਅਸ਼ੁਭ ਮੰਨਿਆ ਜਾਂਦਾ ਸੀ।

ਸਰਬਲੋਹ ਦੀ ਮਹਾਨਤਾ ਬਾਰੇ ਪ੍ਰਚੀਨ ਪੰਥ ਪ੍ਰਕਾਸ਼ ਵਿਚ ਅੰਕਤ ਹੈ,

ਸਰਬ ਲੋਹ ਕੀ ਪੂਜਾ ਕਰੈ।
ਨਮਸਕਾਰ ਕਰ ਸ਼ਸਤਰ ਫੜੈ॥3॥
ਸਰਬ ਲੋਹ ਗਲ ਮਾਲਾ ਪਾਵੈ।
ਕੰਗਣ ਸਿਮਰਨ ਲੋਹ ਸੁਹਾਵੈ।
ਲੋਹ ਚਕ੍ਰ ਲੋਹ ਤੋੜੇ ਧਾਰੈ।
ਸਰਬ ਲੋਹ ਕੀ ਰਖ?ਯ ਉਚਾਰੈ॥4॥

(ਸ੍ਰੀ ਗੁਰ ਪੰਥ ਪ੍ਰਕਾਸ਼ ਭੰਗੂ 514)

ਇਕ ਪਾਸੇ ਸਰਬਲੋਹ ਨੂੰ ਪੂਜਨੀਕ ਕਿਹਾ ਪਰ ਦੂਸਰੇ ਪਾਸੇ ਹਿੰਦੂ ਸ਼ਾਸਤ੍ਰਾਂ ਨੇ ਲੋਹੇ ਨੂੰ ਬਹੁਤ ਹੀ ਨੀਵੇਂ ਦਰਜੇ ਤੇ ਰਖਿਆ। ਸ਼ਾਸਤ੍ਰਾਂ ਮੁਤਾਬਕ ਬ੍ਰਾਹਮਣ ਲਈ ਲੋਹੇ ਦੇ ਭਾਂਡਿਆਂ ਦੀ ਵਰਤੋਂ ਦੀ ਸਖ਼ਤ ਮਨਾਹੀ ਕੀਤੀ ਹੈ। ਬ੍ਰਾਹਮਣ ਦੇ ਗ੍ਰੰਥ 'ਅਤ੍ਰੀ ਸੰਹਿਤਾ' ਦਾ ਸਪਸ਼ਟ ਆਦੇਸ਼ ਕਿ ਜਿਹੜਾ ਅੰਨ ਲੋਹੇ ਦੇ ਬਰਤਨ 'ਚੋਂ ਖਾਧਾ ਜਾਂਦਾ ਹੈ ਉਹ ਵਿਸ਼ਟਾ ਖਾਣ ਦੇ ਤੁਲ ਅਤੇ ਤਿਆਗਣਯੋਗ ਹੈ। ਇਤਨਾ ਹੀ ਨਹੀਂ ਇਸ ਵਿਚੋਂ ਖਾਧ ਪਧਾਰਥ ਦੇਣ ਵਾਲਾ ਦਾਤਾ ਵੀ ਨਰਕ ਵਿਚ ਜਾਂਦਾ ਹੈ।

आयसेन तु पात्रेण यदन्नमुपदीयते ।।
श्वानविष्ठासमं भुंक्ते दांता च नरकं व्रजेत् ।। 150 ।।

(ਅਤ੍ਰੀ ਸੰਹਿਤਾ, ਸ਼ਲੋਕ 150)

ਆਯਸੇਨ ਪਾਣ ਯਦਨਮੁਪਦੀਯਤੇ ॥
ਸ਼ਵਾਨਵਿਸ਼ਠਾਸ ਭੁਕਤੇ ਦਾਤਾ ਚ ਨਰਕੰ ਵਜੇਤ ॥150॥ (ਅਤ੍ਰੀ ਸੰਹਿਤਾ, ਸ਼ਲੋਕ 150)

ਇਕ ਪਾਸੇ ਬ੍ਰਾਹਮਣੀ ਗ੍ਰੰਥਾਂ ਨੇ ਲੋਹੇ ਦੇ ਭਾਂਡੇ ਵਿਚੋਂ ਖਾਣ ਵਾਲੇ ਨੂੰ ਵਿਸ਼ਟਾ ਖਾਣ ਦੇ ਤੁਲ ਕਰਾਰ ਦਿੱਤਾ ਅਤੇ ਲੋਹੇ ਦੇ ਬਰਤਨ ਵਿਚੋਂ ਕਿਸੇ ਨੂੰ ਦੇਣ ਵਾਲੇ ਨੂੰ ਨਰਕਭਾਗੀ ਕਿਹਾ। ਉੱਥੇ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਿਤਨੀ ਦ੍ਰਿੜ੍ਹਤਾ ਨਾਲ ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥ ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ ॥1॥" (ਮ:5 1002) ਦੇ ਗੁਰਵਾਕ ਅਨੁਸਾਰ ਭਰਮ ਦੇ ਗੜ੍ਹ ਨੂੰ ਚੂਰ ਚੂਰ ਕਰਦਿਆਂ ਨਿਜ ਕਰ ਕਮਲਾਂ ਨਾਲ ਸਭ ਤੋਂ ਕੀਮਤੀ ਅਤੇ ਜਨਮ-ਮਰਨ ਦੂਰ ਕਰਨ ਵਾਲੀ ਵਸਤੂ ਅੰਮ੍ਰਿਤ ਦੀ ਦਾਤ ਸਰਬਲੋਹ ਦੇ ਭਾਂਡੇ ਵਿਚ, ਸਰਬਲੋਹ ਦੇ ਖੰਡੇ ਨਾਲ ਤਿਆਰ ਕਰ ਕੇ ਬਖਸ਼ਿਸ਼ ਕੀਤੀ।

ਇਸ ਤਰ੍ਹਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਰਬਲੋਹ ਦਾ ਖੰਡਾ ਖੜਕਾਇਆ, ਸਰਬਲੋਹ ਦੇ ਬਾਟੇ ਵਿਚ ਅੰਮ੍ਰਿਤ ਦੀ ਦਾਤ ਬਖਸ਼ ਕੇ, ਲੋਹੇ ਦੇ ਆਭੂਸ਼ਣ ਪਵਾ ਕੇ ਅਤੇ ਲੋਹੇ ਦੇ ਸ਼ਸਤ੍ਰਾਂ ਨੂੰ ਨਮਸਕਾਰ ਕਰ ਕੇ ਇਸ ਨੂੰ ਅਤਿ ਪਵਿਤ੍ਰਤਾ ਪ੍ਰਦਾਨ ਕਰ ਦਿੱਤੀ। ਇਸ ਰਾਹੀਂ ਸਤਿਗੁਰੂ ਜੀ ਨੇ ਖਾਲਸੇ ਨੂੰ ਨਿਆਰਾਪਨ ਬਖਸ਼ਿਆ ਅਤੇ ਭਰਮ ਗੜ੍ਹ ਤੋੜਿਆ।

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ ਤੋੜਿਆ॥"

(ਮ:5 522)

ਜਿਸ ਨੇ ਲੋਹੇ ਦੇ ਆਭੂਸ਼ਣ ਪਹਿਨ ਲਏ, ਜਿਸ ਨੇ ਲੋਹੇ ਦੇ ਬਾਟੇ ਨੂੰ ਮੂੰਹ ਲਾ ਲਿਆ ਉਹ ਤਾਂ ਬਿਪ੍ਰਨ ਕੀ ਰੀਤ ਤੋਂ ਆਪਣੇ ਆਪ ਹੀ ਬਾਹਰ ਹੋ ਗਿਆ। ਕਿਤਨਾ ਨਿਵੇਕਲਾ ਅਤੇ ਅਮਲੀ ਰੂਪ ਸੀ ਗੁਰੂ ਸਾਹਿਬ ਦਾ ਨਿਆਰਾਪਨ ਬਖਸ਼ਣ ਦਾ।

ਪੰਜਾਂ ਕਕਾਰਾਂ ਵਿਚ ਇਕ ਕਕਾਰ ਹੈ ਸਰਬਲੋਹ ਦਾ ਕੜਾ, ਰਹਿਤ ਮਰਯਾਦਾ ਵਿਚ ਇਸ ਬਾਰੇ ਵੀ ਫੁੱਟ ਨੋਟ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਕੜਾ ਸਰਬ-ਲੋਹ ਦਾ ਹੋਵੇ । ਸੋਨੇ ਦੇ ਜ਼ੇਵਰ ਭਾਵੇਂ ਪਾ ਲਓ ਪਰ ਇਹ ਕਕਾਰ ਨਹੀਂ ਅਖਵਾ ਸਕਦੇ। ਕੜਾ ਲੋਹੇ ਦਾ ਹੀ ਪ੍ਰਵਾਨ ਹੈ। ਸਰਬ-ਲੋਹ ਦੇ ਕੜੇ ਦੀ ਚੋਣ ਦੇ ਪਿੱਛੇ ਬਹੁਤ ਵੱਡਾ ਕਾਰਨ ਸੀ।

ਜਾਤ ਵਰਣ ਵੰਡ ਵਿਚ ਅੰਕਤ ਨੀਵੀਂ ਜਾਤ ਵਾਲਿਆਂ ਬਾਰੇ ਧਰਮ ਸ਼ਾਸਤ੍ਰ ਮਨੂ ਸਿਮਰਤੀ ਦੇ ਅਧਿਆਇ 10 ਸ਼ਲੋਕ 12 ਵਿਚ ਅੰਕਤ ਹੈ,

वासाति मृतचैलानि भिन्नभाण्डेषु भोजनम्।
कार्ष्णायसमलंकार: परिबज्या च नित्यत: ।। 52 ।।

ਵਾਸਾਸਿ ਮ੍ਰਿਤਚੈਲਾਨਿ ਭਿੰਨ ਭਾਂਡੇਸ਼ ਭੋਜਨਮ
ਕਾਰਣਾਯਸਮਲੰਕਾਰਃ ਪਰਿਵਰਜਯਾ ਚ ਨਿਤਯਤਃ ॥52॥

[ਇਹ ਮੁਰਦਿਆਂ ਦੇ ਉਤਰੇ ਕਪੜੇ ਪਾਉਣ। ਇਹ ਮਿੱਟੀ ਦੇ ਪੁਰਾਣੇ ਭਾਂਡਿਆਂ ਵਿਚ ਭੋਜਨ ਕਰਨ। ਇਹ ਲੋਹੇ ਦੇ ਗਹਿਣੇ ਪਾਉਣ।ਅਤੇ ਇਕ ਥਾਂ ਤੋਂ ਦੂਜੀ ਥਾਂ ਭ੍ਰਮਣ ਕਰਦੇ ਰਹਿਣ।]

ਸਮਾਜ ਨੇ ਜਿੱਥੇ ਇਹਨਾਂ ਅਖੌਤੀ ਨੀਵੀਆਂ ਜਾਤੀਆਂ ਨੂੰ ਕੇਵਲ ਲੋਹੇ ਦੇ ਆਭੂਸ਼ਣ ਪਾਉਣ ਦੀ ਇਜਾਜ਼ਤ ਦਿੱਤੀ ਸੀ ਉੱਥੇ ਸਾਹਿਬ-ਏ-ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਲੋਹੇ ਦਾ ਕੜਾ ਬਖਸ਼ ਕੇ ਕਿਤਨਾ ਵੱਡਾ ਇਨਕਲਾਬੀ ਸੰਦੇਸ਼ ਦਿੱਤਾ। ਲੋਹੇ ਦੇ ਕੜੇ ਨਾਲ ਸ਼ਿੰਗਾਰਿਆ ਸਿੱਖ ਦਾ ਗੁੱਟ ਹਰ ਸਮੇਂ ਉਸ ਚੋਜੀ ਪ੍ਰੀਤਮ ਦੀ ਯਾਦ ਦਿਵਾਉਂਦਾ ਹੈ। ਇਹ ਭਰਮ ਵਹਿਮ, ਕਰਮ ਕਾਂਡ ਤੋਂ ਆਜ਼ਾਦੀ ਦੀਆਂ ਹਥਕੜੀਆਂ ਹਨ,

ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥
ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ ॥

(ਮਾਰੂ ਰਵਿਦਾਸ ਜੀ, ਅੰਗ 1106)

ਰਹਿਤਨਾਮਾ ਭਾਈ ਦਯਾ ਸਿੰਘ ਜੀ ਵੀ ਸਰਬਲੋਹ ਪਹਿਨਣ ਦੀ ਗਵਾਹੀ ਦਿੰਦੇ ਹਨ,

ਸੋ ਅਕਾਲੀ ਰੂਪ ਹੈ,
ਨੀਲ ਬਸਤ੍ਰ ਪਹਿਰਾਇ
ਜਪੇ ਜਾਪੁ ਗੁਰਬਰ ਅਕਾਲ,
ਸਰਬਲੋਹ ਪਹਿਰਾਇ।1।.....
ਕੱਛ ਸ੍ਵੇਤ ਔ ਨੀਲ ਪਟ, ਜਪੁ ਅਰੁ ਜਾਪੁ ਉਚਾਰ
ਸ੍ਰੀ ਅਕਾਲ ਉਸਤਤਿ ਕਰੈ, ਚੰਡੀ ਕੰਠ ਸੁਧਾਰਿ।

(ਪੰਨਾ 18)

ਸਰਬਲੋਹ ਦੀ ਸਾਰਥਕਤਾ ਅਤੇ ਵਰਤੋਂ ਬਾਰੇ ਬਹੁਤ ਸੁੰਦਰ ਹਵਾਲਾ ਪ੍ਰਸੰਗ ਬਾਬਾ ਗੁਰਬਖਸ਼ ਸਿੰਘ ਦਾ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਦਰਜ ਹੈ,

ਸਵਾ ਪਹਿਰ ਨਿਸ ਕਰੈ ਸਨਾਨ।
ਬਾਣੀ ਪੜ੍ਹੇ ਖੜ ਪੱਗ ਬਧਾਨ।
ਸਰਬ ਲੋਹ ਗਲ ਮਾਲਾ ਪਾਵੈ।
ਕੰਗਣ ਸਿਮਰਨ ਲੋਹ ਸੁਹਾਵੈ।
ਲੋਹ ਚਕ੍ਰ ਲੋਹ ਤੋੜੇ ਧਾਰੇ।
ਸਰਬ ਲੋਹ ਕੀ ਰਖਯ ਉਚਾਰੈ।।4।।
ਦਸਤ ਦਸਤਾਨੈ ਲਕ ਸੋਟਨ ਸਿਉਂ ਹੇਤ।
ਸਵਾ ਗਜ ਕੁ ਕਛ ਪਹਿਰੈ ਸੇਤ।
ਸੰਜੋਇ ਲੋਹ ਕੀ ਪਹਰ ਸੁ ਅੰਗ।
ਇਮ ਲਾਇ ਦਿਵਾਨ ਨਿਤ ਬਹੈ ਨਿਹੰਗ।।5।।

ਕਲਗੀਧਰ ਪਿਤਾ ਦੀ ਪਾਵਨ ਬਖਸ਼ਿਸ਼ ਸ੍ਰੀ ਸਰਬ ਲੋਹ ਸਾਹਿਬ ਜੀ ਪੰਥ ਦਾ ਸਦਾ ਸਹਾਈ ਹੋਵੇ।

editor@santsipahi.org
www.santsipahi.org; www.patshahi10.org

## ਦਿਲ ਮੈਂਡਾ

### ਆਵਾਜ਼-ਏ-ਖ਼ਲਕ

ਗੁਰਚਰਨ ਸਿੰਘ ਲਾਂਬਾ

ਦਿਲਬਰ ਮੈਂਡੇ ਦਿਲ ਹਿਕ ਦਿੱਤਾ, ਨਿਰਾ ਟਟਿਹਰੀ ਜਿੰਨ੍ਹਾ।
ਲਿਸ਼ ਲਿਸ਼ ਝਮਕਣ ਝਿਮ-ਝਿਮ ਕਰਦੇ ਰੰਗ ਬਰੰਗੇ ਸੋਹਣੇ ਮੰਜ਼ਰ,
ਅਣਗਿਣਤ ਨਜ਼ਾਰੇ ਕੀਤੇ ਸਾਹਵੇਂ ਦਿਲ ਕਿਵੇਂ ਮੈਂ ਬੰਨ੍ਹਾਂ।
ਸ਼ੋਰ ਸ਼ਰਾਬਾ ਪਾ ਕੇ ਆਪੇ ਚਰਾਵੇਂ ਧਿਆਨ ਨਾ ਟਪੇ ਬਨਾਂ।
ਗੁੜ ਗੁੜ ਕਰਦਾ ਦਿਲ ਹੈ ਮੇਰਾ, ਨਹੀਓਂ ਘੁੰਨਾ ਮੁੰਨਾ।
ਫਿਰ ਕਿਉਂ ਇਹ ਗਿਲਾ ਕਰੇਂ, ਤੂੰ ਤੈਨੂੰ ਚੇਤੇ ਕਿਉਂ ਨਹੀਂ ਕਰਨਾ।
ਰੋਗ ਅਵੱਲੜਾ ਪੁੱਛੇਂ, ਹਾਲ ਇਹ ਕੀਕੁਣ ਹੋਇਆ ਮੇਰਾ,
ਕੱਸ ਕੇ ਇੰਦ੍ਰੇ ਸਾਰੇ ਮੇਰੇ, ਆਪਣੇ ਵਲ ਤੂੰ ਮੋੜ ਮੁਹਾਰਾਂ
ਦਿਲ ਦੀਆਂ ਤਾਰਾਂ ਜੋੜ ਤੇਰੇ ਨਾਲ, ਗਿਲਾ ਮੈਂ ਤੇਰਾ ਲਾਹਵਾਂ।

# ਸੱਥ ਵਿੱਚ ਠਠੇਰਿਆਂ ਦਾ ਆਉਣਾ



**ਜੈਲਦਾਰ ਸਿੰਘ ਹਸਮੁੱਖ**

1. ਸੱਥ ਵਿੱਚ ਠਠੇਰੇ ਆਉਂਦੇ ਸੀ, ਕਈ ਭਾਂਡੇ ਕਲੀ ਕਰਾਉਂਦੇ ਸੀ,
ਪਰਾਤਾਂ ਨੂੰ ਧੌੜ ਲਵਾਉਂਦੇ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
2. ਭੱਠੀ ਲਈ ਟੋਆ ਪੁੱਟਦੇ ਸੀ, ਕੱਢ ਥੈਲਿਆਂ ਕੋਲੇ ਸੁੱਟਦੇ ਸੀ,
ਦੇ ਹਵਾ ਭਬੂਕੇ ਚੁੱਕਦੇ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
3. ਇੱਕ ਭੱਠੀ ਤਾਈਂ ਤਪਾਉਂਦਾ ਸੀ, ਦੂਜਾ ਪਿੰਡ ਚੱਕਰ ਲਾਉਂਦਾ ਸੀ,
ਭਾਂਡੇ 'ਕੱਠੇ ਕਰ ਲਿਆਉਂਦਾ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
4. ਭਾਂਡੇ ਨੂੰ ਖੂਬ ਤਪਾਉਂਦੇ ਸੀ, ਧੂੜਾ ਨਸ਼ਾਦਰ ਲਾਉਂਦੇ ਸੀ,
ਬਰਤਨ ਵਿੱਚ ਕਲੀ ਲਗਾਉਂਦੇ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
5. ਲੋਗੜ* ਦੇ ਨਾਲ ਘਸਾਉਂਦੇ ਸੀ, ਚਾਂਦੀ ਵਾਂਗੂ ਚਮਕਾਉਂਦੇ ਸੀ,
ਭਾਂਡੇ ਨੂੰ ਨਵਾਂ ਬਣਾਉਂਦੇ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
6. ਬਰਤਨ ਜੋ ਪਿੱਤਲ ਤਾਂਬੇ ਨੇ, ਹੁਣ ਕਿਸੇ ਕਿਸੇ ਹੀ ਸਾਂਭੇ ਨੇ,
ਮਾਂਜਣ ਤੋਂ ਚੜ੍ਹਦੇ ਕਾਂਬੇ ਨੇ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
7. ਚੀਨੀ ਮਿੱਟੀ, ਸਟੀਲ ਦੀ ਹੋੜ੍ਹਾਂ, ਹੁਣ ਕਲੀ ਦੀਆਂ ਨਾ ਲੋੜਾਂ ਨੇ,
ਵਿਰਸੇ ਲਈ ਵੱਡੀਆਂ ਥੋੜਾਂ ਨੇ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
8. ਟੁੱਟਿਆਂ ਨੂੰ ਟਾਂਕੇ ਲਾਉਂਦੇ ਸੀ, ਕਈ ਰਿਵਟਾਂ ਝੰਡ ਕਰਾਉਂਦੇ ਸੀ,
ਦਿਨ ਕਈ ਰੌਣਕਾਂ ਲਾਉਂਦੇ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।
9. ਜਿਸ ਭਾਂਡੇ ਕਲੀ ਹੋ ਜਾਂਦੀ ਸੀ, ਉਸ ਵਿੱਚ ਨਾ ਚੀਜ਼ ਕਸਿਆਉਂਦੀ ਸੀ,
ਕਲੀ ਆਖਿਰ ਨੂੰ ਲਹਿ ਜਾਂਦੀ ਸੀ, ਸੱਜਣੋਂ ਜ਼ਮਾਨੇ ਗੁਜ਼ਰ ਗਏ,
ਮਿੱਤਰੋਂ ਜ਼ਮਾਨੇ ਬਦਲ ਗਏ।

*ਲੋਗੜ :- ਚਿਰਾਂ ਤੋਂ ਭਰੀ ਰਜਾਈ, ਤਲਾਈ ਜਾਂ ਸਿਰ੍ਹਾਣੇ, 'ਚੋਂ ਕੱਢੀ ਰੂੰ।



**ਰਾਜਦੀਪ ਤੂਰ**

ਦਿਲ ਦੇ ਦਰਦਾਂ ਦੀ ਜਦ ਮੈਂ ਸੁਣਾਈ ਕਥਾ
ਬੋਲ ਕਰਕੇ ਅਜੇਹਾ ਅਸਰ ਜਾਣਗੇ
ਵਕਤ ਰੁਕ ਜਾਏਗਾ ਪੌਣ ਥਮ ਜਾਏਗੀ
ਚੰਦ ਸੂਰਜ ਸਿਤਾਰੇ ਠਹਿਰ ਜਾਣਗੇ ।

ਹਾਲ ਦਿਲ ਦਾ ਸੁਣਾਵਾਂ ਸੁਣਾਵਾਂ ਕਿਵੇਂ
ਜ਼ਖਮ ਆਪਣੇ ਵਿਖਾਵਾਂ ਵਿਖਾਵਾਂ ਕਿਵੇਂ
ਦੁੱਖ ਭਾਰੇ ਬੜੇ ਦੱਸ ਦੇ ਤੂੰ ਕਿਵੇਂ
ਕੁਝ ਕੁ ਸ਼ਬਦਾਂ 'ਚ ਕੀਤੇ ਨਸ਼ਰ ਜਾਣਗੇ ।

ਜੋ ਸੁਰਾਂ ਵਾਂਗ ਧੜਕਣ 'ਚ ਸ਼ਾਮਿਲ ਰਹੇ
ਬਣਕੇ ਸੰਗੀਤ ਜੀਵਨ 'ਚ ਘੁਲਦੇ ਰਹੇ
ਜ਼ਿੰਦਗੀ ਹੈ ਗੁਜ਼ਾਰੀ ਜਿੰਨ੍ਹਾ ਆਸਰੇ
ਕਿੰਝ ਯਾਦਾਂ 'ਚੋਂ ਉਹ ਪਲ ਵਿਸਰ ਜਾਣਗੇ ।

ਕੰਕਰੀਟਾਂ ਦੇ ਜੰਗਲ ਜੋ ਉਗਦੇ ਰਹੇ
ਬਿਰਖ ਐਦਾਂ ਹੀ ਧਰਤੀ ਤੋਂ ਘਟਦੇ ਰਹੇ
ਆਲ੍ਹਣੇ ਇਸ ਤਰ੍ਹਾਂ ਹੀ ਬਿਖਰਦੇ ਰਹੇ
ਇਹ ਪਰਿੰਦੇ ਵਿਚਾਰੇ ਕਿਧਰ ਜਾਣਗੇ ।

"ਤੂਰ" ਮਨ ਦੇ ਹਮੇਸ਼ਾ ਰਹੀਂ ਰੂ- ਬ-ਰੂ
ਮਨ ਦੀ ਕੋਇਲ ਦੀ ਸੁਣਦਾ ਰਹੀਂ ਕੂ- ਹ- ਕੂ
"ਤੂਰ" ਸ਼ਬਦਾਂ 'ਚੋਂ ਦਿਸਦਾ ਰਹੀਂ ਹੂ- ਬ- ਹੂ
ਸ਼ਬਦ ਤੋਂ ਬਿਨ ਤਾਂ ਅਹਿਸਾਸ ਮਰ ਜਾਣਗੇ ।

ਦੀਪ ਸ਼ਬਦਾਂ ਦੇ ਸਫ਼ਿਆਂ 'ਤੇ ਰੱਖ ਬਾਲ ਕੇ
" ਤੂਰ " ਪਰਬਤ ਦੀ ਲਿਸ਼ਕੋਰ ਦੇ ਨਾਲ ਦੇ
ਸਾਂਭ ਲੈ ਸਾਂਭ ਹੁੰਦੇ ਜੋ ਤੈਥੋਂ ਹੁਣੇ
ਫਿਰ ਖਿਆਲਾਂ 'ਚੋਂ ਮੋਤੀ ਬਿਖਰ ਜਾਣਗੇ।

(ਮੋ. 97803-00247)



# ਪੈੜ ਜਗੀਰੋ ਦੀ

**ਸੰਤ ਸਿੰਘ ਸੰਧੂ**

ਜਵਾਲਾ ਗੁਟਾ – ਦੁੱਧ ਦੀ ਦਾਨਣ ਦਾ, ਜੱਸ ਗਿੱਧਿਆਂ ਵਿਚ ਗਾਈਏ।
ਸੁਸ਼ੀਲਾ ਕਾਰਕੀ – ਤੂੰ ਚਾਂਦੀ ਦਾ ਤਵੀਤ ਕਾਹਤੋਂ ਪਾਇਆ, ਮੁੰਡਿਆਂ ਦੇ ਦਿਲ ਹਿੱਲ ਗਏ।
ਸ਼ਿਲਪਾ ਸ਼ੈਟੀ – ਭਰ ਭਰ ਵੰਡ ਮੁੱਠੀਆਂ, ਗੋਰੇ ਰੰਗ ਨੇ ਸਦਾ ਨਹੀਂ ਰਹਿਣਾ।
ਸੁਖਦੀਪ ਬਿਰਧਨੋ – ਪੱਕਾ ਘਰ ਟੋਲੀ ਬਾਬਲਾ, ਕਿਤੇ ਲਿਪਣੇ ਨਾ ਪੈਣ ਬਨੇਰੇ।
ਰਨੌਤ ਕੰਗਣਾ – ਤੇਰੀ ਗੁੱਤ ਨਾਲੋਂ ਦੂਣ ਸਵਾਏ, ਨੀ ਸਿੱਟੇ ਸਾਡੇ ਬਾਜਰੇ ਦੇ।
ਟ੍ਰੰਪ – ਤੇਰੀ ਰਨ ਦਾ ਨਹੀਂ ਭਰਨਾ ਪਾਣੀ, ਤੇਰੀ ਨਹੀਂ ਮੁਥਾਜ ਝੱਲਣੀ।
ਟੈਰਿਫ – ਮੂਰਾ ਕੋਲ ਸੀ ਖੜਾ, ਜਦੋਂ ਜੇਠ ਨੇ ਕੁਟੀ।
ਇਮਰਾਨ ਖ਼ਾਨ – ਐਵੇਂ ਦੋ ਕਲਬੂਤ ਬਣਾਏ ਤੇਰੀ ਮੇਰੀ ਇਕ ਜਿੰਦੜੀ।
ਪੁਤਿਨ – ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ, ਐਡਾ ਮੇਰਾ ਕਿਹੜਾ ਦਰਦੀ।
ਅਡਾਨੀ – ਤੀਲੀ ਤੋਂ ਬਣ ਗਿਆ ਲੌਂਗ, ਲੌਂਗ ਤੋਂ ਬਣ ਗਿਆ ਕੋਕਾ।
ਸੁਖਬੀਰ ਬਾਦਲ – ਹੁਣ ਉਥੇ ਜਾ ਇਸ਼ਨਾਨ ਕਰੋ, ਜਿਥੇ ਪਿੰਗਲਾ ਰਾਜ਼ੀ ਹੋਇਆ ਸੀ।
ਲਿਓਨ ਮੈਸੀ – ਕੁਰਸੀ ਮੇਰੇ ਵੀਰ ਦੇ, ਠਾਣੇਦਾਰ ਨਹੀਂ ਬਰਾਬਰ ਡਾਹੁੰਦੇ।
ਭਾਜਪਾ – ਮੇਰਾ ਨਰਮ ਕਾਲਜੇ ਲੜ ਗਏ, ਲੱਡੂ ਖਾ ਲਏ ਤੇਰੇ ਤੇਲ ਦੇ।
ਯੂਕ੍ਰੇਨ ਜੰਗ – ਨਿੰਬੂਆਂ ਨੂੰ ਵਾੜ ਕਰਦੇ, ਮੈਨੂੰ ਸਾਹਬ ਛੁੱਟੀਆਂ ਨਾ ਦੇਵੇ।
ਕ੍ਰਿਸਾਨੀ – ਅਸੀਂ ਬਾਜਰੇ ਤੋਂ ਘੱਗਰਾ ਸਵਾਉਣਾ, ਸਿੱਟੇ ਨਾ ਉਜਾੜੋ ਤੋਤਿਓ।
ਚੰਡੀਗੜ੍ਹ – ਟੁਟ ਪੈਣੇ ਦਰਜੀ ਨੇ, ਮੇਰੀ ਰੱਖ ਲਈ ਸੁਥਣ 'ਚੋਂ ਟਾਕੀ।
ਕੇਂਦਰੀ ਸਹਾਇਤਾ – ਮਿਤਰਾਂ ਦੀ ਲੂਣ ਦੀ ਡਲੀ, ਨੀ ਤੂੰ ਮਿਸਰੀ ਬਰੋਬਰ ਜਾਣੀ।
ਅੱਗ ਪਰਾਲੀ – ਇਕ ਜੱਟ ਨੇ ਖੇਤ ਨੂੰ ਅੱਗ ਲਾਈ, ਹੁਣ ਆਣ ਕੇ ਕੌਣ ਬੁਝਾਂਵਦਾ ਈ।
ਚੀਨ – ਕਦੇ ਕਾਗ ਹੰਸ ਨਹੀਂ ਹੁੰਦੇ, ਐਂਵੇ ਤੈਨੂੰ ਭਰਮ ਪਿਆ।
ਪਰਵਾਸੀ ਕਾਮੇ – ਤੇਰੀ ਚੁੱਕ ਨਾ ਮਸੀਤ ਲਿਜਾਣੀ, ਰਾਹੀਆਂ ਨੇ ਰਾਤ ਕੱਟਣੀ।
ਖਾਲਿਸਤਾਨ – ਸ਼ਾਹ ਮੁਹੰਮਦਾ ਸਿੰਘ ਜੇ ਜੋਰ ਕਰਦੇ, ਭਾਵੇਂ ਲੁਧਿਆਣਾ ਤਦੋਂ ਮਾਰ ਲੈਂਦੇ।
ਫਿਰਕੂ ਅਜੰਡਾ – ਨਿੰਮੀ-ਨਿੰਮੀ ਬੀਨ ਵੱਜਦੀ ਉੱਤੇ, ਸੱਪ ਮਸਤਾਨੇ ਹੋਏ।
ਹਾਰ ਹਾਕੀ – ਪੱਲੇ ਨਿਕਲੀ ਦੁਆਨੀ ਖੋਟੀ, ਲੱਡੂਆਂ ਦਾ ਭਾਅ ਪੁੱਛਦੀ।
ਸੰਤਾਲੀ – ਓਥੇ ਹਰਨਾਂ ਦੀ ਜੋੜੀ ਰੋਵੇ, ਜਿੱਥੇ ਜਿਉਣਾ ਮੌੜ ਵੱਢਿਆ।
ਹੜ੍ਹ ਤ੍ਰਾਸਦੀ – ਸਫ਼ਾਂ ਪਿਛਲੀਆਂ ਸਭ ਲਪੇਟ ਲੈਂਦਾ, ਅੱਗੇ ਹੋਰ ਤੇ ਹੋਰ ਵਿਛਾਂਵਦਾ ਈ
ਪੰਜਾਬੀ ਸਥ ਵਾਲਸਲ – ਨੇੜੇ ਹੋ ਕੇ ਦਰਸ਼ਨ ਦੇਹ ਨੀ, ਤੇਰੀ ਫੋਟੋ ਖਿਚਣੀ।

ਤਲਵੰਡੀ ਸਲੇਮ (ਜਲੰਧਰ)
97794-79169


Logical Logic
Surinder Singh Sunner


THE DIAMOND DECEPTION
SHABAD SANGHA


ਸ਼ਾਹੀਨ ਬਾਗ਼


कविता हमारा क्षितिज
माला अग्रवाल माधवी

| Apni Aawaaz | Volume 4 | Issue 3 | October 2025 | RNI : PUNPUN/2022/82997 |
|---|---|---|---|---|













Printer, Publisher & Owner Surinder Singh Sunner. Printed at Appu Art Press, Shahkot (Jalandhar) Punjab-144702 and Published at 693, G.T.B. Nagar, Jalandhar Punjab-144001
Editor - Dr. Ram Murti
*Publication Date : 18/10/2025*

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਪੰਜਾਬ -1447002 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।
ਸੰਪਾਦਕ - ਡਾ. ਰਾਮ ਮੂਰਤੀ
ਪ੍ਰਕਾਸ਼ਕ ਮਿਤੀ : 18/10/2025